

# ਪਿੰਡ ਤੋਂ ਬ੍ਰਹਿਮੰਡ

ਗੁਰਮੀਤ ਸਿੰਘ ਸਿੱਧੂ

ਪਿੰਡ ਤੋਂ ਬ੍ਰਹਿਮੰਡ
(ਗ਼ਜ਼ਲ-ਸੰਗ੍ਰਹਿ)
ਗੁਰਮੀਤ ਸਿੰਘ ਸਿੱਧੂ

# ਪਿੰਡ ਤੋਂ ਬ੍ਰਹਿਮੰਡ

# ਪਿੰਡ ਤੋਂ ਬ੍ਰਹਿਮੰਡ

(ਗ਼ਜ਼ਲ-ਸੰਗ੍ਰਹਿ)

ਗੁਰਮੀਤ ਸਿੰਘ ਸਿੱਧੂ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

# *Pind Ton Brahmand*

*Ghazals by*

**Gurmeet Singh Sidhu ©**
Surrey, BC, Canada
Mobile:1-604-346-5652
E-mail : sidhu.gurmeet@outlook.com

*ਸਰਵਰਕ*– ਜਰਨੈਲ ਸਿੰਘ ਚਿਤਰਕਾਰ
ਅਤੇ ਮਨਵੀਰ ਸਿੰਘ ਸਿੱਧੂ

**ISBN : 978-81-19901-54-8**
**Rs. 350/-**
**2024**
*Printed and Bound In India*

Published by
A Group of
**Chetna Parkashan**
PUNJABI BHAWAN, LUDHIANA - 141001 (Pb.) INDIA
KOTKAPURA | CANADA | USA
**Gulati Publishers Ltd**
# 111, 8312-128 Street Surrey B.C. - V3W4G2
CANADA Ph : +1 604-750-0189
Ph. 0161-2413613, 2404928, (M) 98152-98459, 98762-07774
Ph.: 95011-45039
Website: www.chetnaparkashan.com
E-mail: chetnaparkashan@gmail.com, gulatipublishersltd@gmail.com
Printer : R.K. Offset, Delhi

All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

follow us on : www.facebook.com/ChetnaParkashan
**Follow us on : Instagram / Chetna_Parkashan**

## ਸਮਰਪਣ

ਇਹ ਪੁਸਤਕ,
ਪਿੰਡ ਤੋਂ ਬ੍ਰਹਿਮੰਡ ਤੱਕ ਜਲਵਾਗਰ ਉਨ੍ਹਾਂ ਤਮਾਮ ਰੂਹਾਂ ਨੂੰ
ਸਮਰਪਿਤ ਹੈ,
ਜਿਨ੍ਹਾਂ ਨੇ ਮੇਰੇ ਅੰਗ–ਸੰਗ ਸਹਾਈ ਹੋ ਕੇ,
ਅਹਿਸਾਸਾਂ ਨੂੰ ਸ਼ਬਦਾਂ ਵਿੱਚ ਪਰੋਣ ਦੀ ਕਲਾ ਸਿਖਾਈ ਹੈ।

## ਤਤਕਰਾ


ਸੰਵੇਦਨਾ ਤੋਂ ਸੁਖ਼ਨ ਦਾ ਸਫ਼ਰ — *-ਕ੍ਰਿਸ਼ਨ ਭਨੋਟ* — 11
ਸੂਤਰਧਾਰ — *-ਕਵਿੰਦਰ ਚਾਂਦ* — 18
ਸਾਧਨਾ 'ਚੋਂ ਉਪਜੀ ਸ਼ਾਇਰੀ — *-ਰਾਜਵੰਤ ਰਾਜ* — 20
ਮੈਂ ਅਤੇ ਮੇਰੀ ਗ਼ਜ਼ਲ — *-ਗੁਰਮੀਤ ਸਿੰਘ ਸਿੱਧੂ* — 24

--------------------------------------------

ਜਪੁਜੀ, ਜਾਪੁ, ਸਵੱਈਏ, ਸੋਹਿਲੇ, ਸੁਖਮਣੀਆਂ....................... 29
ਮੌਤ ਨੂੰ ਆ ਜ਼ਿੰਦਗੀ ਦੀ ਪਿਓਂਦ ਚੜ੍ਹਦੀ ਦੇਖੀਏ..................... 31
ਵਿਛੋੜਾ ਪੈ ਗਿਆ ਤਾਂ ਰੋਸ ਕਾਹਦਾ.................................... 32
ਗ਼ਜ਼ਲਾਂ ਦੀ ਊਸ਼ਮਾ ਦੀ ਦਿਲ 'ਤੇ ਟਕੋਰ ਹੋਵੇ ......................... 34
ਔਸ਼ਧੀ, ਵਿਹੁ ਜਾਂ ਸ਼ਰਾਬ ਕੁਝ ਤਾਂ ਚਾਹੀਦਾ ਜ਼ਰੂਰ .................. 35
ਚੁਪ-ਚੁਪੀਤੇ ਆ ਕੇ ਜੋ ਦਿਲ ਵਿੱਚ ਸਮਾਇਆ ਕੌਣ ਹੈ? ......... 36
ਕਿਤਾਬਾਂ 'ਚ ਅੱਖਰ ਕਰਨ ਦੀਪਮਾਲ਼ਾ .................................. 37
ਗ਼ੈਰਹਾਜ਼ਰ ਦੁਸ਼ਮਣਾਂ ਦੇ ਡਰ ਨੇ ਸਾਨੂੰ ਮਾਰਿਆ ....................... 38
ਤੇਰਾ ਸਾਥ ਮਿਲੇ ਤਾਂ ਅਜਬ ਕਹਾਣੀ ਲਿਖ ਦੇਵਾਂ ..................... 39
ਉਸ ਤਰ੍ਹਾਂ ਜਾਂ ਇਸ ਤਰ੍ਹਾਂ, ਮੈਂ ਕੀ ਕਰਾਂ, ਕੀ ਨਾ ਕਰਾਂ .............. 40
ਕਦੀ ਵੀ ਯਾਦ ਨਈਂ ਮਿਟਦੀ ਇਹ ਦਬਦੀ ਜਾਂ ਉਭਰਦੀ ਹੈ ......... 41
ਖੁਦਾਇਆ ਇਹ ਮਾਲੀ ਨੂੰ ਕੀ ਰੋਗ ਹੋਇਆ ........................... 42
ਸੁਰਤ ਘਨੇੜੇ ਚੜ੍ਹਕੇ ਜਾਊ ਦਿਸਹੱਦੇ 'ਤੋਂ ਪਾਰ ਨਜ਼ਰ .............. 44
ਮੁਖੌਟਾ ਲਾਹ ਦੇ, ਜੇ ਹੋਣੈ ਮੇਰੇ ਸਤਿਕਾਰ ਦਾ ਪਾਤਰ ................ 46
ਕਲਮ ਵਿੱਚ ਹਰਫ਼ ਦੀ ਰੂਹ ਹੈ ਰੁਮਕਦੀ! ਲਿਖ.......................... 48
ਮਿਲਣ ਆਉਂਦੇ ਨੇ ਅਕਸਰ ਹੀ ਉਹ ਮੈਨੂੰ ਰੁੱਖ ਸਮਝਦੇ ਨੇ ............ 50
ਸੱਚ, ਸੁਹੱਪਣ, ਸ਼ਿਵ ਤਿੰਨਾਂ ਲਈ ਇੱਕ ਸ਼ਬਦ ਹੈ ਕੀ? ............. 51
ਕਿਤੇ ਸੂਹਾ ਕਿਤੇ ਕਾਲਾ ਜਾਂ ਪੱਥਰ ਮਰਮਰੀ ਹੋਵੇ ..................... 52
ਸਮੇਂ ਦੀ ਧੂੜ ਨੇ ਦਿਲ ਦਾ ਇਵੇਂ ਹੈ ਢਕ ਲਿਆ ਸ਼ੀਸ਼ਾ ............. 54
ਸਭ ਆਪ ਦੀ ਬਦੌਲਤ ਜੋ ਵੀ ਜਨਾਬ ਹਾਂ ਮੈਂ ......................... 56
ਜੀਣ ਜੋਗੀ ਆਪਣੀ ਫਿਰ ਤੋਂ ਬਣਾਵਾਂ ਜ਼ਿੰਦਗੀ ..................... 58
ਤਨ ਦਾ ਚਰਖਾ ਦਮ ਦੀ ਪੂਣੀ ਕਰਦੀ ਜੋਟੇ ਜਿੰਦੂ ................... 60
ਸ਼ਬਦ ਉਸਦੇ ਇਹ ਸਿਲਸਲਾ ਉਸਦਾ ................................ 62
ਜੀਭੀ ਕਲਮ ਦੀ ਉੱਪਰ ਇੱਕ ਸ਼ਬਦ ਬਾਣ ਮਚਲੇ .................. 64
ਬੰਨ੍ਹੀ ਅੱਖਾਂ ਉੱਤੇ ਪੱਟੀ, ਸਾਡੀ ਦੇਖੇ ਨਾ ਤਬਾਹੀ ................... 65
ਬਿਨਾਂ ਪਿਆਰ ਰਿਸ਼ਤਾ ਨਿਭਾਉਣਾ ਵੀ ਕੀ ਹੈ ....................... 66
ਜੀਵਨ-ਮਿਰਤੂ, ਉਚ-ਨੀਚ ਸਭ ਰਹਿ ਤੂੰ ਲਿਖਦਾ ਕਵੀਆ ....... 67
ਏਹ ਸ਼ੂਕਦਾ ਸੰਨਾਟਾ ਰਸਤੇ ਦਾ ਸ਼ੋਰ ਹੋਇਆ ........................ 68
ਮੌਸਮ ਬਹਾਰ ਪੁੱਛੇ ਕਿਉਂ ਯਾਰ ਗ਼ੈਰਹਾਜ਼ਰ ............................. 70
ਜ਼ਿੰਦਗੀ ਕੁੱਝ ਹੋਰ ਨਹੀਂ ਇੱਕ ਖ਼ੂਬਸੂਰਤ ਹਾਦਸਾ .................... 72
ਖਲਾਅ ਵਿੱਚ ਭਟਕਦੇ ਹਰਫਾਂ ਨੂੰ ਚੰਨ ਵਰਗਾ ਸਫਾ ਦੇਵਾਂ ......... 74
ਮਨ ਦੇ ਕੋਰੇ ਕਾਗਜ ਉੱਪਰ ਮਟਕਦੀਆਂ ਕਵਿਤਾਵਾਂ ............... 75
ਦੌਰ ਵਿਸ਼ਵੀਕਰਨ ਦਾ ਹਰ ਤਰਫ ਹੀ ਬਾਜ਼ਾਰ ਹੈ ...................... 76
ਹੋ ਗਈ ਨਜ਼ਰੇ ਕਰਮ ਦੇਖਦੇ ਦੇਖਦੇ ...................................... 77
ਕਾਵਿ ਕਿਆਰੀ ਬਣ ਕੇ ਲੱਗਾ ਟਹਿਕਣ ਕਾਗਜ਼ ਕੋਰਾ .............. 78
ਚੁੱਪ ਦੇ ਵਿੱਚ ਸ਼ੋਰ ਦਾ ਅਨੁਵਾਦ ਕਰਕੇ ਦੇਖ ਲੈ .................... 79
ਉਸੇ ਪਲ ਹੀ ਉਸੇ ਥਾਂ 'ਤੇ ਖਲੋਤਾ ਕਿਉਂ ਨਾ ਮਰ ਜਾਵਾਂ ............. 80
ਸਵਾਲ ਦਾ ਸਵਾਲ ਹੀ ਜਵਾਬ ਲਾਜਵਾਬ ਹੈ ........................ 81
ਅਹਿਸਾਸ ਅਗਨ ਦੇ ਸ਼ਬਦ ਸ਼ਰਾਰੇ ਕਾਗਜ਼ ਉੱਪਰ ................... 82
ਅਕਸ ਬਾਰੇ ਅਜਨਬੀ ਹੈ ਆਰਸੀ ਦਾ ਨਜ਼ਰੀਆ ..................... 84
ਜਦੋਂ ਵੀ, ਜੋ ਵੀ ਦਿਲ ਕੀਤਾ, ਉਹ ਮੈਂ ਸੌ ਫੀਸਦੀ ਕੀਤਾ ......... 85
ਸ਼ਾਂਤ ਖਲੋਤੇ ਪਾਣੀ ਉੱਪਰ ਉੱਘੜੇ ਅਕਸ ਤਰੇੜੇ ਗਏ ............. 86
ਜਦੋਂ ਦਾ ਇਹ ਝਰਨਾ ਨਦੀ ਹੋ ਗਿਆ ਹੈ ............................ 88
ਕਾਲ਼ਖਾਂ ਵਿੱਚ ਦਫਨ, ਚਾਨਣ ਕਾਤਰਾਂ ਵਿੱਚ ਜ਼ਿੰਦਗੀ ............ 90
ਸਾਂਭ ਲਵੋ ਬ੍ਰਹਿਮੰਡ ਪਸਾਰਾ ਸਾਂਭ ਲਵੋ ............................... 92
ਇਸ਼ਕ ਤੇਰੇ ਦਾ ਮਘਦਾ ਸੂਰਜ ਸਿਰ ਚੜ੍ਹਕੇ ਆ ਸਿਖਰ ਗਿਆ ..... 94
ਜਿਦ੍ਹੇ ਲਈ ਤਲ਼ੀ ਸੀਸ ਧਰਕੇ ਲੜੇ ਹਾਂ ................................ 96
ਸ਼ਿੰਗਾਰਦੇ ਉਹ ਫੇਰ ਅੱਜ ਸ਼ਮਸ਼ਾਨ ਕਿਉਂ? ਪਤਾ ਕਰੋ! ............. 98

ਹਰ ਇੱਕ ਜੀਂਦੀ ਜਾਨ ਹੰਢਾਵੇ ਬਹੁਤੇ ਨਹੀਂ ਤਾਂ ਥੋੜ੍ਹੇ .............. 100
ਸਧਰਾਂ ਉਮੰਗ ਰੀਝਾਂ ਚਾਅ ਬੇਸ਼ੁਮਾਰ ਲੈ ਕੇ ........................... 101
ਪਿਆਰ ਦੇ ਮੌਸਮ ਬਦਲ ਰਹੇ ਨੇ ........................................ 102
ਦਿਲ, ਮੁਹੱਬਤ ਤੇ ਆਸ਼ਿਆਨੇ ਦੀ ..................................... 104
ਬਲ਼ਦੇ ਜੰਗਲ ਦੇ ਬਿਨ ਤੇਹਾਂ ਦਾ ਵਿਸ਼ਲੇਸ਼ਣ ਕੌਣ ਕਰੇ ............ 106
ਅਹਿਸਾਸ ਦੇ ਗਰਭ ’ਚੋਂ ਜੰਮਦੇ ਖਿਆਲ ਕੀ ਕੀ? .................. 107
ਸ਼ੋਖ, ਚੰਚਲ, ਚੁਲਬੁਲਾ ਇੱਕ ਰੰਗ ਦੇਵੀਂ ............................. 108
ਸੱਚ ਕਹਾਂ ਤਾਂ ਰਿਸ਼ਤੇ ਤਿੜਕਣ ਕੂੜੋਂ ਦਿਲ ਇਨਕਾਰੀ ਹੈ .......... 109
ਅਸਾਨੂੰ ਕੀ ਪਤਾ ਕੀ ਹੈ ਲੁਕੋਇਆ ਪਰਦਿਆਂ ਉਹਲੇ ................ 110
ਇਹ ਬਾਗੀਂ ਖਮੋਸ਼ੀ ਉਦਾਸੀ ਦਿਸੇ ਕਿਉਂ? ............................ 112
ਜੋ ਗੱਲ ਪਾਉਂਦੀ ਹਓਮੈ ਤਾਈਂ ਚਾਰਾ ਚੰਗੀ ਲੱਗੇ .................. 113
ਦਿਲ ਚਾਹਵੇ ਤੂੰ ਦਿਲ ਵਿੱਚ ਲਹਿ ਜਾਏਂ ਤੇਰੀ ਪਹੁੰਚ ਬਰੂਹਾਂ ਤੱਕ ਸੀ...... 114
ਜੀਵਨ ਤਾਂ ਹੈ ਜੇਕਰ ਸੀਨੇ ਹਲਚਲ ਹੈ ............................... 115
ਗੁਜਰੀ ਹਯਾਤ ਹੋ ਕੇ ਬਿਲਕੁਲ ਕਰੀਬ ਮੇਰੇ ........................... 116
ਸਾਗਰਾਂ ’ਤੇ ਮੇਘਲਾ ਜਦ ਵਰ੍ਹ ਗਿਆ ................................. 118
ਇਹ ਹੱਦਾਂ ’ਤੇ ਹਲਚਲ ਤੇ ਖਬਰਾਂ ’ਚ ਸਾਜਿਸ਼ ....................... 120
ਤਸੱਵਰ ਮੁਸੱਵਰ ਦਾ ਰੰਗਾਂ ਸਹਾਰੇ ...................................... 121
ਮੌਸਮ ਸਾਡੇ ਨਾਲ ਸਿਆਸਤ ਕਰਦੇ ਰਹੇ .............................. 122
ਯਾਰੀ ਦਾ ਸਤਿਕਾਰ ਬੜਾ ਹੈ ............................................. 123
ਫੇਰ ਦੁਬਾਰਾ ਸੀਨੇ ਹੋਈ ਹਰਕਤ ਹੁਣੇ-ਹੁਣੇ .......................... 124
ਖਿਆਲਾਂ ਤੇ ਖ਼ੁਆਬਾਂ ਵਿੱਚ ਗ਼ਜ਼ਲ ਇੱਕ ਤੜਫਦੀ ਰਹਿੰਦੀ ........ 126
ਜ਼ਿੰਦਗੀ ਦਾ ਸਿਰਫ ਇੱਕੋ ਇੱਕ ਹੈ ਹਾਸਲ ਮੇਰਾ ..................... 127
ਜ਼ਿੰਦਗੀ ’ਚੋਂ ਜ਼ਿੰਦਗੀ ਹੈ ਲਾਪਤਾ ....................................... 128
ਮੁਸਕਰਾ ਲੈਂਦਾ ਹੈ ਉਹ ਤਸਵੀਰ ਵਿੱਚ ................................ 130
ਮਾਸਾ ਮਾਸਾ ਕਰਕੇ ਮੁੱਕਦੇ ਜਾਂਦੇ ਨੇ .................................. 132
ਸੰਗ-ਦਿਲਾਂ ਸੰਗ ਰਹਿ ਕੇ ਸ਼ੀਸ਼ਾ-ਦਿਲ ਪੱਥਰ ਹੋ ਜਾਣਾ ਹੈ ........ 133
ਅੱਜ ਦੇਖਣਾ ਮੈਂ ਚੜ੍ਹਦਾ ਮਾਹਤਾਬ ਹੌਲ਼ੀ ਹੌਲ਼ੀ ...................... 134
ਡਰੀ-ਡਰੀ ਹੈ ਪੌਣ ਕਿਉਂ? ਪਤਾ ਕਰੋ! ................................ 135
ਸੁਰਤ ਜਮੀਂ ਵਿੱਚ ਸ਼ਬਦ ਬਨਸਪਤ ਜਦ ਵੀ ਮੌਲਣ ਲੱਗੇ .......... 136
ਵਸਲੀ ਪਲਾਂ ਵਿੱਚ ਇਸ਼ਕ ਦਾ ਹੋ ਵਲਵਲਾ ਕਵਿਤਾ ਤੁਰੀ ........ 138
ਤੇਰੇ ਬਗੈਰ ਸੁੰਨਾ ਅੰਬਰ ਨਿਹਾਰਦਾ ਹਾਂ ................................ 140
ਜੰਗਲ, ਪਰਬਤ, ਦਰਿਆ, ਪੰਛੀ, ਝੀਲ ਅਤੇ ਇੱਕ ਝਰਨਾ ਹੈ ...... 141
ਇਹ ਸਾਹਿਤਕਾਰ ਵਿਕਿਆ ਹੈ ਤੇ ਪੱਤਰਕਾਰ ਵਿਕਿਆ ਹੈ ........ 142
ਵਿਵੇਕੀ ਸਾਣ ’ਤੇ ਲਾ ਕੇ ਲਵੋ ਸੰਭਾਲ ਸ਼ਬਦਾਂ ਨੂੰ ................. 144
ਅੱਖਰ ਧਾਗਾ, ਸ਼ਬਦ ਕਸੀਦਾ, ਸੁਰਤੀ ਕੱਢਣ ਲੱਗ ਪੈਂਦੀ .......... 146
ਜੁਗਨੂੰਆਂ ਤੇ ਦੀਵਿਆਂ ਨੇ ਰੌਸ਼ਨਾਇਆ ਰਾਤ ਨੂੰ .................... 148
ਸੁੱਕਾ ਸਰਵਰ, ਪੀਲੇ ਪੱਤਰ, ਸੁੰਨ-ਮ-ਸੁੰਨੀ ਡਾਲ ਦਿਸੇ ............ 150
ਕਰੋੜਾਂ ਜਲਕਣਾਂ ਭਰਿਆ ਅਕਾਸ਼ੀਂ ਮੇਘਲਾ ਤੁਰਦਾ .................. 152
ਬਾਹਰ ਮੇਲੇ ਰੌਣਕਾਂ ਅੰਦਰ ਸੁੰਨ-ਮਸਾਣ .............................. 154
“ਪੁਰਾਬ ਖਾਮ ਕੂਜ਼ੈ” ਵਰਗੀ ਇਹ ਜ਼ਿੰਦਗੀ .......................... 156
ਲਹੂ ਪੰਜਾਬ ਦੇ ਕੋਲੋਂ ਬਗ਼ਾਵਤ ਛੱਡ ਨਹੀਂ ਹੁੰਦੀ .................... 158
ਅਨਾਹਦ ਨਾਦ ਰੁੱਖਾਂ ਦਾ ਉਨ੍ਹਾਂ ਦੇ ਕੋਲ ਜਾ ਕੇ ਸੁਣ ............. 160
ਗੁਰੂ ਨਾਨਕ ਨੂੰ ਕਾਦਰ ਲਿਖ ਤੇਰੀ ਮਰਜ਼ੀ ਤੂੰ ਰਹਿਬਰ ਲਿਖ ........ 162
ਜ਼ੁਲਮ ਕਰਕੇ ਸੋਚ ਨਾ ਤੂੰ ਮੈਂ ਤੇਰੇ ਤੋਂ ਡਰ ਗਿਆ .................. 164
ਬੇਸ਼ਕ ਮੇਰੇ ਤੋਂ ਮਾਰੂਥਲ ਤਰ ਕਰ ਨਹੀਂ ਹੋਣਾ ......................... 166
ਕਿਰਤੀ ਸਮੇਟੇ ਦੱਸ ਕਿਵੇਂ ਭੁਰਦਾ ਜਿਸਮ ............................. 167
“ਇੱਕ ਚੁੱਪ ਸੌ ਸੁੱਖ” ਦੀ ਵੀ ਉਂਜ ਤਾਂ ਰੀਤ ਭਲੀ ਹੈ ............. 168
ਕੰਡਿਆਂ ਦੇ ਵਸਤਰਾਂ ਵਿੱਚ ਫੁੱਲ ਨਜ਼ਾਕਤ ਕਿਉਂ ਲੁਕਾਵੇ ......... 169
ਮੈਂ ਮਘਦੇ ਅਹਿਸਾਸ ਲਿਆਵਾਂ ਧਾਰ ਲੁਆ ਤੂੰ ਖੰਜਰ ਦੀ ........... 170
ਇਸ਼ਕ ਤੇਰਾ ਹੋਇਆ ਫਿਰੇ ਬੇਮੁਹਾਰਾ .................................. 171
ਮਨੁੱਖੀ ਦਿਲੋਂ ਮੋਹ ਕਣੀ ਗ਼ੈਰਹਾਜ਼ਰ .................................... 172
ਸਾਡਾ ਇਹ ਵੇਲਾ ਮਿਲਣ ਦਾ ਨਈਂ ਆਖਰੀ! ਫਿਰ ਮਿਲਾਂਗੇ ........ 174
ਜਦੋਂ ਵੀ ਮੈਂ ਤੈਨੂੰ ਸਨਮ ਦੇਖਦਾ ਹਾਂ ................................... 175
ਕਦਮ ਕਲਮ, ਸੜਕ ਸਫਾ, ਗ਼ਜ਼ਲ ਤੁਰੀ ............................ 176
ਯਾਰ ਜਦ ਬਹਿ ਆਥਣੇ, ਮਹਿਫਲ ਸਜਾਇਆ ਕਰਨਗੇ ............. 177
ਇਹ ਤੇਰਾ ਹੁਸਨ ਪਰਦੇ ਵਿੱਚ ਵੀ ਤਾਂ ਬਦਨਾਮ ਹੋਇਆ ਹੈ ....... 178

ਤੇਰੇ 'ਚੋਂ ਕਿਉ ਹਨੇਰੇ ਕਾਲ਼ ਦਾ ਚੱਕਰ ਨਹੀਂ ਜਾਂਦਾ ................ 180
ਰੇਤਲਾ ਹੈ ਬੇਸ਼ਕ ਧਰਾਤਲ ਗਿਰਾਂ ਦਾ .................................. 181
ਦੂਰ ਨਾ ਹੁਣ ਹਾਕਮਾ ਤੇਰਾ ਕਿਲਾ ਪੰਜਾਬ 'ਤੋਂ ...................... 182
ਇਰਾਦੇ ਹੋਰ ਹਾਕਮ ਦੇ ਅਦਾ ਕੁਝ ਹੋਰ ਕਹਿੰਦੀ ਹੈ .................. 184
ਭਟਕੇ ਮੁਸਾਫਰਾਂ ਨੂੰ ਰਸਤਾ ਦਿਖਾਉਣ ਆਵੀਂ ........................ 186
ਬੰਸਰੀ ਦੀ ਹੂਕ ਸੁਣਕੇ ਸ਼ਾਂਤ ਜੰਗਲ ਤੜਫਿਆ ..................... 187
ਨਾ ਕਹਿ ਤਿਰਸ਼ੂਲ ਨੂੰ ਖਤਰਾ ਤੇ ਨਾ ਕਿਰਪਾਨ ਲਈ ਖਤਰਾ ........ 188
ਸੁਹਾਣੇ ਸਫਰ ਦੀ ਸ਼ੁਰੁਆਤ ਵਾਲੇ ..................................... 189
ਸੁਰਤ ਸਮਾਈ ਸੁਖਨ-ਸੇਵ ਪਰ ਸੀਮਤ ਸ਼ਬਦ ਸਮਗਰੀ ਹੈ ........... 190
ਮਹਿਕ ਬਣਕੇ ਘੁਲ਼ ਗਏ ਸਾਹੀਂ ਉਹ ਮੇਰੇ ਦੋਸਤੋ .................... 191
ਤਾਰਿਆਂ ਨੂੰ ਚਮਕ ਬਖਸ਼ੀ ਕਾਲਖਾਂ ਦਾ ਸ਼ੁਕਰੀਆ .................... 192
ਚੁੱਪ-ਚੁਪੀਤੇ ਜਦ ਮੇਰੇ ਸਾਹੀਂ ਉਹ ਸ਼ਾਮਿਲ ਹੋ ਗਏ ................ 194
ਲਫਜ਼ਾਂ ਵਿੱਚ ਪਰੋਅ ਕੇ ਅਪਣੇ ਤੈਨੂੰ ਕੁਝ ਅਹਿਸਾਸ ਦਿਆਂ ....... 195
ਅਨੁਭਵ ਜਦੋਂ ਵੀ ਜ਼ਿੰਦਗੀ ਦਾ ਕਲਪਨਾ ਨਾਲ ਖਹਿ ਗਿਆ ...... 196
ਮੁਸਕਰਾਉਂਦੀ ਚਾਨਣੀ ਤੇ ਗਾਉਂਦੀਆਂ ਵਾਵਾਂ ਨੂੰ ਸੁਣ ............ 197
ਪੜ੍ਹ-ਪੜ੍ਹ ਭਰਿਆ ਮਨ ਦਾ ਕਾਸਾ, ਲਿਖ-ਲਿਖ ਕੀਤਾ ਖਾਲੀ ..... 198
ਹਰ ਵਿਸ਼ਾ ਇਸ ਜ਼ਿੰਦਗੀ ਵਿੱਚ ਬਹੁਤ ਮੁਸ਼ਕਲ ਸਮਝਣਾ ............ 199
ਬੀਤੇ ਕੱਲ੍ਹ ਦਾ ਅੱਜ 'ਤੇ ਸਾਇਆ ਅੱਜ ਤੋਂ ਕੱਲ੍ਹ ਪ੍ਰਭਾਵਤ ਹੋਣੈ... 200
ਰਾਜਨੀਤੀ ਦੀ ਫ਼ਿਜ਼ਾ ਇਸ ਕਦਰ ਹੈ ਗੰਧਲ ਗਈ ................... 202
ਉਹ ਮੈਨੂੰ ਮਿਲਕੇ ਮੇਰੇ ਸ਼ਹਿਰ ਵਿੱਚ ਬਦਨਾਮ ਹੋਇਆ ਹੈ ........... 203
ਉਲਫਤ ਦੀ ਰਾਹੇ ਤੁਰ ਪਏ ਅੰਜਾਮ ਦੀ ਪਰਵਾਹ ਨਹੀਂ ............. 204
ਚਾਹਤਾਂ, ਰੀਝਾਂ, ਅਧੂਰੇ ਸੁਫ਼ਨਿਆਂ ਦੇ ਹਾਦਸੇ ........................ 205
ਲਟਾ-ਲਟ ਬਲ਼ ਰਹੇ ਅੱਖਰ ਜੋ ਏਨ੍ਹਾਂ ਪੁਸਤਕਾਂ ਅੰਦਰ ............... 206
ਜੰਗਲ ਦੇ ਵਿੱਚ ਮੰਗਲ ਲੱਗੇ ਕੀ ਕਰਨੇ .............................. 207
ਅੰਦਰੋਂ ਟੁੱਟ ਨਾ ਜਾਣ ਇਹ ਮਾਪੇ ਗੰਢਦੇ-ਗੰਢਦੇ ਘਰ ਨੂੰ .......... 208
ਪੈਰੀਂ ਪੁੜਿਆ ਕੰਡਾ ਸਾਨੂੰ ਅਪਣੇ ਹੱਥੀਂ ਕੱਢਣਾ ਪੈਣਾ ............ 209
ਦਿਲ ਜਜ਼ੀਰਾ ਬਦਨ ਸਮੁੰਦਰ ਹੈ ........................................ 210
ਦੀਵਿਆਂ ਵਾਂਗ ਹੀ ਜਗਮਗਾ ਸ਼ਾਇਰਾ................................. 212
ਹਰਫ਼ਾਂ ਦਾ ਇੱਕ ਜਗਦਾ ਦੀਵਾ, ਮਨ ਮੰਦਰ ਵਿੱਚ ਧਰ ਜਾਣਾ ਹੈ.. 214
ਧਰਤੀ ਕੰਬੀ, ਅੰਬਰ ਫਟਿਆ, ਭੁੱਬਾਂ ਮਾਰਨ ਤਾਰੇ...................... 215

## ਸੰਵੇਦਨਾ ਤੋਂ ਸੁਖ਼ਨ ਦਾ ਸਫ਼ਰ

ਗੁਰਮੀਤ ਸਿੰਘ ਸਿੱਧੂ ਦਾ ਕਾਵਿਕ-ਸਫ਼ਰ ਕਾਫ਼ੀ ਲੰਮੇਰਾ ਹੈ। ਅਸੀਂ ਕਈ ਸਾਲਾਂ ਤੋਂ ਗਾਹੇ ਬਗਾਹੇ ਸਥਾਨਕ ਸਾਹਿਤ ਸਭਾਵਾਂ ਦੇ ਪ੍ਰੋਗਰਾਮਾਂ ਵਿੱਚ ਉਸਦੀ ਕਵਿਤਾ ਦਾ ਲੁਤਫ਼ ਉਠਾਉਂਦੇ ਰਹੇ ਹਾਂ। ਲਗਪਗ ਪੰਜ-ਛੇ ਵਰ੍ਹੇ ਪਹਿਲਾਂ ਗ਼ਜ਼ਲ ਵੱਲ ਆਕ੍ਰਸ਼ਿਤ ਹੋਣ ਤੇ ਉਸਦੀ ਤਵੱਜੋਂ ਗ਼ਜ਼ਲ ਕਹਿਣ ਵੱਲ ਹੋ ਗਈ। ਇਸ ਸਮੇਂ ਦੌਰਾਨ ਉਸਨੇ ਗ਼ਜ਼ਲ ਦਾ ਵਿਧੀ-ਵਿਧਾਨ ਬੜੀ ਬਾਰੀਕ ਬੀਨੀ ਨਾਲ਼ ਵਾਚਿਆ, ਜਿਸਦੇ ਸਿਲੇ ਵਜੋਂ ਉਹ ਆਪਣਾ ਪਲੇਠਾ ਗ਼ਜ਼ਲ ਸੰਗ੍ਰਹਿ 'ਪਿੰਡ ਤੋਂ ਬ੍ਰਹਿਮੰਡ' ਲੈ ਕੇ ਗ਼ਜ਼ਲ ਖੇਤਰ 'ਚ ਦਸਤਕ ਦੇ ਰਿਹਾ ਹੈ। ਉਸਦੀ ਸ਼ਾਇਰੀ ਨੂੰ ਵਾਚਦਿਆਂ ਹੋਇਆਂ ਮੈਂ ਇਹ ਬੜੀ ਸ਼ਿੱਦਤ ਨਾਲ਼ ਮਹਿਸੂਸ ਕੀਤਾ ਹੈ ਕਿ ਗੁਰਮੀਤ ਸਿੱਧੂ ਬੜਾ ਹੱਸਾਸਮੰਦ ਤੇ ਸੰਵੇਦਨਸ਼ੀਲ ਸ਼ਾਇਰ ਹੈ। ਉਸਦਾ ਸੁਖਨ, ਸਹਿਜ, ਸੁਹਜ ਭਰਪੂਰ, ਸੂਖ਼ਮ, ਸਰਲ, ਸੁਖੈਨ, ਸਪੱਸ਼ਟ, ਸੁਚੱਜਾ, ਸੁਚਾਰੂ, ਸੰਜੀਦਾ ਤੇ ਸ਼ਿੱਦਤ ਆਮੇਜ਼ ਹੈ।

ਉਸਦੀ ਸ਼ਾਇਰੀ ਦੇ ਸ਼ਬਦ-ਸੰਸਾਰ ਦਾ ਭ੍ਰਮਣ ਕਰਦਿਆਂ ਹੋਇਆਂ ਪ੍ਰਕਿਰਤੀ ਦੇ ਜਲੌਅ ਦਾ ਤਲਿਸਮੀ ਵਾਤਾਵਰਣ ਮੰਤਰ-ਮੁਗਧ ਕਰਦਾ ਹੈ। ਉਸਦੀ ਸ਼ਾਇਰੀ ਦੇ ਇੰਦਰਧਨੁਸ਼ੀ ਰੰਗਾਂ ਵਿੱਚ, ਪਹੁ-ਫੁਟਾਲਾ, ਊਸ਼ਾ ਦੀ ਊਸ਼ਮਾ, ਸੂਹੀ ਸਰਘੀ, ਕਿਰਮਚੀ ਕਿਰਨਾਂ, ਪ੍ਰਭਾਤ ਦੀ ਲਾਲਿਮਾ, ਰਾਤ ਦਾ ਗਹਿਰ ਗੰਭੀਰ ਸੱਨਾਟਾ, ਚੰਨ, ਸਿਤਾਰੇ, ਦੀਵੇ ਦੀ ਲੋਅ, ਜੁਗਨੂੰ, ਬੰਬੀਹੇ, ਚਰਿੰਦੇ, ਪਰਿੰਦੇ, ਬਹਾਰਾਂ, ਪੱਤਝੜਾਂ, ਮਹਿਕਾਂ, ਫੁੱਲ, ਕਲੀਆਂ, ਤਿੱਤਲੀਆਂ, ਭੌਰੇ, ਮੇਘਲੇ, ਘੋਰ-ਘਟਾਵਾਂ, ਚਸ਼ਮੇ, ਝੀਲਾਂ, ਨਦੀਆਂ, ਸਾਗਰ, ਪਹਾੜ, ਬਰਫ਼, ਸ਼ਬਨਮ, ਬੁਲੰਦੀਆਂ, ਗਹਿਰਾਈਆਂ, ਖ਼ੂਬਸੂਰਤ ਵਾਦੀਆਂ ਆਦਿ ਦਾ ਵਾਤਾਵਰਣ, ਸਾਡੀ ਸੁਰਤੀ-ਬਿਰਤੀ ਨੂੰ ਸਮਾਧੀ ਵੱਲ ਲੈ ਤੁਰਦੇ ਨੇ।

ਹੋਰ ਸਮਾਜਿਕ ਮਸਲਿਆਂ ਦੇ ਨਾਲ਼-ਨਾਲ਼ ਉਸਦੀ ਸ਼ਾਇਰੀ ਵਿਚ ਨਫ਼ਾਸਤ, ਨਜ਼ਾਕਤ, ਨਾਜ਼, ਨਖ਼ਰੇ, ਇਕਰਾਰ, ਇਨਕਾਰ, ਇਜ਼ਹਾਰ, ਇਸਰਾਰ, ਸੰਜੋਗ, ਵਿਯੋਗ, ਮਤਲਬ ਕਿ ਸ਼ਿੰਗਾਰ-ਰਸ ਵੀ ਭਰਪੂਰ ਮਾਤਰਾ 'ਚ ਉਪਲਬਧ ਹੈ। ਜਿਉਣ ਦਾ ਸੰਘਰਸ਼ ਤਾਂ ਬੱਚੇ ਦੇ ਮਾਂ ਦੇ ਗਰਭ 'ਚ ਪ੍ਰਵੇਸ਼ ਕਰਨ ਤੋਂ ਪਹਿਲਾਂ

ਹੀ ਸ਼ੁਰੂ ਹੋ ਜਾਂਦਾ ਹੈ, ਪਿਉ ਦੇ ਲੱਖਾਂ ਸ਼ੁਕਰਾਣੂਆਂ ਦੀ ਦੌੜ 'ਚੋਂ ਜਿਹੜਾ ਸ਼ੁਕਰਾਣੂ ਬਾਕੀ ਸ਼ੁਕਰਾਣੂਆਂ ਨੂੰ ਪਛਾੜ ਕੇ, ਮਾਂ ਦੇ ਗਰਭ 'ਚ ਪ੍ਰਵੇਸ਼ ਕਰਦਾ ਹੈ, ਸਿਰਫ਼ ਓਹੀ ਇਹ ਰੰਗਲੇ ਸੰਸਾਰ ਦੇ ਦੇਖਣ ਯੋਗ ਹੁੰਦਾ ਹੈ। ਗੁਰਮੀਤ ਸਿੱਧੂ ਦੀ ਸ਼ਾਇਰੀ ਏਸੇ ਸੰਘਰਸ਼ ਦਾ ਹੋਕਾ ਦਿੰਦੀ ਹੈ:

*ਸੁਪਨਿਆਂ ਦੀ ਫੜਕੇ ਉਂਗਲ਼ੀ, ਪੈੜ ਨੱਪ ਕੇ ਆਸ ਦੀ,*
*ਹਾਲਤਾਂ ਦੇ ਨਾਲ਼ ਕਿਸਮਤ ਨੂੰ ਝਗੜਦੀ ਦੇਖੀਏ।*

*(ਸੰਘਰਸ਼)*

ਸੰਘਰਸ਼ ਕਰਨਾ ਤਾਂ ਹਰੇਕ ਨੂੰ ਪੈਂਦਾ ਹੈ, ਪਰ ਸੌ ਵਾਰ ਹਾਰ ਕੇ ਵੀ ਜਿਹੜਾ ਜਿੱਤਣ ਦੀ ਆਸ ਨਹੀਂ ਛੱਡਦਾ ਕਾਮਯਾਬ ਓਹੀ ਹੁੰਦਾ ਹੈ, ਗੁਰਮੀਤ ਸਿੱਧੂ ਵੀ ਆਸ ਦੇ ਰਾਹ ਦਾ ਪਾਂਧੀ ਹੈ:

*ਵੱਤਰੀ ਜਦ ਧਰਤ, ਸਾਰੇ ਬੀਜ ਪੁੰਗਰ ਪੈਣਗੇ,*
*ਸੁਰਤ ਦੇ ਸਿਆੜਾਂ 'ਚ, ਜੋ ਮੈਂ ਹਰਫ਼ ਕੇਰੇ ਦੋਸਤੋ।*

*(ਆਸ਼ਾਵਾਦ)*

ਪਰ ਸਿਰਫ਼ ਆਸ਼ਾਵਾਦੀ ਸੋਚ ਰੱਖਣ ਨਾਲ਼ ਹੀ ਕੁਝ ਪ੍ਰਾਪਤੀ ਨਹੀਂ ਹੁੰਦੀ, ਹਿੰਮਤ ਵੀ ਦਰਕਾਰ ਹੈ:

*ਕਰ ਦੁਸ਼ਵਾਰੀ ਦੀ ਅਸਵਾਰੀ ਜੇ ਤੂੰ ਛੋਹਣਾ ਅੰਬਰ ਨੂੰ,*
*ਹਾਰੇ ਬੰਦੇ ਨੂੰ ਦੁੱਖਾਂ ਦੀ ਮਿੱਟੀ ਦੱਬਣ ਲੱਗ ਪੈਂਦੀ।*

*(ਹਿੰਮਤ)*

ਉਸਨੂੰ ਸਮਾਜ ਵਿਚਲੀ ਜਮਾਤੀ ਵੰਡ ਦੀ ਸੂਝ ਹੈ ਅਤੇ ਉਹ ਇਸ ਪ੍ਰਤੀ ਚੇਤੰਨ ਵੀ ਹੈ। ਜਿੱਥੇ ਤਕੜੇ ਦਾ "ਸੱਤੀਂ ਵੀਹੀਂ ਸੌ" ਹੁੰਦਾ ਹੈ। ਉਹ ਸਮਾਜ ਵਿੱਚ ਪਸਰੀ ਕਾਣੀ-ਵੰਡ ਵੱਲ ਇਸ਼ਾਰਾ ਕਰਦਾ ਹੈ:

*ਘਨਹਰਾਂ ਨੇ ਸਰਵਰਾਂ ਦਾ ਪੱਖ ਸਦਾ ਹੀ ਪੂਰਿਆ,*
*ਇਕ ਸਵਾਂਤੀ ਬੂੰਦ ਲਈ ਮੈਂ ਤਰਸਦਾ ਹੀ ਮਰ ਗਿਆ।*

*(ਕਾਣੀ-ਵੰਡ)*

ਅਜੋਕੇ ਦੌਰ 'ਚ ਕਾਰਪੋਰੇਟ ਘਰਾਣਿਆਂ ਦੇ ਹਿਤ ਪੂਰਨ ਵਾਸਤੇ "ਵਿਸ਼ਵ



ਨਗਰ" ਦਾ ਢੰਡੋਰਾ ਬੜੇ ਜ਼ੋਰ-ਸ਼ੋਰ ਨਾਲ਼ ਪਿੱਟਿਆ ਜਾ ਰਿਹਾ ਹੈ, ਇਸਦੀ ਹਕੀਕਤ ਸਾਡਾ ਸ਼ਾਇਰ ਬੜੀ ਬੇਬਾਕੀ ਨਾਲ਼ ਬਿਆਨ ਕਰਦਾ ਹੈ:

*ਦੌਰ ਵਿਸ਼ਵੀਕਰਨ ਦਾ, ਹਰ ਤਰਫ਼ ਹੀ ਬਾਜ਼ਾਰ ਹੈ,*
*ਜ਼ਿੰਦਗੀ ਤੋਂ ਮੌਤ ਤਕ, ਵਿਉਪਾਰ ਹੀ ਵਿਉਪਾਰ ਹੈ।*

*(ਵਿਸ਼ਵੀਕਰਣ ਦੀ ਹਕੀਕਤ)*

ਏਸ ਵਿਸ਼ਵੀਕਰਣ ਦੇ ਦੌਰ 'ਚ ਮੀਡੀਆ ਜਿਸਨੂੰ ਕਦੇ ਲੋਕਰਾਜ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਸੀ, ਉਹ ਵੀ ਆਪਣੀ ਆਜ਼ਾਦ ਹਸਤੀ ਗਵਾ ਕੇ ਬਜ਼ਾਰ ਦਾ ਮੁਤਬੰਨਾ ਪੁੱਤਰ ਬਣ ਬੈਠਿਆ ਹੈ:

*ਪੁੱਤ ਮੁਤਬੰਨੇ ਇਹ ਸਾਰੇ ਹਾਕਮਾਂ ਦੇ ਬਣ ਗਏ,*
*ਰੇਡੀਓ, ਟੀ.ਵੀ., ਰਸਾਲਾ ਤੇ ਹਰਿਕ ਅਖ਼ਬਾਰ ਹੈ।*

*(ਵਿਕਾਊ ਮੀਡੀਆ)*

ਰੌਸ਼ਨ ਭਵਿੱਖ ਦੀ ਭਾਲ਼ 'ਚ ਕਿਸੇ ਵਿਅਕਤੀ ਵਾਸਤੇ ਆਪਣਾ ਵਸਦਾ ਘਰ, ਪਰਿਵਾਰ, ਗਰਾਂ, ਰਿਸ਼ਤੇ, ਨਾਤੇ, ਮਿੱਤਰ, ਮੇਲੀ ਛੱਡਣੇ ਬੇਹੱਦ ਮੁਸ਼ਕਲ ਨੇ। ਕਹਿਣ ਨੂੰ ਅਸੀਂ ਛੱਡ ਤਾਂ ਆਉਂਦੇ ਹਾਂ, ਪਰ ਜਦ ਤਾਈਂ ਅਸੀਂ ਜਿਉਂਦੇ ਹਾਂ, ਉਹ ਖੱਪਾ, ਉਹ ਖਲਾਅ, ਕਦੇ ਨਹੀਂ ਭਰਦਾ ਤੇ ਸਾਡੀ ਰੂਹ 'ਚੋਂ ਉਸਦੀ ਚੀਸ ਕਦੇ ਵੀ ਨਹੀਂ ਜਾਂਦੀ। ਗੁਰਮੀਤ ਸਿੱਧੂ ਨੂੰ ਏਸ ਵਿਗੋਚੇ ਦਾ ਦਰਦ ਹੁਣ ਵੀ ਖਲਦਾ ਹੈ:

*ਇਹ ਕਿਸਮਤ ਦਾ ਤਕਾਜ਼ਾ ਹੈ ਜਾਂ ਹਾਕਮ ਦੀ ਸਿਆਸਤ ਹੈ,*
*ਨਹੀਂ ਤਾਂ ਕਿਉਂ ਮੇਰੀ ਹਿਜਰਤ, ਮੇਰੇ ਪਿੰਡੋਂ ਸਰੀ ਹੋਵੇ।*

*(ਹਿਜਰਤ ਦਾ ਦਰਦ)*

ਗੁਰਮੀਤ ਸਿੱਧੂ ਨੇ ਗੁਰਬਾਣੀ ਤੇ ਕਿੱਸਾ-ਕਾਵਿ ਨੂੰ ਪੜ੍ਹਿਆ ਹੀ ਨਹੀਂ, ਗੁੜ੍ਹਿਆ ਵੀ ਲੱਗਦਾ ਹੈ। ਕੇਵਲ ਗੁੜ੍ਹਿਆ ਹੀ ਨਹੀਂ ਸਗੋਂ ਆਤਮਸਾਤ ਵੀ ਕੀਤਾ ਜਾਪਦਾ ਹੈ। ਉਸਦੀਆਂ ਗ਼ਜ਼ਲਾਂ ਦੇ ਬਹੁਤ ਸਾਰੇ ਸ਼ਿਅਰ ਇਸਦੀ ਗਵਾਹੀ ਭਰਦੇ ਹਨ।

ਜਿਨ੍ਹਾਂ ਵਿੱਚ ਉਸਨੇ ਗੁਰਬਾਣੀ ਦੀ ਕੋਈ ਤੁਕ ਜਾਂ ਕਿਸੇ ਕਿੱਸੇ ਦੀ ਕੋਈ ਤੁਕ ਦੇ ਕੇ, ਉਸ ਤੁਕ ਨੂੰ ਅਜੋਕੇ ਸੰਦਰਭ ਵਿਚ ਨਵੇਂ ਅਰਥ ਪ੍ਰਦਾਨ ਕੀਤੇ ਨੇ। ਮਿਸਾਲ ਵਜੋਂ ਸਿਰਫ਼ ਦੋ ਉਦਾਹਰਣਾਂ ਦੇ ਰਿਹਾਂ:

*“ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੇ ਬਿਚਾਰਾ”*
*ਮੋਹ ਦੀ ਮਿੱਟੀ ਲਾ ਕੇ ਲਿੱਪੇ, ਆਸ ਦੇ ਓਟੇ ਜਿੰਦੂ।*

*“ਕਹੇ ਹੁਸੈਨ ਫ਼ਕੀਰ ਨਿਮਾਣਾ, ਮੈਂ ਨਾਹੀਂ ਸਭ ਤੂੰ” ਜਿਉਂ,*
*ਮੇਰਾ ਮੇਰਾ ਛੱਡ ਕੇ ਕਹਿ ਤੂੰ, ਉਸਦਾ ਉਸਦਾ ਕਵੀਆ।*

ਮਸਲਾ ਭਾਵੇਂ ਕੋਈ ਵੀ ਹੋਵੇ ਉਹ ਯਥਾਰਥ ਦਾ ਪੱਲਾ ਨਹੀਂ ਛੱਡਦਾ, ਇਸ ਕਰ ਕੇ ਇਸ਼ਕ, ਮੁਹੱਬਤ ਦਾ ਬਿਆਨ ਕਰਨ ਲੱਗਿਆਂ ਉਹ ਇਸ਼ਕ ਹਕੀਕੀ ਦੇ ਸ਼ਾਬਦਿਕ ਝਮੇਲਿਆਂ ’ਚ ਨਹੀਂ ਪੈਂਦਾ, ਸਗੋਂ ਬੜੀ ਬੇਬਾਕੀ ਨਾਲ਼ ਇਸ਼ਕ ਮਜ਼ਾਜ਼ੀ ਦੇ ਪੱਖ ’ਚ ਧੜੱਲੇ ਨਾਲ਼ ਖ਼ੜ੍ਹਦਾ ਹੈ:

*ਮੁਹੱਬਤ ਨਾਮ ਨਈਂ ਚੜ੍ਹਨੀ, ਵਸੀਅਤ ਨਾ-ਮੁਕੰਮਲ ਹੈ,*
*ਜੇ ਪਿੰਡੇ ਹੁਸਨ ਦੇ ਕਰ ਇਸ਼ਕ ਹਸਤਾਖਰ ਨਹੀਂ ਜਾਂਦਾ।*

ਇਸ ਤਰ੍ਹਾਂ ਉਸਦੀ ਸ਼ਾਇਰੀ ਦਾ ਦਾਇਰਾ, ਸਮਾਜ ਦੇ ਵੱਖੋ-ਵੱਖਰੇ ਖੇਤਰਾਂ ਸਮਾਜਿਕ, ਰਾਜਨੀਤਕ, ਆਰਥਿਕ, ਦਾਰਸ਼ਨਿਕ, ਧਾਰਮਿਕ, ਬੌਧਿਕ ਖੇਤਰਾਂ ਤੀਕ ਪਸਰਿਆ ਹੋਇਆ ਹੈ।

ਆਪਾਂ ਜਾਣਦੇ ਹਾਂ ਕਿ ਗ਼ਜ਼ਲ ਕਹਿਣ ਵਾਸਤੇ ਗ਼ਜ਼ਲ ਦੇ ਵਿਧੀ-ਵਿਧਾਨ ਯਾਨੀ ਇਲਮ-ਅਰੂਜ਼ ਦੀ ਜਾਣਕਾਰੀ ਜ਼ਰੂਰੀ ਹੈ। ਗੁਰਮੀਤ ਸਿੱਧੂ ਨੇ ਗ਼ਜ਼ਲ ਦੇ ਵਿਧੀ-ਵਿਧਾਨ ਨੂੰ ਵੀ ਬੜੀ ਖ਼ੂਬੀ ਨਾਲ਼ ਨਿਭਾਇਆ ਹੈ। ਉਸਨੇ ਕਈ ਬਹਿਰਾਂ ਨੂੰ ਸਫ਼ਲਤਾ ਸਾਹਿਤ ਵਰਤਿਆ ਹੈ। ਇਲਮ-ਅਰੂਜ਼ ਦੇ ਜਾਣਕਾਰ ਇਹ ਪੁਸਤਕ ਪੜ੍ਹਦਿਆਂ ਆਪ ਪਰਖ-ਪੜਚੋਲ ਕਰ ਸਕਦੇ ਨੇ।

ਇਹ ਗੱਲ ਤਾਂ ਸਹੀ ਹੈ ਕਿ ਇਲਮ-ਅਰੂਜ਼ ਦੀ ਜਾਣਕਾਰੀ ਬਿਨਾਂ ਗ਼ਜ਼ਲ ਨਹੀਂ ਲਿਖੀ ਜਾ ਸਕਦੀ ਪਰ ਸਿਰਫ਼ ਬਹਿਰਾਂ ਨਿਭਾਅ ਲੈਣ ਦੇ ਨਾਲ਼ ਹੀ ਕੋਈ ਗ਼ਜ਼ਲਗੋ ਨਹੀਂ ਹੋ ਜਾਂਦਾ, ਬਹੁਤੀ ਵਾਰੀ ਤਾਂ ਉਹ ਤੁਕਬੰਦੀ ਹੋ ਨਿਬੜਦੀ ਹੈ। ਇਸ ਵਾਸਤੇ “ਫ਼ਨ ਏ ਸ਼ਾਇਰੀ”, ਸ਼ਾਇਰੀ ਦੀ ਕਲਾ ਜਾਂ ਸ਼ਾਇਰੀ ਦੀਆਂ ਕਮੀਆਂ ਅਤੇ ਖ਼ੂਬੀਆਂ ਦੀ ਜਾਣਕਾਰੀ ਬਹੁਤ ਜ਼ਰੂਰੀ ਹੈ। ਉਸਤਾਦਾਂ ਨੇ ਸ਼ਿਅਰ ਦੀਆਂ ਅਨੇਕਾਂ ਹੀ ਖ਼ੂਬੀਆਂ ਤੇ ਖ਼ਾਮੀਆਂ ਨਿਸਚਤ ਕੀਤੀਆਂ ਨੇ। ਮਜ਼ਮੂਨ ਲੰਬਾ ਹੋਣ ਡਰੋਂ ਉਨ੍ਹਾਂ ਦੀ ਤਫ਼ਸੀਲ ਦੇਣੀ ਸੰਭਵ ਨਹੀਂ। ਏਥੇ ਅਸੀਂ ਸਿਰਫ਼ ਗੁਰਮੀਤ ਸਿੱਧੂ ਦੇ ਪਲੇਠੇ ਗ਼ਜ਼ਲ-ਸੰਗ੍ਰਹਿ ਪਿੰਡ ਤੋਂ ਬ੍ਰਹਿਮੰਡ ਦੀਆਂ ਗ਼ਜ਼ਲਾਂ ਵਿਚ ਆਈਆਂ ਕੁਝ ਖ਼ੂਬੀਆਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦੇ ਹਾਂ:



*ਤੇਰਾ ਸਾਥ ਮਿਲ਼ੇ ਤਾਂ ਅਜਬ ਕਹਾਣੀ ਲਿਖ ਦੇਵਾਂ।*
*ਪਾਣੀ ਨਾਲ਼ ਹੀ ਪਾਣੀ ’ਤੇ ਮੈਂ ਪਾਣੀ ਲਿਖ ਦੇਵਾਂ।*

(ਤਕਰਾਰ ਲਫ਼ਜ਼ੀ – ਦਾ ਅਰਥ ਹੈ ਇੱਕੋ ਸ਼ਬਦ ਦਾ ਵਾਰ-ਵਾਰ ਆਉਣਾ)

*ਕਦੀ ਵੀ ਯਾਦ ਨਈਂ ਮਿਟਦੀ, ਇਹ ਦਬਦੀ ਜਾਂ ਉਭਰਦੀ ਹੈ।*
*ਨਾ ਉਪਜੇ ਤੇ ਨਾ ਬਿਣਸੇ, ਊਰਜਾ ਕਿਸਮਾਂ ਬਦਲਦੀ ਹੈ।*
*(ਵਿਗਿਆਨਕ ਸੋਚ)*

*ਨਜ਼ਰ ਮਿਲਾ ਕੇ, ਨਜ਼ਰ ਚੁਰਾਈ, ਕਿਸਨੇ ਲਾਈ ਨਜ਼ਰ ਬੁਰੀ*
*ਅੱਖਰ ਵਾਰੋ, ਨਜ਼ਰ ਉਤਾਰੋ, ਜੇ ਆਵੇ ਸਰਕਾਰ ਨਜ਼ਰ ।*
*(ਤਕਰਾਰ ਲਫ਼ਜ਼ੀ ਤੇ ਟੁਕੜੀਆਂ)*

*ਤਿਆਗੋ ਉਨ੍ਹਾਂ ਨੂੰ, ਤਿਆਗੋ, ਤਿਆਗੋ,*
*ਜਿਨ੍ਹਾਂ ਰਿਸ਼ਤਿਆਂ ਵਿਚ ਕੁੜੱਤਣ ਭਰੀ ਹੈ।*

(ਇਤਨਾਬ ਦਾ ਅਰਥ ਹੈ ਆਪਣੀ ਗੱਲ ’ਤੇ ਜ਼ੋਰ ਦੇਣਾ, ਤਿਆਗਣ ਤੇ ਜ਼ੋਰ ਦੇਣ ਵਾਸਤੇ ਤਿਆਗੋ ਦੋ ਵਾਰ ਵਰਤਿਆ ਹੈ)

*ਪੁਲ਼ੀ, ਟੋਭੇ, ਕਰੀਰਾਂ, ਛੰਭ, ਛੱਪੜ, ਮੰਡ ਨਦੀਆਂ ਦੇ,*
*ਮੈਂ ਕਬਰਾਂ ਕੋਲ਼ ਦੀ ਕਿੱਦਾਂ ਬਿਨਾ ਬੋਲੇ ਗੁਜ਼ਰ ਜਾਵਾਂ।*
*(ਟੁਕੜੀਆਂ)*

*ਸੋਨ ਮਿਰਗ ਦੇ ਲਾਲਚ ਵਿਚ ਆ ਲਛਮਣ ਰੇਖਾ ਲੰਘੇ ਜੋ,*
*ਸਨਮਾਨਾਂ ਦਾ ਚਿੱਕੜ ਮਲ਼ ਮਲ਼ ਲੇਖਕ ਉਹੀ ਲਬੇੜੇ ਗਏ।*

(ਤਲਮੀਹ ਦਾ ਅਰਥ ਹੈ ਕਿਸੇ ਇਤਿਹਾਸਕ ਜਾਂ ਮਿਥਿਹਾਸਕ ਕਹਾਣੀ ਦਾ ਹਵਾਲਾ ਦੇਣਾ)

*ਸਦੀ, ਸਾਲ, ਮਾਹ, ਦਿਨ, ਘੜੀ, ਪਲ, ਨਿਮਖ ਵੀ,*
*ਸਮੇਂ ਦੇ ਹਮਲ ਵਿਚ ਇਹ ਸਬ ਕੁਝ ਸਮੋਇਆ।*

(ਮੁਰਾਤ ਓ ਨਜ਼ੀਰ ਦਾ ਅਰਥ ਹੈ ਉਹ ਸ਼ਬਦ ਜਿਹੜੇ ਅੰਤਰ ਸਬੰਧਤ ਹੋਣ, ਉਪਰੋਕਤ ਸਾਰੇ ਸ਼ਬਦ ਸਮੇਂ ਨਾਲ਼ ਸਬੰਧਤ ਹਨ)

*ਘੜੀ ਵਸਲ ਦੀ ਅੱਖ ਝਪਕਣ 'ਚ ਬੀਤੀ,*
*ਵਿਛੋੜੇ ਦਾ ਪਲ ਵੀ ਸਦੀ ਹੋ ਗਿਆ ਹੈ।*

(ਤ.ਫਰੀਕ ਦਾ ਅਰਥ ਹੈ ਦੋ ਚੀਜ਼ਾਂ 'ਚ ਫ਼ਰਕ ਦੱਸਣਾ ਜਿਵੇਂ ਏਸ ਸ਼ਿਅਰ ਵਿਚ ਵਸਲ ਤੇ ਵਿਛੋੜੇ ਦੇ ਪਲਾਂ ਵਿਚ ਦੱਸਿਆ ਹੈ:

*ਅੱਖਰ ਧਾਗਾ, ਸ਼ਬਦ ਕਸੀਦਾ, ਸੁਰਤੀ ਕੱਢਣ ਲੱਗ ਪੈਂਦੀ,*
*ਆਪ ਮੁਹਾਰ .ਗਜ਼ਲ ਇਕ ਦਿਲ ਦਾ ਕੋਨਾ ਮੱਲਣ ਲੱਗ ਪੈਂਦੀ।*
*(ਸੂਖਮ -ਬਿਆਨੀ)*

*ਜੰਗਲ਼, ਪਰਬਤ, ਦਰਿਆ, ਪੰਛੀ, ਝੀਲ ਅਤੇ ਇਕ ਝਰਨਾ ਹੈ,*
*ਇਸ ਮੰਜ਼ਰ ਚੋਂ ਸ਼ੋਖ .ਗਜ਼ਲ ਦਾ ਮਤਲਾ ਪਰਗਟ ਕਰਨਾ ਹੈ।*
*(ਖ਼ੂਬਸੂਰਤ ਮਤਲਾ)*

*ਪੀੜਾਂ ਸਹਾਰ ਜਿਸਨੇ, ਸੀਨੇ 'ਚ ਛੇਕ ਖਾਧੇ,*
*ਸਰਗਮ ਦੇ ਹਾਣ ਦੀ ਉਹ, ਬਾਂਸਾਂ ਦੀ ਪੋਰ ਹੋਵੇ।*

(ਖ਼ੂਬੀ ਏ ਮੁਕੱਦਰ ਦਾ ਅਰਥ ਹੈ ਕਿ ਸ਼ੇਅਰ ਵਿੱਚੋਂ ਪਾਠਕ ਇਹ ਸਮਝ ਲਵੇ ਕਿ, ਸ਼ਾਇਰ ਕਿਸਦਾ ਜ਼ਿਕਰ ਕਰਦਾ ਹੈ, ਪਰ ਉਸਦਾ ਨਾਮ ਸ਼ਿਅਰ ਵਿਚ ਨਾ ਹੋਵੇ। ਏਸ ਸ਼ਿਅਰ ਵਿਚ ਗੱਲ ਬੰਸਰੀ ਦੀ ਹੈ, ਪਰ ਬੰਸਰੀ ਦਾ ਜ਼ਿਕਰ ਸ਼ਿਅਰ ਵਿੱਚ ਨਹੀਂ ਕੀਤਾ ਗਿਆ) :

*ਇਹ ਦੁਖ, ਸੁਖ ਮੈਂ ਦੋਵੇਂ ਹੀ ਸਮਸਰ ਹੰਢਾਏ,*
*ਕਦੇ ਅੱਕ ਚੱਬਿਆ, ਕਦੇ ਤੇਲ ਚੋਇਆ।* *(ਮੁਹਾਵਰੇਬੰਦੀ)*

*ਜਿਹੜਾ ਪੱਥਰਾਂ 'ਚ ਰਹਿ ਕੇ ਵੀ ਰਿਹਾ ਸਾਬਤ ਸਬੂਤਾ ਸੀ,*
*ਉਹ ਫੁੱਲ ਦੇ ਨਾਲ਼ ਖਹਿ ਕੇ ਹੀ ਭਲਾ ਕਿਉਂ ਤਿੜਕਿਆ ਸ਼ੀਸ਼ਾ।*

(ਤਜ਼ਾਦ ਦਾ ਅਰਥ ਹੈ ਦੋ ਚੀਜ਼ਾਂ ਦੀ ਤੁਲਨਾ ਕਰਨਾ। ਜਿਵੇਂ ਏਥੇ ਪੱਥਰ ਤੇ ਸ਼ੀਸ਼ੇ ਦੀ ਤੁਲਨਾ ਹੈ) :

*ਤੂੰ ਅੰਨ੍ਹੀ, ਤੂੰ ਬਿਨ ਅਹਿਸਾਸੋਂ, ਤੇ ਤੂੰ ਡਾਢੀ ਕੌੜੀ,*
*ਸ਼ਰਧਾ, ਤਰਕ, ਹਕੀਕਤ ਤਿੰਨੇ, ਉਲਝਣ, ਗੁਲਝਣ ਲੱਗੇ ।*
*(ਦਾਰਸ਼ਨਿਕਤਾ)*



ਸੋ ਪਿਆਰੇ ਦੋਸਤੋ, ਮੈਂ ਕੁਝ ਕੁ ਗੁਣਾਂ ਦੀ ਮਿਸਾਲ ਦਿੱਤੀ ਹੈ। ਆਸ ਹੈ ਕਿ ਤੁਸੀਂ ਵੀ ਮੇਰੇ ਨਾਲ਼ ਸਹਿਮਤ ਹੋਵੋਗੇ। ਸੋ ਇਹਨਾਂ ਸ਼ਬਦਾਂ ਨਾਲ਼ ਮੈਂ ਗੁਰਮੀਤ ਸਿੱਧੂ ਦੇ ਪਲੇਠੇ .ਗਜ਼ਲ ਸੰਗ੍ਰਹਿ ਪਿੰਡ ਤੋਂ ਬ੍ਰਹਿਮੰਡ ਨੂੰ ਖ਼ੁਸ਼ਆਮਦੀਦ ਕਹਿੰਦਾ ਹੋਇਆ ਆਸ ਕਰਦਾ ਹਾਂ ਕਿ ਏਸ ਸੰਗ੍ਰਹਿ ਦਾ ਪਾਠਕ ਵੀ ਸਵਾਗਤ ਕਰਨਗੇ। ਮੈਂ ਪਾਠਕਾਂ ਨੂੰ ਇਹ .ਗਜ਼ਲ ਸੰਗ੍ਰਹਿ ਪੜ੍ਹਨ ਦੀ ਪੁਰਜ਼ੋਰ ਗੁਜ਼ਾਰਿਸ਼ ਕਰਦਾ ਹਾਂ।

ਤੁਹਾਡਾ ਆਪਣਾ
**ਕ੍ਰਿਸ਼ਨ ਭਨੋਟ**
*ਸਰੀ (ਬੀਸੀ) ਕਨੇਡਾ*
*1-604-314-7279*
*14 ਅਪ੍ਰੈਲ, 2024*

## ਸੂਤਰਧਾਰ

ਬੀਤੇਂ ਵਰ੍ਹਿਆਂ ਵਿੱਚ ਪੰਜਾਬੀ ਕਵਿਤਾ ਦੇ ਵਿਭਿੰਨ ਸਹਿਰੂਪਾਂ ਨੇ ਬਹੁਦਿਸ਼ਾਵੀ ਅਤੇ ਲੰਮੇਰਾ ਸਫ਼ਰ ਤੈਅ ਕੀਤਾ ਹੈ। ਪੰਜਾਬੀ ਗ਼ਜ਼ਲ ਨੇ ਪਿੰਡ ਤੋਂ ਬ੍ਰਹਿਮੰਡ ਦੀ ਪਹੁੰਚ ਅਪਣਾਈ ਹੈ। ਇਸ ਦਾ ਦਾਇਰਾ ਵਿਅਕਤੀ ਤੋਂ ਵਿਸ਼ਵ ਤੱਕ ਵਿਸ਼ਾਲ ਹੋਇਆ ਹੈ। ਪੰਜਾਬੀ ਗ਼ਜ਼ਲ ਆਪਣੇ ਆਲ਼ੇ-ਦੁਆਲ਼ੇ ਤੋਂ ਤੁਰਦੀ ਮਨੁੱਖੀ ਮਨ ਅੰਦਰ ਪਥਰਾਅ ਰਹੀ ਸੰਵੇਦਨਾ ਦੀ ਬਾਤ ਪਾਉਂਦੀ, ਉਸ ਦੀਆਂ ਧੁਰ ਅੰਦਰਲੀਆਂ ਤਹਿਆਂ ਫਰੋਲਦੀ, ਆਕਾਸ਼ ਪਾਤਾਲ ਛਾਣਦੀ ਹੋਈ ਅਜੋਕੇ ਸਮਿਆਂ ਨੂੰ ਸੰਬੋਧਨ ਹੋ ਰਹੀ ਹੈ। ਕਵੀ ਆਪਣੇ ਸਮਿਆਂ ਦੇ ਇਤਿਹਾਸ ਦਾ ਜ਼ਿਕਰਯੋਗ ਪਾਤਰ ਹੁੰਦਾ ਹੈ ਅਤੇ ਇਸ ਆਲਮੀ ਨਾਟਕ ਵਰਤਾਰੇ ਵਿੱਚ ਸੂਤਰਧਾਰ ਦੀ ਭੂਮਿਕਾ ਅਦਾ ਕਰਦਾ ਹੈ।

ਇਸ ਭੂਮਿਕਾ ਨੂੰ ਇਮਾਨਦਾਰੀ ਨਾਲ ਅਦਾ ਕਰਨ ਲਈ ਗੁਰਮੀਤ ਸਿੱਧੂ ਆਪਣੀਆਂ ਗ਼ਜ਼ਲਾਂ ਨੂੰ ਪੁਸਤਕ ਰੂਪ ਦੇਣ ਵਿੱਚ ਕਾਹਲੀ ਨਹੀਂ ਕਰਦਾ। ਉਸਦੀ ਗ਼ਜ਼ਲ ਅਧਿਐਨ ਅਤੇ ਨਿੱਜੀ ਅਨੁਭਵ ਵਿੱਚੋਂ ਫੁੱਟਦੀ ਪ੍ਰਤੀਤ ਹੁੰਦੀ ਹੈ। ਉਸਦੀਆਂ ਰਚਨਾਵਾਂ ਦੇ ਵਿਸ਼ੇ ਪੰਜਾਬ, ਪਰਵਾਸ, ਧਰਮ, ਧਰਤੀ, ਆਕਾਸ਼, ਬ੍ਰਹਿਮੰਡ ਦੀ ਬਾਤ ਪਾਉਂਦੇ ਨੇ। ਇਸ ਪੁਸਤਕ ਵਿੱਚੋਂ ਲੰਘਦਿਆਂ ਪੰਜਾਬੀ ਗ਼ਜ਼ਲ ਦੇ ਭਰਵੇਂ ਦੀਦਾਰ ਹੁੰਦੇ ਨੇ। ਗੁਰਮੀਤ ਸਿੱਧੂ ਸ਼ਿਅਰ ਕਹਿੰਦਾ ਨਹੀਂ ਸਗੋਂ ਸ਼ਿਅਰ ਸਿਰਜਦਾ ਹੈ। ਉਸਦਾ ਹਰ ਸ਼ਿਅਰ ਗਹਿਰੇ ਅਰਥਾਂ ਵਾਲੀ ਤਸਵੀਰ ਸਿਰਜਦਾ ਜਾਪਦਾ ਹੈ। ਸਮਾਜੀ ਚੇਤਨਾ ਦੀ ਧਾਰ ਦੇ ਨਾਲ਼-ਨਾਲ਼ ਉਸ ਕੋਲ ਕਲਾ, ਕੋਮਲਤਾ ਅਤੇ ਨਵਾਂਪਨ ਵੀ ਹੈ।

ਅੱਜ ਵਿਸ਼ਵ ਵਿਆਪੀ ਉਦਾਸੀਨਤਾ ਦੇ ਆਲਮ ਵਿੱਚ ਉਸ ਦੇ ਸ਼ਿਅਰ ਆਸ਼ਾਵਾਦ ਦਾ ਲੜ ਇੰਜ ਫੜੀ ਰੱਖਦੇ ਨੇ:

*ਵਿਛੋੜਾ ਪੈ ਗਿਆ ਤਾਂ ਰੋਸ ਕਾਹਦਾ,*
*ਮਿਲਾਂਗੇ ਫਿਰ ਦਿਲਾਂ ਵਿੱਚ ਆਸ ਮਚਲੇ।*



*ਵਰ੍ਹੇਗਾ ਮੇਘ ਇੱਕ ਦਿਨ ਮਾਰੂਥਲ 'ਤੇ,*
*ਅਜੇ ਵੀ ਕਿਣਕਿਆਂ ਵਿੱਚ ਪਿਆਸ ਮਚਲੇ।*

ਦਿਲ ਦਰਿਆਵਾਂ ਦੀ ਫ਼ਿਤਰਤ ਬਿਆਨਦੇ ਇਸ ਸ਼ਿਅਰ ਦਾ ਨਿਵੇਕਲਾਪਨ ਦੇਖੋ:

*ਕਦੇ ਕਰਿਓ ਨਾ ਦਿਲ ਕਾਬੂ, ਇਹ ਝੱਲਾ ਹੈ ਇਹ ਬਾਗ਼ੀ ਹੈ,*
*ਜਿਹੜੀ ਵੀ ਚੀਜ਼ ਤੇ ਬੰਦਿਸ਼, ਉਸੇ ਦੀ ਤਸਕਰੀ ਹੋਵੇ।*

ਗੁਰਮੀਤ ਜ਼ਿੰਦਗੀ ਨੂੰ ਮਹਿਬੂਬ ਵਾਂਗ ਪਿਆਰਦਾ ਹੈ। ਉਹ ਤਾਰੇ ਤੋੜ ਕੇ ਸਿਰਫ ਮਹਿਬੂਬ ਦੀ ਜ਼ੁਲਫ਼ ਹੀ ਨਹੀਂ ਸਵਾਰਦਾ ਸਗੋਂ:

*ਫੁੱਲ, ਵਾ, ਖ਼ੁਸ਼ਬੋ, ਘਟਾਵਾਂ, ਚਾਨਣੀ ਵਿੱਚ ਘੋਲ਼ ਕੇ,*
*ਆ ਮੈਂ ਤੇਰੀ ਜ਼ੁਲਫ਼ ਹੁਣ, ਏਦਾਂ ਸਜ਼ਾਵਾਂ ਜ਼ਿੰਦਗੀ।*

ਸਾਡੇ ਸ਼ਾਇਰ ਦੇ ਸ਼ਿਅਰ, ਦੁਬਿਧਾ ਪੈਦਾ ਨਾ ਕਰਕੇ, ਫੈਸਲਾ ਕਰਦੇ ਪ੍ਰਤੀਤ ਹੁੰਦੇ ਨੇ:

*ਤਿਆਗੋ ਉਨ੍ਹਾਂ ਨੂੰ, ਤਿਆਗੋ, ਤਿਆਗੋ,*
*ਜਿਨ੍ਹਾਂ ਰਿਸ਼ਤਿਆਂ ਵਿੱਚ ਕੁੜੱਤਣ ਭਰੀ ਹੈ।*

ਕੈਨੇਡਾ ਵਿੱਚ ਖ਼ੁਸ਼ਹਾਲ ਜ਼ਿੰਦਗੀ ਜਿਉਂਦਾ ਗੁਰਮੀਤ ਕਿਰਤੀਆਂ ਦੇ ਨਾਲ ਖੜ੍ਹਦਾ ਹੈ, ਚਿੰਤਾ ਪ੍ਰਗਟਾਉਂਦਾ ਹੈ, ਵੰਗਾਰਦਾ ਹੈ:

*ਧਰ ਕੇ ਹੱਥਾਂ 'ਤੇ ਹੱਥ ਨੇ ਜਿਹੜੇ ਬੈਠ ਗਏ,*
*ਹੱਥ ਉਨ੍ਹਾਂ ਦੇ 'ਚ ਠੂਠੇ ਫੜ੍ਹੇ ਰਹਿਣਗੇ।*

ਪਿੰਡ ਦੀਆਂ ਪਗਡੰਡੀਆਂ ਤੋਂ ਬ੍ਰਹਿਮੰਡ ਤੱਕ ਪੁੱਜਦੀ ਇਸ ਗ਼ਜ਼ਲਕਾਰੀ ਦੀ ਆਮਦ 'ਤੇ ਸਵਾਗਤ ਕਰਦਾ ਹਾਂ।

**-ਕਵਿੰਦਰ ਚਾਂਦ**
*ਸਰੀ, (ਬੀਸੀ) ਕਨੇਡਾ*
*1-604-761-4504*

## ਸਾਧਨਾ 'ਚੋਂ ਉਪਜੀ ਸ਼ਾਇਰੀ

ਗੁਰਮੀਤ ਸਿੱਧੂ, ਗ਼ਜ਼ਲ ਖੇਤਰ ਵਿਚ ਮੂਲੋਂ ਨਵਾਂ ਨਾਂ ਹੈ ਅਤੇ 'ਪਿੰਡ ਤੋਂ ਬ੍ਰਹਿਮੰਡ' ਉਨ੍ਹਾਂ ਦੀ ਪਹਿਲੀ ਕਿਤਾਬ ਹੋਣ ਦੇ ਬਾਵਜੂਦ ਇਸ ਦੇ ਸ਼ਿਅਰ ਪੜ੍ਹ ਕੇ ਪਤਾ ਲੱਗਦਾ ਹੈ ਕਿ ਸ਼ਾਇਰ ਨੇ ਗ਼ਜ਼ਲ ਦੀ ਬਹੁਤ ਲੰਮੀ ਸਾਧਨਾ ਕੀਤੀ ਹੈ। ਉਸਦੇ ਸ਼ਬਦਾਂ ਦੀਆਂ ਪੈੜਾਂ ਸੱਚਮੁੱਚ ਹੀ ਪਿੰਡ ਤੋਂ ਸ਼ੁਰੂ ਹੋ ਕੇ ਖਿੱਤੀਆਂ ਤੀਕ ਫੈਲੀਆਂ ਹੋਈਆਂ ਦਿਸਦੀਆਂ ਹਨ। ਕੁਦਰਤ, ਸ਼ਾਇਰੀ ਦੀ ਦਾਤ ਸਬੱਬੀਂ ਬਖ਼ਸ਼ਦੀ ਹੈ। ਸ਼ਾਇਰ ਅੰਦਰ ਸ਼ਾਇਰੀ ਕਿੱਥੋਂ ਤੇ ਕਿਵੇਂ ਆ ਗਈ ਇਸ ਬਾਰੇ ਸ਼ਾਇਰ ਖ਼ੁਦ ਵੀ ਨਹੀਂ ਜਾਣਦਾ ਹੁੰਦਾ। ਇਸ ਦਾਤ ਪਿੱਛੋਂ ਉਸ ਨੂੰ ਜ਼ਮਾਨੇ ਦੀਆਂ ਹੋਰ ਸੁੱਖ-ਸੁਵਿਧਾਵਾਂ ਨਿਗੂਣੀਆਂ ਲੱਗਣ ਲੱਗ ਜਾਂਦੀਆਂ ਹਨ। ਆਪਣੇ ਅੰਦਰਲੇ ਇਸ ਅਹਿਸਾਸ ਨੂੰ ਸ਼ਬਦ ਦਿੰਦਿਆਂ ਗੁਰਮੀਤ ਹੋਰੀਂ ਆਖਦੇ ਹਨ;

*ਮੇਰੇ ਮਨ-ਮੰਦਰ ਵਿਚ ਕਿਸ ਨੇ ਹਰਫ਼ਾਂ ਦੀ ਲੋਅ ਕਰ ਦਿੱਤੀ,*
*ਮੈਨੂੰ ਜਾਪਣ ਲੱਗ ਪਿਆ ਹੁਣ ਮੈਂ ਸ਼ਾਇਰ ਹੋ ਜਾਣਾ ਹੈ।*

ਜਗਤ ਦੇ ਹਰ ਆਮ ਵਰਤਾਰੇ ਨੂੰ, ਸ਼ਾਇਰ ਇਕ ਖ਼ਾਸ ਨਜ਼ਰੀਏ ਨਾਲ ਦੇਖਦਾ ਹੈ। ਕੁਦਰਤ ਜਦੋਂ ਖਿੜਦੀ ਹੈ ਤਾਂ ਕਵੀ ਉਸ ਉੱਤੋਂ ਕਪਾਹ ਚੁਗਣ ਵਾਂਗ ਕਵਿਤਾਵਾਂ ਚੁਗਦਾ ਹੈ। ਗ਼ਜ਼ਲ ਦਾ ਇਕ ਮੰਝਿਆ ਸ਼ਾਇਰ, ਬਹਿਰ-ਵਜ਼ਨ ਦਾ ਰੱਖ-ਰਖਾਅ ਨਿਭਾਉਂਦਿਆਂ ਵੀ ਬਹੁਤ ਸਾਦੇ ਜਿਹੇ ਢੰਗ ਨਾਲ ਆਪਣੀ ਗੱਲ ਕਹਿ ਜਾਂਦਾ ਹੈ। ਗੁਰਮੀਤ ਸਿੱਧੂ ਹੁਰਾਂ ਦੀ ਸਿਰਜਣਾ ਵੀ ਇਨ੍ਹਾਂ ਪੜਾਵਾਂ ਚੋਂ ਲੰਘਦੀ ਪ੍ਰਤੀਤ ਹੁੰਦੀ ਹੈ। ਆਪਣੇ ਸ਼ਿਅਰਾਂ ਵਿਚ ਉਹ ਕਹਿੰਦਾ ਹੈ:

*ਤਨ ਦਾ ਚਰਖਾ, ਦਮ ਦੀ ਪੂਣੀ, ਕਰਦੀ ਜੋਟੇ ਜਿੰਦੂ।*
*ਮਿਸਰਾ ਮਿਸਰਾ ਕਰ ਕੇ ਕੱਤੇ, ਗ਼ਜ਼ਲ ਗਲੋਟੇ ਜਿੰਦੂ।*

*ਜੰਗਲ, ਪਰਬਤ, ਦਰਿਆ, ਪੰਛੀ, ਝੀਲ ਅਤੇ ਇਕ ਝਰਨਾ ਹੈ।*
*ਇਸ ਮੰਜ਼ਰ 'ਚੋਂ, ਸ਼ੋਖ਼ ਗ਼ਜ਼ਲ ਦਾ ਮਤਲਾ ਪਰਗਟ ਕਰਨਾ ਹੈ।*



ਇਸ ਕਿਤਾਬ ਵਿਚਲੀਆਂ ਗ਼ਜ਼ਲਾਂ, ਮਨੁੱਖੀ ਮਨ ਦੇ ਡੂੰਘੇ ਤਲ ਚੋਂ ਰੂਪਮਾਨ ਹੋਈਆਂ ਭਾਸਦੀਆਂ ਹਨ। ਕਿਤਾਬ ਹਰ ਵਿਸ਼ੇ ਨਾਲ ਹੀ ਇਨਸਾਫ਼ ਕਰਦੀ ਹੈ ਅਤੇ ਕਿਸੇ ਇਕ ਖ਼ਾਸ ਵਿਸ਼ੇ ਵੱਲ ਝੁਕਦੀ ਦਿਖਾਈ ਨਹੀਂ ਦਿੰਦੀ। ਸ਼ਾਇਰ, ਕੋਮਲ ਸ਼ਬਦਾਂ ਨੂੰ ਬਿੰਬਾਂ, ਤਸ਼ਬੀਹਾਂ ਦੇ ਗਹਿਣੇ ਪੁਆ ਕੇ ਨੱਚਣ ਲਾ ਦਿੰਦਾ ਹੈ। ਦੋ ਸਤਰਾਂ ਦਾ ਸ਼ਿਅਰ ਹੀ ਪਾਠਕ ਨੂੰ ਗਹਿਰੇ ਦਰਸ਼ਨ ਦੇ ਰੂਬਰੂ ਕਰਵਾ ਦਿੰਦਾ ਹੈ। ਮਿਸਾਲ ਦੇ ਤੌਰ ਤੇ:

*ਜੇ ਸਾਗਰ ਵਿਚ ਰਲ਼ਿਆ, ਪਰਲੋ ਆ ਜਾਣੀ,*
*ਧਰਤੀ ਮਾਂ ਦਾ ਅੱਥਰੂ ਖਾਰਾ ਸਾਂਭ ਲਵੋ।*

*ਮਾਰੂਥਲ ਦੀ ਪਿਆਸ ਦੂਣੀ ਕਰ ਗਿਆ,*
*ਸਾਗਰਾਂ 'ਤੇ ਮੇਘਲਾ ਜਦ ਵਰ੍ਹ ਗਿਆ।*

ਪਿਆਰ ਦੇ ਅਹਿਸਾਸ ਨੂੰ ਚਿੰਤਨ ਦੀ ਚਾਦਰ ਵਿਚ ਲਪੇਟ ਕੇ ਕਹਿਣਾ ਵੀ ਗੁਰਮੀਤ ਸਿੱਧੂ ਹੁਰਾਂ ਦਾ ਹਾਸਲ ਹੈ। ਮੁਹੱਬਤ ਅਤੇ ਵਿਛੋੜਾ ਦੁਨੀਆ ਤੇ ਸਭ ਤੋਂ ਪੁਰਾਣੇ ਅਹਿਸਾਸ ਹੋਣ ਦੇ ਬਾਵਜੂਦ, ਹਰ ਮਨੁੱਖ ਦੀ ਜ਼ਿੰਦਗੀ ਵਿਚ, ਨਵੇਂ ਬਣ ਕੇ ਆਉਂਦੇ ਹਨ। ਇਨ੍ਹਾਂ ਦੀ ਕਾਵਿਕ ਤਰਜ਼ਮਾਨੀ ਹਰ ਕੋਮਲ ਹਿਰਦੇ ਵਾਲ਼ੇ ਇਨਸਾਨ ਨੂੰ ਟੁੰਬਦੀ ਹੈ। ਹਿਜ਼ਰ ਦੀ ਬਾਤ ਪਾਉਂਦੇ, ਕਿਤਾਬ ਵਿਚਲੇ ਇਹ ਸ਼ਿਅਰ ਸਿੱਧੇ ਰੂਹ ਵਿਚ ਉੱਤਰ ਜਾਂਦੇ ਹਨ।

*ਹਰ ਵਾਰ ਹਿਜ਼ਰ ਦੀ ਹੀ ਚਰਚਾ 'ਚ ਰਾਤ ਗੁਜ਼ਰੀ,*
*ਕਿਉਂ ਨਾ ਮਿਲਣ ਦੀ ਸਾਥੋਂ ਗੱਲਬਾਤ ਤੋਰ ਹੋਵੇ।*

*ਮੇਰੀਆਂ ਨਾੜਾਂ 'ਚੋਂ ਕੋਈ ਪੌਣ ਬਣ ਕੇ ਗੁਜ਼ਰਿਆ,*
*ਬੰਸਰੀ ਦੀ ਹੂਕ ਸੁਣ ਕੇ, ਸ਼ਾਂਤ ਜੰਗਲ ਤੜਫਿਆ।*

ਮਨੁੱਖੀ ਸੁਭਾਅ ਵਿਚਲੀਆਂ ਰਮਜ਼ਾਂ ਸਮਝਣੀਆਂ ਅਤੇ ਉਨ੍ਹਾਂ ਨੂੰ ਸਲੀਕੇ ਨਾਲ ਸ਼ਬਦਾਂ ਵਿਚ ਸਜਾਉਣਾ, ਇਕ ਕਾਮਯਾਬ ਕਵੀ ਦੀ ਨਿਸ਼ਾਨੀ ਹੁੰਦੀ ਹੈ। ਹਰ ਸਫ਼ਲਤਾ ਦਾ ਸਿਹਰਾ ਆਪਣੇ ਸਿਰ ਬੰਨ੍ਹਣਾ ਅਤੇ ਆਪਣੀਆਂ ਅਸਫਲਤਾਵਾਂ ਲਈ ਦੂਜਿਆਂ ਨੂੰ ਦੋਸ਼ ਦੇਣਾ ਅਜੋਕੇ ਮਨੁੱਖ ਦੇ ਸੁਭਾਅ ਵਿਚ ਰਚਿਆ ਹੋਇਆ ਹੈ,

*ਸਹਿਜ, ਸੰਜਮ, ਜ਼ਾਬਤਾ, ਛੱਡੇ ਅਸੀਂ ਖ਼ੁਦ ਆਪ ਹੀ,*
*ਕਿਉਂ ਕਹੇਂ ਤੂੰ, ਪੱਛਮੀ ਕਲਚਰ ਨੇ ਸਾਨੂੰ ਮਾਰਿਆ।*

ਦੁਨੀਆ ਦੇ ਸਾਰੇ ਹੀ ਮਜ਼੍ਹਬਾਂ ਵਿਚ ਅਜੀਬ ਜਿਹੀਆਂ ਮਾਨਤਾਵਾਂ ਹਨ। ਇਹ ਜਿਸ ਵੀ ਧਰਮ ਵਿਚ ਹੋਣ, ਉਸ ਨੂੰ ਛੱਡ ਕੇ ਬਾਕੀ ਸਭ ਧਰਮਾਂ ਵਾਲਿਆਂ ਨੂੰ ਹਾਸੋਹੀਣੀਆਂ ਲਗਦੀਆਂ ਹਨ। ਗੁਰਮੀਤ ਹੁਰਾਂ ਦਾ ਇਹ ਸ਼ਿਅਰ ਸੋਚਣ ਲਈ ਮਜਬੂਰ ਕਰ ਦਿੰਦਾ ਹੈ:

*ਤੂੰ ਹੂਰਾਂ ਦਾ ਦੱਸ, ਅਪਸਰਾਵਾਂ ਦਾ ਪੁੱਛ ਲੈ,*
*ਇਹ ਮਸਜਿਦ ਨੂੰ ਕਹਿੰਦਾ, ਮੈਂ ਸੁਣਿਆ ਸ਼ਿਵਾਲਾ।*

ਇਨਸਾਨੀ ਰਿਸ਼ਤਿਆਂ ਬਾਰੇ, ਸ਼ਾਇਰ ਅਕਸਰ ਹੀ ਸੰਵੇਦਨਸ਼ੀਲ ਹੁੰਦੇ ਹਨ। ਗੁਰਮੀਤ ਸਿੱਧੂ ਹੁਰੀਂ ਵੀ ਇਸ ਮਾਮਲੇ ਵਿਚ ਅਪਵਾਦ ਨਹੀਂ ਹਨ। ਧੀ ਦੇ ਰਿਸ਼ਤੇ ਬਾਰੇ ਲਿਖਿਆ ਉਨ੍ਹਾਂ ਦਾ ਇਹ ਸ਼ਿਅਰ, ਉਨ੍ਹਾਂ ਦੇ ਕਿਰਦਾਰ ਦੀ ਬੁਲੰਦੀ ਨੂੰ ਉਜਾਗਰ ਕਰਦਾ ਹੈ।

*ਸੱਚ, ਸੁਹੱਪਣ, ਸ਼ਿਵ ਤਿੰਨਾਂ ਲਈ ਇਕ ਸ਼ਬਦ ਹੈ ਕੀ?*
*ਦੁਨੀਆਂ ਪੜ੍ਹਦੀ ਰਹੀ ਕਿਤਾਬਾਂ, ਮੈਂ ਲਿਖ ਦਿੱਤਾ ਧੀ।*

ਅੱਜਕੱਲ੍ਹ ਭਾਰਤ ਵਿਚ ਕੁਝ ਸਿਰ-ਫਿਰੇ ਲੋਕ, ਨਸਲਵਾਦੀ ਟਿੱਪਣੀਆਂ ਕਰਨ ਦਾ ਹੀ ਕਾਰੋਬਾਰ ਕਰ ਰਹੇ ਹਨ। ਕਈ ਵਾਰ ਅਜਿਹੀਆਂ ਟਿੱਪਣੀਆਂ ਆਮ ਲੋਕਾਂ ਦੇ ਜਜ਼ਬਾਤ ਵਲੂੰਧਰ ਦਿੰਦੀਆਂ ਹਨ। ਅਗਲੇ ਸ਼ਿਅਰ, ਅਜਿਹੇ ਹੀ ਕਿਸੇ ਟਿੱਪਣੀ ਦੇ ਫਲਸਰੂਪ ਉਪਜੇ ਰੋਸ ਦਾ ਨਤੀਜਾ ਹਨ:

*ਸਾਨੂੰ ਦੇਸ਼ ਧਰੋਹੀ ਕਹਿਣੋਂ ਪਹਿਲਾਂ ਸੋਚ ਤਾਂ ਲੈਣਾ ਸੀ,*
*ਕਿਹਨਾਂ ਦੇ ਸਿਰ ਮੁਕਟ ਸਜੇ ਤੇ ਮਕਤਲ ਅੰਦਰ ਕਿਹੜੇ ਗਏ।*

*ਜਿਹਦੇ ਲਈ ਤਲ਼ੀ ਸੀਸ ਧਰ ਕੇ ਲੜੇ ਹਾਂ।*
*ਉਸੇ ਧਰਤ ਉੱਤੇ ਹੀ ਜੀਂਦੇ ਸੜੇ ਹਾਂ।*

ਕਿਤਾਬ ਵਿਚ ਹੋਰ ਵੀ ਬਹੁਤ ਸ਼ਿਅਰ ਹਨ ਜਿਨ੍ਹਾਂ ਬਾਰੇ ਲੰਮੀ-ਚੌੜੀ ਗੱਲਬਾਤ ਕੀਤੀ ਜਾ ਸਕਦੀ ਹੈ, ਪਰ ਮੈਂ ਪਾਠਕਾਂ ਅਤੇ ਸ਼ਾਇਰੀ ਵਿਚਾਲੇ ਹੋਰ ਨਾ



ਆਉਂਦਾ ਹੋਇਆ, ਗੁਰਮੀਤ ਸਿੱਧੂ ਹੁਰਾਂ ਨੂੰ ਇਸ ਕਿਤਾਬ ਵਾਸਤੇ ਬਹੁਤ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਆਉਣ ਵਾਲ਼ੇ ਸਮੇਂ ਵਿਚ ਉਹ ਗ਼ਜ਼ਲ ਦੇ ਰਾਹਾਂ ਵਿਚ ਹੋਰ ਵੀ ਡੂੰਘੀਆਂ ਪੈੜਾਂ ਪਾਵੇਗਾ।

**ਰਾਜਵੰਤ ਰਾਜ**
*ਸਰੀ, ਬੀ ਸੀ ਕਨੇਡਾ*
*1-778-895-4891*

# ਮੈਂ ਅਤੇ ਮੇਰੀ ਗ਼ਜ਼ਲ

ਮੈਂ ਗੁਰਮੀਤ ਸਿੰਘ ਸਿੱਧੂ, ਕੀ ਹਾਂ ? ਕੌਣ ਹਾਂ ? ਕੁਝ ਵੀ ਤੇ ਨਹੀਂ ! ਬਸ "ਹਾਡ ਮਾਸ ਨਾੜੀ ਕੋ ਪਿੰਜਰੁ" ਪ੍ਰੰਤੂ ਇਸ ਪਿੰਜਰ ਵਿੱਚ ਜੋ "ਪੰਖੀ ਬਸੈ ਬਿਚਾਰਾ", ਉਹ ਬਹੁਤ ਕੁਝ ਹੋਣਾ ਲੋਚਦਾ ਹੈ। ਇਸ ਪਰਿੰਦੇ ਦੀ ਇਹ ਲੋਚਾ ਅਤੇ ਇਸ ਅੰਦਰਲੀ ਮੈਂ ਆਪਸ ਵਿੱਚ ਖਹਿੰਦੀਆਂ ਰਹਿੰਦੀਆਂ ਹਨ। ਜਦੋਂ ਤੱਕ ਇਹ ਮੈਂ, ਸਿਰਫ ਮੈਂ ਤੱਕ ਰਹਿੰਦੀ ਹੈ ਤਾਂ ਕੁਝ ਉਸਾਰੂ ਸਿੱਟਿਆਂ ਦੀ ਆਸ ਬਣੀ ਰਹਿੰਦੀ ਹੈ, ਪ੍ਰੰਤੂ ਜਦੋਂ ਇਹ ਆਪਣਾ ਆਪ ਦੁਹਰਾ ਕੇ ਮੈਂ-ਮੈਂ ਦਾ ਪ੍ਰਚੰਡ ਰੂਪ ਧਾਰਦੀ ਹੈ ਤਾਂ ਮਾਰੂ ਅਤੇ ਭਿਆਨਕ ਸਿੱਟਿਆਂ ਦਾ ਡਰ ਬਣ ਜਾਂਦਾ ਹੈ ਕਿਉਂਕਿ ਇਹ ਹਓਮੈ ਵੱਖੀ ਵਿੱਚ ਢੁੱਡਾਂ ਮਾਰਦੀ ਰਹਿੰਦੀ ਹੈ। ਹਾਂ ! ਇਸ ਨੂੰ ਕਾਬੂ ਕਰਨ ਦੇ ਕੁਝ ਕੁ ਉਪਾਅ ਗੁਰੂ ਕਿਰਪਾ ਨਾਲ਼ ਚੇਤੇ ਹੈਨ ਅਤੇ ਜਲਦੀ ਹੀ ਇਸ ਨੂੰ ਝਾਬੂ ਪਾ ਲੈਂਦਾ ਹਾਂ।

ਮੇਰਾ ਜਨਮ ਜਿਲ੍ਹਾ ਜਲੰਧਰ ਦੇ ਕਰਤਾਰਪੁਰ ਬਲਾਕ ਵਿੱਚ ਪੈਂਦੇ ਇੱਕ ਛੋਟੇ ਜਿਹੇ ਪਿੰਡ ਕੁੱਦੋਵਾਲ ਦਾ ਹੈ। ਮਾਂ ਬਾਪ ਕੋਰੇ ਅਨਪੜ੍ਹ ਪਰ ਸਿਰੇ ਦੇ ਮਿਹਨਤੀ। ਇੱਕ ਵੱਡਾ ਭਰਾ ਅਤੇ ਇੱਕ ਛੋਟੀ ਭੈਣ, ਕੁਲ ਮਿਲਾ ਕੇ ਪੰਜ ਜੀਆਂ ਦਾ ਛੋਟਾ ਜਿਹਾ ਪਰਿਵਾਰ। ਬਚਪਨ ਆਮ ਸਧਾਰਣ ਕਿਸਾਨ ਪਰਿਵਾਰਾਂ ਦੇ ਨਿਆਣਿਆਂ ਵਾਂਗ ਸਾਰਾ ਦਿਨ ਮਟਰ-ਗਸ਼ਤੀ ਕਰਦਿਆਂ, ਪਸ਼ੂ ਚਾਰਦਿਆਂ, ਗੁੱਲੀ-ਡੰਡਾ, ਪਿੱਠੂ-ਕੈਮ, ਕੋਟਲਾ-ਛਪਾਕੀ, ਖਿੱਦੋ-ਖੂੰਡੀ, ਲੁਕਣ-ਮੀਟੀ, ਬਾਂਦਰ ਕੀਲਾ, ਨੱਕਾ-ਪੂਰ, ਕਲੀ-ਜੋਟਾ, ਚਾਹਲਾਂ ਅਤੇ ਬੰਟੇ ਖੇਡਦਿਆਂ ਬੀਤਿਆ। ਲਾਗਲੇ ਪਿੰਡ ਮਾਨਾ ਤਲਵੰਡੀ ਦੇ ਸਕੂਲ ਤੋਂ ਦਸਵੀਂ ਕਰਨ ਤੋਂ ਬਾਅਦ ਦੋ ਸਾਲ ਡੀ ਏ ਵੀ ਕਾਲਜ ਜਲੰਧਰ ਵਿੱਚ ਨੌਨ ਮੈਡੀਕਲ ਦੀ ਪੜ੍ਹਾਈ ਅਤੇ ਫਿਰ ਤਿੰਨ-ਸਾਲਾ ਮਕੈਨੀਕਲ ਇੰਜੀਨੀਅਰਿੰਗ ਦਾ ਡਿਪਲੋਮਾ ਕੀਤਾ। ਚਾਰ ਕੁ ਸਾਲ ਪ੍ਰਾਈਵੇਟ ਸੈਕਟਰ ਵਿੱਚ ਨੌਕਰੀ ਕਰਨ ਉਪਰੰਤ 1991 ਵਿੱਚ ਕਨੇਡਾ ਪਰਵਾਸ ਹੋ ਗਿਆ। ਫਿਰ ਪਰਿਵਾਰ, ਬੱਚੇ ਅਤੇ ਕੰਮਕਾਰ, ਜੋ ਹੁਣ ਤੱਕ ਜਾਰੀ ਹੈ।

ਕਵਿਤਾ ਦੀ ਚੇਟਕ ਤਾਂ ਤਕਰੀਬਨ ਅੱਠਵੀ-ਨੌਂਵੀਂ ਜਮਾਤ ਤੋਂ ਹੀ ਸੀ, ਮਾੜੀ-ਮੋਟੀ ਤੁਕਬੰਦੀ ਕਰ ਲੈਂਦਾ ਸਾਂ। ਕਾਲਜ ਦੇ ਜ਼ਮਾਨੇ ਵਿੱਚ ਯਾਰਾਂ ਬੇਲੀਆਂ ਦਾ ਘੇਰਾ ਸਾਹਿਤਕ ਨਾ ਹੋਣ ਕਰਕੇ ਇਹ ਸ਼ੌਕ ਅੰਦਰੋ-ਅੰਦਰੀ ਪਲ਼ਦਾ ਰਿਹਾ। ਜੇ



ਕਿਧਰੇ ਇਸਨੇ ਉਬਾਲ਼ਾ ਮਾਰਨਾ ਤਾਂ ਮਿੱਤਰ ਜੁੰਡਲੀ ਵਲੋਂ ਜੁਮਲੇ ਸੁਣਨ ਨੂੰ ਮਿਲਣੇ। ਜਿਵੇਂ 'ਆ ਬਈ ਸ਼ਿਵ ਕੁਮਾਰਾ' ਜਾਂ 'ਹਾਂ ਬਈ ਅੱਜ ਕੋਈ ਕਵਿਤਾ-ਕੁਵਿਤਾ ਉੱਤਰੀ ਕਿ ਨਹੀਂ' ਇਤਿਆਦੀ।

ਮੇਰਾ ਪੁਸਤਕਾਂ ਪੜ੍ਹਨ ਵੱਲ ਝੁਕਾਅ ਡਿਪਲੋਮੇ ਦੀ ਪੜ੍ਹਾਈ ਦੌਰਾਨ ਹੀ ਹੋ ਗਿਆ ਸੀ। ਪੜ੍ਹਨ ਦਾ ਵਹਾਅ ਅਤੇ ਗਤੀ ਬਹੁਤ ਸੋਹਣੀ ਹੋ ਗਈ। ਇੱਕ ਔਸਤ-ਆਕਾਰੀ ਨਾਵਲ ਤਕਰੀਬਨ ਤਿੰਨ ਸਾਢੇ ਤਿੰਨ ਘੰਟਿਆਂ ਵਿੱਚ ਪੜ੍ਹ ਲੈਂਦਾ ਸਾਂ। ਉਹਨਾਂ ਦਿਨਾਂ ਵਿੱਚ ਮੈਂ ਕਵਿਤਾਵਾਂ ਹਿੰਦੀ ਤੇ ਪੰਜਾਬੀ ਦੋਹਾਂ ਜ਼ੁਬਾਨਾਂ ਵਿੱਚ ਲਿਖਦਾ ਰਹਿੰਦਾ ਸਾਂ। ਮੈਨੂੰ ਇਸ ਗੱਲ ਦਾ ਬਹੁਤ ਮਲਾਲ ਹੈ ਕਿ ਮੈਂ ਉਹ ਸਾਰੀਆਂ ਕਵਿਤਾਵਾਂ ਕਦੀ ਸਾਂਭੀਆਂ ਨਹੀਂ, ਸਿਵਾਏ ਇੱਕਾ-ਦੁੱਕਾ ਕਵਿਤਾਵਾਂ ਤੋਂ, ਜੋ ਬਹੁਤ ਦੇਰ ਬਾਅਦ ਫਰੋਲ਼ਾ-ਫਰੋਲ਼ੀ ਦੌਰਾਨ ਮਿਲ਼ੀਆਂ ਸਨ।

ਫਿਰ ਕਨੇਡਾ ਵਿੱਚ ਵੀ 1991 ਤੋਂ 2000 ਤੱਕ ਟਾਵੀਂ-ਟਾਵੀਂ ਕਵਿਤਾ ਲਿਖਦੇ ਰਹਿਣਾ। ਹਾਂ, ਕਨੇਡਾ ਵਿੱਚ ਲਿਖੀਆਂ ਸਾਰੀਆਂ ਕਵਿਤਾਵਾਂ ਪੰਜਾਬੀ ਵਿੱਚ ਹੀ ਸਨ ਪਰ ਇਹ ਸਭ ਕਿਸੇ ਪਿੰਗਲ ਜਾਂ ਅਰੂਜ਼ ਦੀ ਜਾਣਕਾਰੀ ਬਗੈਰ, ਅੰਦਰ ਚੱਲ ਰਹੇ ਰਿਦਮ ਦੇ ਸਹਾਰੇ ਹੀ ਲਿਖੀਆਂ ਸਨ। 1999 ਦੇ ਅਖੀਰ ਵਿੱਚ ਅਸੀਂ ਇੱਕ ਪੰਜਾਬੀ ਦਾ ਹਫਤਾਵਾਰੀ ਪਰਚਾ 'ਦੇਸ ਪਰਦੇਸ' ਕੱਢਣਾ ਸ਼ੁਰੂ ਕੀਤਾ ਜਿਸ ਦੇ ਸੰਪਾਦਕ ਮੇਰੇ ਵੱਡੇ ਭਾਈ ਸਾਹਿਬ ਸ. ਅਜਾਇਬ ਸਿੰਘ ਸਿੱਧੂ ਸਨ। ਇਹ ਪਰਚਾ ਬਾਅਦ ਵਿੱਚ ਰੋਜਾਨਾ ਵੀ ਛਪਿਆ ਅਤੇ ਭਾਰਤ ਤੋਂ ਬਾਹਰ ਰੋਜਾਨਾ ਛਪਣ ਵਾਲਾ ਪਹਿਲਾ ਪਰਚਾ ਹੋ ਨਿਬੜਿਆ। ਇਸ ਪਰਚੇ ਦਾ ਉਦਘਾਟਨ ਕਰਨ ਲਈ ਪੰਜਾਬੀ ਦੇ ਮਹਾਨ ਨਾਵਲਕਾਰ ਸ. ਜਸਵੰਤ ਸਿੰਘ ਕੰਵਲ ਅਤੇ ਸਾਹਿਤ ਜਗਤ ਦੀ ਮਹਾਨ ਹਸਤੀ ਜਨਮੇਜਾ ਸਿੰਘ ਜੌਹਲ ਆਏ ਸਨ। ਉਹ ਦੋਵੇਂ ਸੱਜਣ ਤਿੰਨ-ਚਾਰ ਹਫਤੇ ਸਾਡੇ ਨਾਲ ਸਾਡੇ ਗ੍ਰਹਿ ਵਿਖੇ ਹੀ ਠਹਿਰੇ ਸਨ। ਕੰਵਲ ਸਾਹਿਬ ਨਾਲ਼ ਸਵੇਰੇ ਸ਼ਾਮ ਗੱਲਬਾਤ ਹੁੰਦੀ ਰਹਿੰਦੀ ਸੀ। ਕਵਿਤਾ ਦੀ ਗੱਲ ਚੱਲਣੀ ਤੇ ਲੰਬੀ ਹੋ ਤੁਰਨੀ। ਇੱਕ ਦਿਨ ਕਹਿੰਦੇ "ਕਾਕਾ ਲਿਆ ਵਿਖਾ ਤਾਂ ਸਹੀ ਤੂੰ ਕਿਹੜੀ ਕਵਿਤਾ ਲਿਖਦੈਂ" ਮੈਂ ਦਸ-ਬਾਰਾਂ ਕਵਿਤਾਵਾਂ ਉਹਨਾਂ ਨੂੰ ਦਿਖਾਈਆਂ। ਉਹਨਾਂ ਕੁਝ ਸਿਫਤ ਕੀਤੀ ਤੇ ਬਹੁਤੇ ਨੁਕਸ ਕੱਢੇ ਤੇ ਨਾਲ਼ ਦੀ ਨਾਲ਼ ਕੁਝ ਨੁਕਤੇ ਵੀ ਸਮਝਾਏ। ਉਹਨਾਂ ਪਿੰਗਲ ਤੇ ਅਰੂਜ਼ ਦਾ ਗਿਆਨ ਹਾਸਲ ਕਰਨ ਲਈ ਜ਼ੋਰ ਦਿੱਤਾ ਅਤੇ ਭਵਿੱਖ ਵਿੱਚ ਜੋ ਵੀ ਲਿਖਾਂ ਉਸ ਨੂੰ ਸੰਭਾਲਣ ਵਾਸਤੇ ਕਿਹਾ। 'ਸਤਿ ਬਚਨ ਜੀ' ਕਹਿ ਆਪਾਂ ਇਹ ਕਵਿਤਾਵਾਂ ਜੋ ਜ਼ਿਆਦਾਤਰ ਗੀਤ ਹੀ ਸਨ, ਸਾਂਭਣੀਆਂ ਸ਼ੁਰੂ ਕਰ ਦਿੱਤੀਆਂ।

ਮੈਂ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਅਤੇ ਪੰਜਾਬੀ ਲੇਖਕ ਮੰਚ ਦੀਆਂ ਮਹੀਨਾਵਾਰ ਸਾਹਿਤਕ ਮਹਿਫਲਾਂ ਵਿੱਚ ਸ਼ੁਰੂ ਤੋਂ ਹੀ ਸ਼ਾਮਲ ਹੁੰਦਾ ਰਿਹਾ ਸਾਂ, ਪ੍ਰੰਤੂ ਕਦੀ ਸਟੇਜ 'ਤੇ ਨਹੀਂ ਸੀ ਬੋਲਿਆ। ਫਿਰ ਸਾਲ 2000 ਵਿੱਚ ਸਟੇਜ 'ਤੇ ਜਾਣਾ ਤੇ ਬੋਲਣਾ ਸ਼ੁਰੂ ਕੀਤਾ। ਪਹਿਲਾਂ ਤਾਂ ਬੜਾ ਔਖਾ ਲੱਗਾ, ਹੌਲ਼ੀ-ਹੌਲ਼ੀ ਅਭਿਆਸ ਹੁੰਦਾ ਗਿਆ ਤੇ ਸੰਗ ਲੱਥਦੀ ਗਈ। ਇਹਨਾਂ ਹੀ ਮਹਿਫਲਾਂ ਵਿੱਚ ਗੁਰਦੇਵ ਸਿੰਘ ਮਾਨ, ਡਾ ਗੁਰੂਮੇਲ ਸਿੱਧੂ, ਰਵਿੰਦਰ ਰਵੀ, ਗਿੱਲ ਮੋਰਾਂਵਾਲੀ, ਮਨਜੀਤ ਮੀਤ, ਗੁਰਚਰਨ ਰਾਮਪੁਰੀ, ਚਰਨ ਵਿਰਦੀ, ਡਾ ਮੇਜਰ ਸਿੰਘ ਰੰਧਾਵਾ, ਜਗਦੇਵ ਸਿੰਘ ਜਟਾਣਾ, ਜੋਗਿੰਦਰ ਸ਼ਮਸ਼ੇਰ, ਕੇਵਲ ਸਿੰਘ ਨਿਰਦੋਸ਼, ਜਰਨੈਲ ਸਿੰਘ ਸੇਖਾ, ਡਾ: ਸਾਧੂ ਸਿੰਘ, ਅਜਮੇਰ ਰੋਡੇ, ਸੁਰਜੀਤ ਕਲਸੀ, ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ ਕੌਰ ਟੋਰੰਟੋ, ਡਾ: ਗੁਰਮਿੰਦਰ ਕੌਰ ਸਿੱਧੂ, ਇੰਦਰਜੀਤ ਕੌਰ ਸਿੱਧੂ, ਹਰਕੀਰਤ ਕੌਰ ਚਾਹਲ, ਪਰਮਿੰਦਰ ਕੌਰ ਸਵੈਚ, ਸਾਧੂ ਸਿੰਘ ਬਿਨਿੰਗ, ਸੋਹਣ ਸਿੰਘ ਪੂਨੀ, ਬਖਸ਼ਿੰਦਰ, ਪ੍ਰਿਥੀਪਾਲ ਸਿੰਘ ਸੋਹੀ, ਪ੍ਰਿੰਸੀਪਲ ਕਸ਼ਮੀਰਾ ਸਿੰਘ, ਡਾ: ਗੁਰਵਿੰਦਰ ਸਿੰਘ ਧਾਲੀਵਾਲ, ਬਿੱਕਰ ਸਿੰਘ ਖੋਸਾ, ਮੋਹਣ ਗਿੱਲ, ਹਰਚੰਦ ਸਿੰਘ ਬਾਗੜੀ, ਸੁਰਜੀਤ ਮਾਧੋਪੁਰੀ, ਪ੍ਰਿਤਪਾਲ ਗਿੱਲ ਅਤੇ ਪਲਵਿੰਦਰ ਸਿੰਘ ਰੰਧਾਵਾ ਆਦਿ ਕਨੇਡਾ ਅਮਰੀਕਾ ਵਸਦੇ, ਬਹੁਵਿਧਾਵੀ ਸਾਹਿਤਕਾਰਾਂ ਤੇ ਵਿਚਾਰਕਾਂ ਦਾ ਸੰਗ ਕਰਨ ਦਾ ਸਬੱਬ ਬਣਿਆ। ਇਸ ਤੋਂ ਇਲਾਵਾ ਗਿੱਲ ਮਨਸੂਰ ਸਾਹਿਬ, ਹਰਭਜਨ ਸਿੰਘ ਮਾਂਗਟ, ਨਦੀਮ ਪਰਮਾਰ, ਉਸਤਾਦ ਕ੍ਰਿਸ਼ਨ ਭਨੋਟ, ਜਸਵਿੰਦਰ, ਕੁਲਵਿੰਦਰ, ਕਵਿੰਦਰ ਚਾਂਦ, ਸੁਰਿੰਦਰ ਸੋਹਲ, ਜੀਵਨ ਰਾਮਪੁਰੀ, ਕ੍ਰਿਸ਼ਨ ਬੈਕਟਰ, ਸਤੀਸ਼ ਗੁਲਾਟੀ, ਇੰਦਰਜੀਤ ਸਿੰਘ ਧਾਮੀ, ਅਮਰੀਕ ਪਲਾਹੀ, ਗੁਰਦਰਸ਼ਨ ਬਾਦਲ, ਰਾਜਵੰਤ ਰਾਜ, ਦਸਮੇਸ਼ ਗਿੱਲ ਫ਼ਿਰੋਜ਼, ਹਰਦਮ ਮਾਨ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਬਲਦੇਵ ਸੀਹਰਾ, ਹਰੀ ਸਿੰਘ ਤਾਤਲਾ, ਦਵਿੰਦਰ ਸਿੰਘ ਪੂਨੀਆ, ਜਗਜੀਤ ਸੰਧੂ, ਮਹਿਮਾ ਸਿੰਘ ਤੂਰ, ਪਾਲ ਢਿੱਲੋਂ, ਜਤਿੰਦਰ ਲਸਾੜਾ ਅਤੇ ਅੰਮ੍ਰਿਤ ਦਿਵਾਨਾ ਆਦਿ ਸਥਾਨਕ ਗ਼ਜ਼ਲਕਾਰਾਂ ਨਾਲ ਸਟੇਜ ਸਾਂਝੀ ਕਰਨ ਦਾ ਵੀ ਮੌਕਾ ਮਿਲਿਆ।

ਜਦੋਂ ਇੰਦਰਜੀਤ ਸਿੰਘ ਧਾਮੀ ਦੇ ਕਹਿਣ 'ਤੇ ਉਸਤਾਦ ਕ੍ਰਿਸ਼ਨ ਭਨੋਟ ਹੁਰਾਂ ਤੋਂ ਅਰੂਜ਼ ਦੇ ਗੁੰਝਲਦਾਰ ਸੂਤਰ ਸਮਝਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਕਿਹਾ ਕਿ ਮੇਰੀਆਂ ਕਵਿਤਾਵਾਂ ਗ਼ਜ਼ਲ ਵਿਧਾ ਦੇ ਬਹੁਤ ਨੇੜੇ ਹਨ ਅਤੇ ਕੋਸ਼ਿਸ਼ ਕਰਕੇ ਲਿਖਣ ਕਲਾ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਫਿਰ ਉਹਨਾਂ ਦੀ ਰਹਿਨੁਮਾਈ ਵਿੱਚ, 2018 ਦੇ ਦੂਸਰੇ ਅੱਧ ਤੋਂ ਮੈਂ ਤਕਰੀਬਨ ਗ਼ਜ਼ਲ ਹੀ ਕਹੀ ਹੈ।



ਉਸ ਤੋਂ ਬਾਅਦ ਗ਼ਜ਼ਲ ਮੰਚ ਸਰੀ ਦਾ ਮੈਂਬਰ ਬਣਨ ਅਤੇ ਇਸ ਮੰਚ ਦੀਆਂ ਬੈਠਕਾਂ ਵਿੱਚ ਸ਼ਾਮਲ ਹੋਣ ਨਾਲ਼ ਗ਼ਜ਼ਲ ਬਾਰੇ ਬਹੁਤ ਕੁਝ ਜਾਣਿਆ। ਗ਼ਜ਼ਲ ਮੰਚ ਸਰੀ ਦੇ ਸਮੂਹ ਮੈਂਬਰਾਂ ਦਾ ਬਹੁਤ ਬਹੁਤ ਧੰਨਵਾਦ ਜਿਹਨਾਂ ਨੇ ਆਪੋ ਆਪਣੀ ਸਮਰੱਥਾ ਅਨੁਸਾਰ ਮੈਨੂੰ ਗ਼ਜ਼ਲ ਬਾਬਤ ਜਾਣਕਾਰੀ ਅਤੇ ਸਲਾਹ ਦਿੱਤੀ।

'ਪਿੰਡ ਤੋਂ ਬ੍ਰਹਿਮੰਡ' ਮੇਰਾ ਪਲੇਠਾ ਗ਼ਜ਼ਲ ਸੰਗ੍ਰਹਿ ਹੈ ਅਤੇ ਪਹਿਲੀ ਪੁਸਤਕ ਵੀ। ਗੁਰਬਾਣੀ ਕਥਨ "ਪਹਿਲੇ ਪਹਿਰੇ ਰੈਣ ਕੇ" ਅਨੁਸਾਰ ਮਨੁੱਖੀ ਜੀਵਨ ਦੇ ਪਹਿਲੇ ਪਹਿਰੇ (ਅਰੰਭ) ਵਾਂਗ ਇਹ ਮੇਰੇ ਸਾਹਿਤਕ ਸਫ਼ਰ ਦਾ ਪਹਿਲਾ ਪੜਾਅ ਹੈ। ਸਰੀਰਕ ਤੌਰ 'ਤੇ ਮੈਂ ਬੇਸ਼ਕ ਛੇ ਦਹਾਕੇ ਪੂਰੇ ਕਰ ਚੁੱਕਿਆ ਹਾਂ, ਪ੍ਰੰਤੂ ਕਵਿਤਾ ਦੇ ਖੇਤਰ ਵਿੱਚ ਇਹ ਮੇਰਾ ਬਚਪਨ ਹੀ ਹੈ। ਜ਼ਾਹਿਰ ਹੈ ਕਿ ਬਚਪਨ ਵਿੱਚ ਮਨੁੱਖ ਸਭ ਕੁਝ ਸਹੀ ਤਾਂ ਨਹੀ ਕਰਦਾ, ਪ੍ਰੰਤੂ ਹਾਂ! ਇਹ ਸਹੀ ਹੈ ਕਿ ਉਹ ਜੋ ਕੁਝ ਵੀ ਕਰਦਾ ਹੈ ਦਿਲੋਂ ਕਰਦਾ ਹੈ - ਬਿਨਾਂ ਕਿਸੇ ਵਲ਼-ਵਿੰਗ ਜਾਂ ਲਗ-ਲਪੇਟ ਤੋਂ ਅਤੇ ਮੈਂ ਵੀ ਇਹ ਕੋਸ਼ਿਸ਼ ਦਿਲੋਂ ਹੀ ਕੀਤੀ ਹੈ। ਕੁਝ ਦੋਸਤਾਂ ਦੀ ਰਾਇ ਸੀ ਕਿ ਪੁਸਤਕ ਵਿੱਚ 60-65 ਗ਼ਜ਼ਲਾਂ ਹੀ ਸ਼ਾਮਲ ਕੀਤੀਆਂ ਜਾਣ, ਪਰ ਮੈਂ ਪੁਸਤਕਾਂ ਦੀ ਗਿਣਤੀ ਵਧਾਉਣ ਦੇ ਚੱਕਰ ਵਿੱਚ ਨਹੀਂ ਪੈਣਾ ਚਾਹੁੰਦਾ ਸਾਂ। ਇਸ ਲਈ ਜੋ ਵੀ ਸ਼ਬਦ ਸਰਮਾਇਆ ਕੋਲ਼ ਸੀ, ਸਭ ਗ਼ਜ਼ਲਾਂ ਦੇ ਰੂਪ ਵਿੱਚ ਇਸ ਪੁਸਤਕ ਰਾਹੀਂ ਸਾਹਿਤ ਪ੍ਰੇਮੀਆਂ ਦੇ ਹਵਾਲੇ ਕਰ ਦਿੱਤਾ ਹੈ।

ਕ੍ਰਿਸ਼ਨ ਭਨੋਟ, ਕਵਿੰਦਰ ਚਾਂਦ ਅਤੇ ਰਾਜਵੰਤ ਰਾਜ ਦਾ ਇਸ ਪੁਸਤਕ ਦੇ ਖਰੜੇ ਨੂੰ ਪੜ੍ਹਨ ਅਤੇ ਇਸ ਬਾਰੇ ਕੁਝ ਸ਼ਬਦ ਲਿਖਣ ਲਈ ਉਚੇਚੇ ਤੌਰ ਤੇ ਧੰਨਵਾਦ ਕਰਦਾ ਹਾਂ। ਇਸਦੇ ਨਾਲ਼ ਹੀ ਪੁਸਤਕ ਦੀ ਪਰੂਫ ਰੀਡਿੰਗ ਕਰਨ ਅਤੇ ਆਪਣੀ ਸਾਹਿਤਕ ਸੂਝ ਨਾਲ ਮੇਰੇ ਮਾਰਗ ਦਰਸ਼ਣ ਵਾਸਤੇ, ਵੱਡੇ ਵੀਰ ਅਜਾਇਬ ਸਿੰਘ ਸਿੱਧੂ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਪਣਾ ਕੀਮਤੀ ਵਕਤ ਇਸ ਕਾਰਜ ਨੂੰ ਸਮਰਪਤ ਕੀਤਾ। ਮੈਨੂੰ ਇਸ ਕਾਰਜ ਲਈ ਉਤਸਾਹਿਤ ਕਰਦੇ ਰਹਿਣ ਵਾਸਤੇ ਮੇਰੇ ਪਿਤਾ ਜੀ ਸ: ਨਾਜ਼ਰ ਸਿੰਘ ਸਿੱਧੂ, ਮਾਤਾ ਜੀ ਬੀਬੀ ਪ੍ਰੀਤਮ ਕੌਰ ਸਿੱਧੂ, ਬੇਟੀ ਤਰਵਿੰਦਰ ਕੌਰ ਸਿੱਧੂ (ਭਿੰਡਰ), ਬੇਟੀ ਜਸਮੀਤ ਕੌਰ ਸਿੱਧੂ (ਕੰਗ) ਅਤੇ ਬੇਟਾ ਦਿਲਮੀਤ ਸਿੰਘ ਸਿੱਧੂ ਸਭ ਦਾ ਸ਼ੁਕਰਾਨਾ। ਮੈਂ ਖਾਸ ਤੌਰ ਤੇ ਆਪਣੀ ਅਰਧਾਂਗਣੀ ਸਰਦਾਰਨੀ ਸੁਖਜੀਤ ਕੌਰ ਦਾ ਧੰਨਵਾਦ ਕਰਦਾ ਹਾਂ ਜਿਸਨੇ ਮੇਰੇ ਵੇਲੇ ਕੁਵੇਲੇ ਉੱਠ ਕੇ ਲਿਖਣ ਬੈਠਣ 'ਤੇ ਆਪਣੀ ਨੀਂਦ ਖਰਾਬ ਹੋਣ ਦੇ ਬਾਵਜੂਦ ਵੀ ਕਦੀ ਕੋਈ ਅੜਿੱਕਾ ਨਹੀਂ ਪਾਇਆ। ਵੀਰ ਅਜਾਇਬ ਸਿੰਘ ਸਿੱਧੂ ਅਤੇ ਭੈਣ ਸੁਰਿੰਦਰ ਕੌਰ ਸਹੋਤਾ ਦੇ ਪਰਿਵਾਰ ਦੇ ਸਭ ਜੀਆਂ ਦਾ ਪਿਆਰ

ਬਖਸ਼ਣ ਲਈ ਵੀ ਸ਼ੁਕਰਾਨਾ। ਸਮੂਹ ਸਥਾਨਕ ਸਾਹਿਤਕ ਜਥੇਬੰਦੀਆਂ ਅਤੇ ਇਹਨਾ ਜਥੇਬੰਦੀਆਂ ਦੇ ਸਾਬਕਾ ਤੇ ਮੌਜੂਦਾ ਅਹੁਦੇਦਾਰਾਂ ਦਾ ਵੀ ਧੰਨਵਾਦ ਜਿਹਨਾਂ ਤੋਂ ਮੈਂ ਬਹੁਤ ਕੁਝ ਸਿੱਖਿਆ ਅਤੇ ਬਹੁਤ ਕੁਝ ਸਿੱਖ ਰਿਹਾ ਹਾਂ।

ਮੇਰੀਆਂ ਇਹਨਾਂ ਗ਼ਜ਼ਲਾਂ ਵਿੱਚ ਕੁਝ ਗੁਣ ਹੋਣਗੇ ਤੇ ਕੁਝ ਔਗੁਣ ਵੀ। ਖ਼ਿਆਲ ਦੀ ਪੁਖਤਗੀ ਵੀ ਹੋ ਸਕਦੀ ਹੈ ਤੇ ਖ਼ਾਮ-ਖ਼ਿਆਲੀ ਵੀ ਝਲਕ ਸਕਦੀ ਹੈ। ਬਹਿਰਾਂ ਦੀ ਬੰਦਿਸ਼ ਸਹੀ ਹੋਣ ਦੇ ਨਾਲ਼-ਨਾਲ਼ ਕੁਝ ਦੋਸ਼ ਵੀ ਹੋ ਸਕਦੇ ਹਨ। ਪਾਠਕਾਂ ਨੂੰ ਬੇਨਤੀ ਹੈ ਕਿ ਇਸ ਪੁਸਤਕ ਨੂੰ ਪੜ੍ਹੋ, ਵਿਚਾਰੋ ਅਤੇ ਆਪਣੇ ਸੁਹਿਰਦ ਵਿਚਾਰ ਮੇਰੇ ਤੱਕ ਅੱਪੜਦੇ ਕਰੋ ਤਾਂ ਕਿ ਮੈਂ ਆਪਣੇ ਆਪ ਨੂੰ ਸੁਧਾਰਨ ਅਤੇ ਆਪਣੀ ਗ਼ਜ਼ਲ ਨੂੰ ਹੋਰ ਨਿਖਾਰਨ ਦੀ ਕੋਸ਼ਿਸ਼ ਕਰ ਸਕਾਂ।

*ਕੋਈ ਖ਼ਾਮੀ ਨਾ ਰਹਿ ਜਾਵੇ, ਬੜਾ ਮੈਂ ਸੋਚ ਕੇ ਲਿਖਿਆ,*
*ਮੁਆਫ਼ੀ ਖ਼ਾਮ-ਖ਼ਿਆਲੀ ਦੀ, ਕਿਹੜਾ ਇਲਹਾਮ ਹੋਇਆ ਹੈ।*

ਪਾਠਕਾਂ ਦੇ ਹੁੰਗਾਰੇ ਦੀ ਉਡੀਕ ਵਿੱਚ

**ਗੁਰਮੀਤ ਸਿੰਘ ਸਿੱਧੂ**
*ਸਰੀ (ਬੀਸੀ) ਕਨੇਡਾ*
*1-604-346-5652*
*sidhu.gurmeet@outlook.com*



❑

ਜਪੁਜੀ, ਜਾਪੁ, ਸਵੱਈਏ, ਸੋਹਿਲੇ, ਸੁਖਮਣੀਆਂ।
ਪੜ੍ਹਕੇ ਵੀ ਕਿਉਂ ਦਿਲ ਵਿਚ ਪਾਲ਼ੇਂ ਦੁਸ਼ਮਣੀਆਂ।

ਤੂੰ ਛੱਡ ਦੇ ਰੱਟੇ ਲਾਉਣੇ ਧਰਮ ਗ੍ਰੰਥਾਂ ਦੇ,
ਨੇਕੀ, ਪਿਆਰ, ਮੁਹੱਬਤ ਜੇ ਨਹੀਂ ਉਪਜਣੀਆਂ।

ਬੰਜਰ ਦਿਲ ਵਿਚ ਫੁੱਲ ਪਿਆਰ ਦਾ ਟਹਿਕੂਗਾ,
ਮਿਲਵਰਤਣ ਦੀਆਂ ਵਰ੍ਹ ਗਈਆਂ ਜੇ ਕਿਣਮਿਣੀਆਂ।

ਹੋਰਾਂ ਨੂੰ ਫਿਰ ਸਬਕ ਦੇਈਂ ਦਿਲਦਾਰੀ ਦਾ,
ਪਹਿਲਾਂ ਆਪਣੇ ਦਿਲ ਦਾ ਸਿੱਧਾ ਕਰ ਗੁਣੀਆਂ।

ਹਰ ਗੱਲ ਆਪਣੀ ਚੀਕ-ਚੀਕ ਕੇ ਦੱਸਦਾ ਏਂ,
ਮੇਰੀਆਂ ਚੀਕਾਂ ਵੀ ਕਰ ਦੇਵੇਂ ਅਣਸੁਣੀਆਂ।

ਅੱਜ ਵੀ ਰਾਧਾ ਪਿਆਰੀ ਕ੍ਰਿਸ਼ਨ ਕਨਹਈਏ ਨੂੰ,
ਫ਼ਰਜ਼ਾਂ ਖਾਤਰ ਅੱਜ ਵੀ ਉਧਲਣ ਰੁਕਮਣੀਆਂ।

ਬੰਦਿਆ! ਬੰਦਾ ਹੀ ਬੰਦਿਆਂ ਦਾ ਦਾਰੂ ਹੈ,
ਦਿਲ 'ਚੋਂ ਰੱਬ ਦੀਆਂ ਖੋਜਾਂ ਖੋਜ ਜੇ ਖੋਜਣੀਆਂ।

ਸਾਡਾ ਕਾਤਲ ਹੋਰ ਵੀ ਤਾਕਤਵਰ ਹੋਇਆ,
ਫੇਰ ਉਨ੍ਹੇ ਹੁਣ ਸਾਡੀਆਂ ਧੌਣਾਂ ਨਾਪਣੀਆਂ।

ਸੂਰਤ ਨਈਂ ਤੂੰ ਸੀਰਤ ਤੱਕ ਉਪਦੇਸ਼ਕ ਦੀ,
ਸੋਨਾ ਨਹੀਂ ਹੁੰਦੀਆਂ ਸਭ ਸ਼ੈਆਂ ਚਮਕਣੀਆਂ।

ਢਾਲ਼-ਢਾਲ਼ ਕੇ ਜਿਗਰ ਦੀ ਚਰਬੀ ਸ਼ਿਅਰ ਬਣੇਂ,
ਪੱਥਰ ਦਿਲ ਨੇ ਕੀ ਕਵਿਤਾਵਾਂ ਸਿਰਜਣੀਆਂ।

ਪਿੰਡ ਤੋਂ ਬ੍ਰਹਿਮੰਡ ਰਸਾਈ ਕਵੀਆਂ ਦੀ,
ਪਾਕਿ ਰੂਹਾਂ ਹੀ ਕਵਿਤਾ ਤੀਕਰ ਪਹੁੰਚਣੀਆਂ।

ਮਨ ਅਪਣੇ ਦੀ ਮੈਲ਼ ਜੇ 'ਸਿੱਧੂ' ਲਾਹੁਣੀ ਤੂੰ,
ਇਸ਼ਕ ਸਮੁੰਦਰ ਦੇ ਵਿਚ ਲਾ ਲੈ ਡੁਬਕਣੀਆਂ।

•



❑

ਮੌਤ ਨੂੰ ਆ ਜ਼ਿੰਦਗੀ ਦੀ ਪਿਓਂਦ ਚੜ੍ਹਦੀ ਦੇਖੀਏ।
ਚੱਲ! ਤਲਿਸਮੀ ਧਰਤ ਆਪਾਂ ਕੇਸਗੜ੍ਹ ਦੀ ਦੇਖੀਏ।

ਸੁਪਨਿਆਂ ਦੀ ਫੜਕੇ ਉਂਗਲੀ ਪੈੜ ਨੱਪਕੇ ਆਸ ਦੀ,
ਹਾਲਤਾਂ ਦੇ ਨਾਲ ਕਿਸਮਤ ਨੂੰ ਝਗੜਦੀ ਦੇਖੀਏ।

ਆ ਖ਼ੁਦੀ ਪ੍ਰਚੰਡ ਕਰੀਏ ਲਾ ਕੇ ਲਾਂਬੂ ਖੌਫ ਨੂੰ,
ਬੁਜ਼ਦਿਲੀ ਨੂੰ ਅਣਖ ਦੀ ਭੱਠੀ 'ਚ ਸੜਦੀ ਦੇਖੀਏ।

ਪਹੁ ਫੁਟਾਲੇ ਦੇ ਸਮੇਂ ਇਸ ਖਾਸ ਦਿਨ ਦੀ ਹੋਂਦ ਲਈ,
ਰਾਤ ਨ੍ਹੇਰੀ ਨਾਲ ਅੱਜ ਪ੍ਰਭਾਤ ਲੜਦੀ ਦੇਖੀਏ।

ਫਿਰ ਹੰਢਾਵਾਂਗੇ ਬਹਾਰਾਂ ਹੋਰ ਹੋ ਪਰਪੱਕ ਅਸੀਂ,
ਐਤਕੀਂ ਤਾਸੀਰ ਆਪਾਂ ਪੱਤਝੜ ਦੀ ਦੇਖੀਏ।

ਇਸ਼ਕ ਤਿਰਹਾਇਆ ਫਿਰੇ ਤੇ ਹੁਸਨ ਵੀ ਬੇਤਾਬ ਹੈ,
ਮਾਰੂਥਲ ਦੀ ਪਿਆਸ 'ਤੇ ਬੱਦਲ਼ੀ ਨੁੱਚੜਦੀ ਦੇਖੀਏ।

ਬਹਿ ਅਦੀਬਾਂ ਵਿੱਚ ਜੜਾਊ ਗਹਿਣਿਆਂ ਦਾ ਲੈ ਹੁਨਰ,
ਮਿਸਰਿਆਂ ਵਿੱਚ ਸ਼ਬਦ ਮੋਤੀ ਸੁਰਤ ਜੜਦੀ ਦੇਖੀਏ।

•

❑
ਵਿਛੋੜਾ ਪੈ ਗਿਆ ਤਾਂ ਰੋਸ ਕਾਹਦਾ,
ਮਿਲਾਂਗੇ ਫਿਰ ਦਿਲਾਂ ਵਿੱਚ ਆਸ ਮਚਲੇ।
ਵਰ੍ਹੇਗਾ ਮੇਘ ਇੱਕ ਦਿਨ ਮਾਰੂਥਲ 'ਤੇ,
ਅਜੇ ਵੀ ਕਿਣਕਿਆਂ ਵਿੱਚ ਪਿਆਸ ਮਚਲੇ।

ਘਟਾ ਬੇਮੌਸਮੀ ਘਣਘੋਰ ਕਾਰਣ,
ਵਣਾਂ ਅੰਦਰ ਡਰਾਉਣੇ ਸ਼ੋਰ ਕਾਰਣ,
ਕਟਾਰਾਂ ਹੇਠ ਨੱਚਦੇ ਮੋਰ ਕਾਰਣ,
ਪਰਿੰਦੇ ਦੇ ਪਰੀਂ ਪਰਵਾਸ ਮਚਲੇ।

ਕਿਤੇ ਮੂੰਹ ਅੱਡ ਕੇ ਪਈਆਂ ਨੇ ਗੋਰਾਂ,
ਮੈਂ ਬੀਜਾਂ ਫੁੱਲ ਤੇ ਉੱਗ ਆਉਣ ਥੋਰ੍ਹਾਂ,
ਭਲਾ ਕਿਉਂ ਡਰਦੀਆਂ ਚੰਨ ਤੋਂ ਚਕੋਰਾਂ,
ਕਿਆਮਤ ਹੋਣ ਦਾ ਆਭਾਸ ਮਚਲੇ।



ਘੁਲ਼ੇ ਸੰਵੇਦਨਾ ਜਦ ਵੇਦਨਾ ਵਿੱਚ,
ਤੇ ਚਿੰਤਨ ਜਗਮਗਾਵੇ ਚੇਤਨਾ ਵਿੱਚ,
ਉਦੋਂ ਸ਼ਬਦਾਂ ਦੀ ਸੁੱਚੀ ਸਾਧਨਾ ਵਿੱਚ,
ਸਮਾਧੀ ਲਾਉਣ ਦਾ ਅਹਿਸਾਸ ਮਚਲੇ।

ਅਜ਼ਾਦੀ ਦੀ ਲਿਖੀ ਤਹਿਰੀਰ ਪਾੜੀ,
ਧਰੋਹਰ ਦੇਸ਼ ਦੀ ਹਰ ਇੱਕ ਵਿਗਾੜੀ,
ਕਦੀ ਸਦਭਾਵਨਾ ਦੰਗਿਆਂ 'ਚ ਸਾੜੀ,
ਇਹ ਕੇਹਾ ਲਿਖ ਰਹੇ ਇਤਿਹਾਸ ਮਚਲੇ।

ਮਹਾਂਭਾਰਤ ਦੀ ਖ਼ੂਨੀ ਤ੍ਰਾਸਦੀ ਨੂੰ,
ਭਰਾਵਾਂ ਦੇ ਲਹੂ ਦੀ ਉਸ ਨਦੀ ਨੂੰ,
ਕਰੀਂ ਚੇਤੇ ਉਦੋਂ ਫਿਰ ਦ੍ਰੋਪਦੀ ਨੂੰ,
ਜਦੋਂ ਮਨ ਵਿੱਚ ਤੇਰੇ ਪਰਿਹਾਸ ਮਚਲੇ।

ਕਦੀ ਆਕੀ ਹਾਂ ਮੈਂ ਵਲਗਣ 'ਚ ਰਹਿਣੋਂ,
ਕਦੀ ਬਾਗੀ ਵਹਾਅ ਦੇ ਨਾਲ ਵਹਿਣੋਂ,
ਤੇ ਮੁਨਕਰ ਰੌਣ ਤਾਂਈਂ ਦੈਂਤ ਕਹਿਣੋਂ,
ਅਜੇਹਾ ਸੋਚ ਵਿੱਚ ਬਣਵਾਸ ਮਚਲੇ।

ਉਨੀਂਦਾ, ਬੇਬਸੀ ਤੇ ਬੇਅਰਾਮੀ,
ਸਤਾਉਂਦੇ ਜਦ ਨਾ ਭਰਦੇ ਹਰਫ਼ ਹਾਮੀ,
ਕਦੀ ਸ਼ਿਅਰਾਂ 'ਚ ਖ਼ੂਬੀ ਨਾਲ ਖ਼ਾਮੀ,
ਗ਼ਜ਼ਲ ਦਾ ਸੁਰਤ ਵਿੱਚ ਅਭਿਆਸ ਮਚਲੇ।
•

❑

ਗ਼ਜ਼ਲਾਂ ਦੀ ਊਸ਼ਮਾ ਦੀ ਦਿਲ ’ਤੇ ਟਕੋਰ ਹੋਵੇ।
ਹਾਜ਼ਰ ਹਰਿਕ ਸਰੋਤਾ ਆਤਮ ਵਿਭੋਰ ਹੋਵੇ।

ਪੀੜਾਂ ਸਹਾਰ ਜਿਸਨੇ ਸੀਨੇ ’ਚ ਛੇਕ ਖਾਧੇ,
ਸਰਗਮ ਦੇ ਹਾਣ ਦੀ ਉਹ ਬਾਂਸਾਂ ਦੀ ਪੋਰ ਹੋਵੇ।

ਪੱਕੇ ਕਰਾਰ ਕਾਰਣ ਇਸ ਇਸ਼ਕ ਵਿੱਚ ਕਦੀ ਵੀ,
ਵਸਲਾਂ ਦੀ ਤਾਂਘ ਵਿੱਚ ਨਾ ਕੱਚਾ ਠਕੋਰ ਹੋਵੇ।

ਮੈਂ ਦੋਸਤੀ ’ਚ ਸ਼ਾਇਦ ਕੁਝ ਖੋਟ ਜਰ ਲਵਾਂਗਾ,
ਕਰਨੀ ਜੇ ਦੁਸ਼ਮਣੀ ਤੂੰ ਓਹ ਤਾਂ ਪਿਓਰ ਹੋਵੇ।

ਜੇ ਇਸ਼ਕ ਹੈ ਸਲਾਮਤ ਆਗੋਸ਼ ਵਿੱਚ ਉਹਦੇ ਹੀ,
ਬੇਪਰਦ ਹੁਸਨ ਹੋ ਕੇ ਫਿਰ ਤੋਂ ਨਿਕੋਰ ਹੋਵੇ।

ਜਿਉਂ ਜਿਉਂ ਸਹਾਂ ਮੈਂ ਤੇਰੇ ਧੋਖੇ ਫਰੇਬ ਯਾਰਾ,
ਲਹਿਜਾ ਨਿਡਰ ਇਹ ਮੇਰਾ ਬੇਬਾਕ ਹੋਰ ਹੋਵੇ।

ਹਰ ਵਾਰ ਹਿਜ਼ਰ ਦੀ ਹੀ ਚਰਚਾ ’ਚ ਰਾਤ ਗੁਜ਼ਰੀ,
ਕਿਉਂ ਨਾ ਮਿਲਣ ਦੀ ਸਾਥੋਂ ਗੱਲ-ਬਾਤ ਤੋਰ ਹੋਵੇ।

ਭਰਤੀ ਦਾ ਸ਼ੇ’ਰ ਕਹਿ ਨਾ ਮੇਰੀ ਤੂੰ ਸਿਰਜਣਾ ਨੂੰ,
ਗੋਦੀ ’ਚ ਮਾਂ ਦੀ ਬੱਚਾ ਕਿਉਂ ਮਾਂ-ਮਸ਼ੋਰ ਹੋਵੇ।

•



❑

ਔਸ਼ਧੀ, ਵਿਹੁ ਜਾਂ ਸ਼ਰਾਬ ਕੁਝ ਤਾਂ ਚਾਹੀਦਾ ਜ਼ਰੂਰ।
ਦਰਦ ਮੇਰੇ ਲਈ ਜਨਾਬ ਕੁਝ ਤਾਂ ਚਾਹੀਦਾ ਜ਼ਰੂਰ।

ਚੁੰਮ ਕੇ ਕੋਰਾ ਸਫਾ ਜੋ ਮੈਂ ਤੇਰੇ ਵੱਲ ਭੇਜਿਆ ਹੈ,
ਉਸ ਮੇਰੇ ਖਤ ਦਾ ਜਵਾਬ ਕੁਝ ਤਾਂ ਚਾਹੀਦਾ ਜ਼ਰੂਰ।

ਚੁੰਮ ਕੇ ਕੋਰਾ ਸਫ਼ਾ ਜੋ, ਮੈਂ ਤੇਰੇ ਵੱਲ ਭੇਜਿਆ ਹੈ,
ਉਸ ਮੇਰੇ ਖ਼ਤ ਦਾ ਜਵਾਬ, ਕੁਝ ਤਾਂ ਚਾਹੀਦਾ ਜ਼ਰੂਰ।

ਜ਼ਿੰਦਗੀ ਕਿੰਨੀ ਕੁ ਬੀਤ ਗਈ ਅਤੇ ਕਿੰਨੀ ਬਚੀ ਹੈ,
ਖ਼ੌਫ਼ ਨਹੀਂ! ਲੇਕਿਨ ਹਿਸਾਬ ਕੁਝ ਤਾਂ ਚਾਹੀਦਾ ਜ਼ਰੂਰ।

ਇਸ਼ਕ ਕਰਨਾ ਜੇ ਗੁਨਾਹ ਹੈ ਤਾਂ ਸੁਣਾ ਦੇ ਫੈਸਲਾ ਤੂੰ,
ਦੇ ਮੁਆਫ਼ੀ ਜਾਂ ਅਜਾਬ ਕੁਝ ਤਾਂ ਚਾਹੀਦਾ ਜ਼ਰੂਰ।

ਤਪਸ਼ ਸੀਨੇ ਦੀ ਮਿਟਾਵੇ, ਆਪਣੇ ਮਹਿਬੂਬ ਦੀ ਜੋ,
ਇਸ਼ਕੀਆ ਨੈਣਾਂ ’ਚ ਆਬ ਕੁਝ ਤਾਂ ਚਾਹੀਦਾ ਜ਼ਰੂਰ।

ਗ਼ਮ, ਵਿਛੋੜਾ, ਦੁੱਖ, ਉਡੀਕ ਜਾਂ ਵਸਲ ਦੀ ਇੱਕ ਉਮੀਦ,
ਆਸ਼ਕਾ ਤੇਰਾ ਖ਼ੁਆਬ ਕੁਝ ਤਾਂ ਚਾਹੀਦਾ ਜ਼ਰੂਰ।

ਮੈਂ ਦਿਵਾਨਾ ਹਾਂ ਗ਼ਜ਼ਲ ਦਾ ਸਾਹਮਣੇ ਮੇਰੇ ਆ ਬੈਠ,
ਤੂੰ ਨਹੀਂ ਤਾਂ ਇੱਕ ਕਿਤਾਬ ਕੁਝ ਤਾਂ ਚਾਹੀਦਾ ਜ਼ਰੂਰ।

ਹੌਸਲਾ, ਗ਼ੈਰਤ, ਜਨੂੰਨ, ਬਾਦਸ਼ਾਹਤ ਜਾਂ ਬਗ਼ਾਵਤ,
ਘਰ ਬਣਾਉਣਾ ਜੇ ਪੰਜਾਬ, ਕੁਝ ਤਾਂ ਚਾਹੀਦਾ ਜ਼ਰੂਰ।

•

❑

ਚੁਪ-ਚੁਪੀਤੇ ਆ ਕੇ ਜੋ ਦਿਲ ਵਿੱਚ ਸਮਾਇਆ ਕੌਣ ਹੈ?
ਮੈਨੂੰ ਅਪਣੇ ਆਪ ਨਾਲ, ਜਿਸਨੇ ਮਿਲਾਇਆ ਕੌਣ ਹੈ?

ਨ੍ਹੇਰ ਦੇ ਆਲਮ 'ਚ ਜਗਦੇ ਹਰਫ਼ ਮੈਨੂੰ ਬਖਸ਼ ਕੇ,
ਜ਼ਿੰਦਗੀ ਦੇ ਰੂਬਰੂ ਜਿਸਨੇ ਕਰਾਇਆ ਕੌਣ ਹੈ?

ਦੇਖਿਆ ਮੈਂ ਨਈਂ ਅਜੇ, ਪਰ ਹੈ ਗ਼ਜ਼ਲ ਵਰਗਾ ਕੋਈ,
ਸ਼ਾਇਰੀ ਦਾ ਫ਼ਨ ਜਿਨ੍ਹੇ ਮੈਨੂੰ ਸਿਖਾਇਆ ਕੌਣ ਹੈ?

ਅਪਣਿਆਂ ਨਾ ਹੱਥ ਵਧਾਇਆ ਮੈਂ ਜਦੋਂ ਸੀ ਡੁੱਬ ਰਿਹਾ,
ਫਿਰ ਜਿਹਨੇ ਮੈਨੂੰ ਬਚਾਇਆ ਉਹ ਪਰਾਇਆ ਕੌਣ ਹੈ?

ਤੁਰ ਪਏ ਮੰਦਰ ਤੇ ਮਸਜਿਦ ਭਾਲ਼ ਵਿੱਚ ਉਸ ਸ਼ਖ਼ਸ ਦੀ,
ਬਾਲ ਇੱਕ ਰੋਂਦਾ ਜਿਹਨੇ ਹੱਸ ਕੇ ਹਸਾਇਆ ਕੌਣ ਹੈ?

ਇਹ ਜਿਹਦੀ ਛੋਹ ਨਾਲ ਹੈ ਸਾਹਾਂ 'ਚ ਸਰਗਮ ਛਿੜ ਪਈ,
ਧੜਕਣਾਂ 'ਚੋਂ ਗੀਤ ਜਿਸਨੇ ਗੁਣਗੁਣਾਇਆ ਕੌਣ ਹੈ?

ਮੱਚਦੀਆਂ ਲਾਟਾਂ 'ਤੇ ਮੱਚਣ ਨੂੰ ਮੇਰਾ ਮਨ ਮਚਲਦਾ,
ਇਸ਼ਕ ਦਾ ਦਿਲ ਵਿੱਚ ਜਿਹਨੇ ਭਾਂਬੜ ਮਚਾਇਆ ਕੌਣ ਹੈ?

ਹੁਣ ਗ਼ਜ਼ਲਕਾਰਾਂ 'ਚ ਮੇਰੇ ਨਾਂ ਦੀ ਚਰਚਾ ਹੋ ਰਹੀ,
ਜੇਸਨੇ ਮੈਨੂੰ ਇਹ ਮਿੱਠਾ ਵਹਿਮ ਪਾਇਆ ਕੌਣ ਹੈ?

•



❑

ਕਿਤਾਬਾਂ 'ਚ ਅੱਖਰ ਕਰਨ ਦੀਪਮਾਲ਼ਾ।
ਇਹ ਕਾਲ਼ਖ ਨੂੰ ਪੀਂਦੇ ਤੇ ਕਰਦੇ ਉਜਾਲਾ।

ਸਬਰ, ਸਹਿਜ, ਸੰਜਮ ਮੈਂ ਜਿਸ ਤੋਂ ਨੇ ਸਿੱਖੇ,
ਉਹ ਅਨਪੜ੍ਹ ਜਿਹੀ ਮਾਂ ਮੇਰੀ ਪਾਠਸ਼ਾਲਾ।

ਇਹ ਮੰਡੀ 'ਚ ਉਹ ਰਾਗ ਵਿਦਿਆ ਦਾ ਮਾਹਿਰ,
ਸੁਰੋਂ ਬੇਸੁਰਾ ਤੇ ਜੋ ਤਾਲੋਂ ਬੇਤਾਲਾ।

ਦਿਮਾਗਾਂ 'ਤੇ ਕਾਬਜ਼ ਇਹ ਬਾਜ਼ਾਰ ਸੋਚੇ,
ਅਸਾਡੇ ਕਿਵੇਂ ਮੂੰਹ 'ਚੋਂ ਖੋਹਣਾ ਨਿਵਾਲਾ।

ਤੂੰ ਹੂਰਾਂ ਦਾ ਦੱਸ ਅਪਸਰਾਵਾਂ ਦਾ ਪੁੱਛ ਲੈ,
ਇਹ ਮਸਜਿਦ ਨੂੰ ਕਹਿੰਦਾ ਮੈਂ ਸੁਣਿਆਂ ਸ਼ਿਵਾਲਾ।

ਇਹ ਚਮੜੀ ਦੇ ਰੰਗਾਂ ਦੇ ਮਾਅਨੇ ਨਾ ਰਹਿਣੇ,
ਜਦੋਂ ਲਹਿ ਗਿਆ ਪਾਕ ਰੂਹਾਂ 'ਤੋਂ ਜਾਲ਼ਾ।

ਮੈਂ ਤਸਵੀਰ ਛੋਹੀ ਸੀ ਅੱਜ ਗੁਲਬਦਨ ਦੀ,
ਤਦੇ ਮਹਿਕਦਾ ਹੈ ਇਹ ਆਲਾ-ਦੁਆਲ਼ਾ।

•

❑
ਗ਼ੈਰਹਾਜ਼ਰ ਦੁਸ਼ਮਣਾਂ ਦੇ ਡਰ ਨੇ ਸਾਨੂੰ ਮਾਰਿਆ।
'ਧਰਮ ਨੂੰ ਖਤਰਾ ਹੈ' ਕਹਿ ਰਹਿਬਰ ਨੇ ਸਾਨੂੰ ਮਾਰਿਆ।

ਤੋੜ ਤੇਰੇ ਵਿੱਚ ਘਰ ਢਾਹ ਕੇ ਰਲਾਇਆ ਆਪਣਾ,
ਓਸ ਥਾਂ ਸਾਂਝੇ ਉਸਾਰੇ ਘਰ ਨੇ ਸਾਨੂੰ ਮਾਰਿਆ।

ਇਸ਼ਕ ਰੱਤੇ ਜਿਸਮ ਨੂੰ ਹੈ ਤਲਬ ਦਿਲ ਦੀ ਪੀੜ ਦੀ,
ਦਾਰੂ-ਦਰਮਲ ਕਰਕੇ ਚਾਰਾਗਰ ਨੇ ਸਾਨੂੰ ਮਾਰਿਆ।

ਖ਼ੌਫ਼ ਆਇਆ ਨਾ ਕਦੀ ਸੀ ਖੜਗ ਦੇ ਖੜਕੇ ਤੋਂ ਵੀ,
ਕੀ ਵਜ੍ਹਾ ਹੁਣ ਵਾ ਦੀ ਵੀ ਸਰਸਰ ਨੇ ਸਾਨੂੰ ਮਾਰਿਆ।

ਸਹਿਜ, ਸੰਜਮ, ਜਾਬਤਾ ਛੱਡੇ ਅਸੀਂ ਖੁਦ ਆਪ ਹੀ,
ਕਿਉਂ ਕਹੇਂ ਤੂੰ ਪੱਛਮੀ ਕਲਚਰ ਨੇ ਸਾਨੂੰ ਮਾਰਿਆ।

ਘੂਕ ਸੁੱਤੇ ਹਿੰਦ ਨੂੰ ਕਿਸ ਵਿਧ ਜਗਾਵਾਂ ਤੇ ਕਹਾਂ,
ਵਰਨ-ਵੰਡ ਦੇ ਪਾਲਤੂ ਅਜਗਰ ਨੇ ਸਾਨੂੰ ਮਾਰਿਆ।

ਸੱਤ ਪੱਤਣ ਤਰ ਲਏ ਸੱਤੇ ਹੀ ਸਾਗਰ ਗਾਹ ਲਏ,
ਖ਼ੌਫ਼ ਦੇ ਇੱਕ ਪੇਤਲੇ ਸਰਵਰ ਨੇ ਸਾਨੂੰ ਮਾਰਿਆ।

ਆਤਮਿਕ ਸਫ਼ਰਾਂ 'ਤੇ ਤੁਰਿਆਂ ਬਿਨ ਹੀ ਬੀਤੀ ਜ਼ਿੰਦਗੀ,
ਦਫਤਰੋਂ ਘਰ, ਫਿਰ ਘਰੋਂ ਦਫਤਰ ਨੇ ਸਾਨੂੰ ਮਾਰਿਆ।
•



❑
ਤੇਰਾ ਸਾਥ ਮਿਲੇ ਤਾਂ ਅਜਬ ਕਹਾਣੀ ਲਿਖ ਦੇਵਾਂ।
ਪਾਣੀ ਨਾਲ ਹੀ ਪਾਣੀ 'ਤੇ ਮੈਂ ਪਾਣੀ ਲਿਖ ਦੇਵਾਂ।

ਤੂੰ ਕਹਿ ਆਮੀਨ! ਸਾਕਾਰ ਹੋਵੇ ਮੇਰਾ ਸੁਪਨਾ,
ਤੈਨੂੰ ਸੁਪਨੇ ਵਿੱਚ ਸੁਪਨੇ ਦੀ ਰਾਣੀ ਲਿਖ ਦੇਵਾਂ।

ਇਹ ਸੂਰਜ, ਚੰਦ, ਸਿਤਾਰੇ ਕਰਦੇ ਨੇ ਸ਼ਿੰਗਾਰ ਤੇਰਾ,
ਕਿਉਂ ਨਾ ਤੈਨੂੰ ਫੁੱਲਾਂ ਲੱਦੀ ਟਾਹਣੀ ਲਿਖ ਦੇਵਾਂ।

ਇਹ ਜ਼ੁਲਫਾਂ ਦੇ ਕੁੰਡਲ ਛਾਵਾਂ ਤਪਦੇ ਇਸ਼ਕ ਲਈ,
ਮੈਂ ਕਿਉਂ ਇਸਨੂੰ ਉਲਝੀ ਹੋਈ ਤਾਣੀ ਲਿਖ ਦੇਵਾਂ।

ਕਵਿਤਾ ਪੜ੍ਹ ਰਹੇ ਅਜਨਬੀਆਂ ਦੀ ਸੂਰਤ ਨੂੰ ਮੈਂ,
ਮੁੱਢ-ਕਦੀਮੋਂ ਹੀ ਜਾਣੀ ਪਹਿਚਾਣੀ ਲਿਖ ਦੇਵਾਂ।

ਮੇਰੇ ਮਨ-ਮੰਦਰ ਵਿੱਚ ਲੱਗੀ ਜੋ ਤਸਵੀਰ ਤੇਰੀ,
ਦਿਲ ਵਿੱਚ ਆਣ ਸਮਾਈ ਅੱਖਾਂ ਥਾਣੀਂ ਲਿਖ ਦੇਵਾਂ।

ਮੇਰੀ ਪ੍ਰੇਮ ਕਥਾ ਦਾ ਜੇ ਤੂੰ ਖਲਨਾਇਕ ਪੁੱਛਦੈਂ,
ਤਾਂ ਮੈਂ ਅਪਣੇ ਸਾਰੇ ਹਾਣ ਦੇ ਹਾਣੀ ਲਿਖ ਦੇਵਾਂ।

ਕਵਿਤਾ ਦੀ ਮਿਹਰਾਮਤ ਹੈ ਜਾਂ ਝੱਲ 'ਚ ਮੈਂ ਐਵੇਂ,
ਖੁਦ ਨੂੰ ਬੱਚਿਆਂ ਦਾ ਹਾਣੀ-ਪਰਵਾਣੀ ਲਿਖ ਦੇਵਾਂ।

ਮੇਰੇ ਘਰ-ਪਰਿਵਾਰ ਦੇ ਬਾਰੇ ਪੁੱਛੇ ਜਦ ਕੋਈ,
ਨਿਰਸੰਕੋਚ ਮੈਂ ਗ਼ਜ਼ਲ-ਮੰਚ ਦੀ ਢਾਣੀ ਲਿਖ ਦੇਵਾਂ।
•

❑

ਉਸ ਤਰ੍ਹਾਂ ਜਾਂ ਇਸ ਤਰ੍ਹਾਂ, ਮੈਂ ਕੀ ਕਰਾਂ, ਕੀ ਨਾ ਕਰਾਂ।
ਕਿਉਂ ਗੁਜ਼ਾਰਾਂ ਉਮਰ ਸਾਰੀ, ਸੋਚਕੇ ਮੈਂ ਇਸ ਤਰ੍ਹਾਂ।

ਸੁਰਤ ਮੇਰੀ ਤੁਰ ਪਈ ਹੈ ਦੂਰ ਦੇ ਇੱਕ ਸਫ਼ਰ ’ਤੇ,
ਸੋਚਦਾਂ ਹੁਣ ਹਰਫ਼ ਇਸਦੇ ਹਮਸਫ਼ਰ ਕੀਕਣ ਕਰਾਂ।

ਆਪ ਕਰਦੇ ਹੋ ਤਾਂ ਖੁੱਲ੍ਹ ਜੇ ਮੈਂ ਕਰਾਂ ਤਾਂ ਦੋਸ਼ ਹੈ,
ਕੱਢਣੀਆਂ ਛੱਡੋ ਪਰ੍ਹਾਂ ਉਸਤਾਦ ਜੀ ਹੁਣ ਘੁਣਤਰਾਂ।

ਖ਼ੂਬ ਤੇਰੀ ਇਹ ਅਦਾ ਹੈ ਪਿਆਰ ਦੇ ਇਜ਼ਹਾਰ ਦੀ,
ਦੋ ਹੀ ਜੁਮਲੇ ਬੋਲਦੈਂ ਤੂੰ ਜਾਹ ਪਰ੍ਹਾਂ ਜਾਂ ਮਰ ਪਰ੍ਹਾਂ।

ਅਹਿਦਨਾਮਾ ਸੀ ਕਿ ਤੂੰ ਮੇਰਾ ਤੇ ਮੈਂ ਵੀ ਹਾਂ ਤੇਰਾ,
ਮੁੱਕਰ ਜਾਹ ਜੇ ਮੁੱਕਰਨਾ ਤੂੰ ਮੈਂ ਜ਼ੁਬਾਨੋਂ ਕਿਉਂ ਫਿਰਾਂ।

“ਖੂਹ ਦੀ ਮਿੱਟੀ ਖੂਹ ਨੂੰ ਲੱਗਣ” ਦੀ ਵਿਧੀ ਹੈ ਮੌਰਗੇਜ,
ਬਚ! ਦਲਾਲਾਂ ਦੀ ਕੁੜਿੱਕੀ ਹਨ ਇਹ ਨਕਲੀ ਔਫਰਾਂ।

ਗ਼ਜ਼ਲ ਫੁਲਕਾਰੀ ਸਜੀ ਹੈ, ਕਲਮ ਵਿੱਚੋਂ ਨਿਕਲਕੇ,
ਕਾਗਜ਼ਾਂ ਦੇ ਬਸਤਰਾਂ ’ਤੇ ਹਰਫ਼ ਲਾ ਗਏ ਕਾਤਰਾਂ।

ਹੋਰ ਵੀ ਨਿੱਖਰੇ ਗ਼ਜ਼ਲ ਤੇ ਸ਼ਬਦ ਜ਼ਖਮੀ ਹੋਣ ਨਾ,
ਕੱਢ ਦਓ ਸਾਹਿਤ ਦੇ ਪਿੰਡਿਓਂ ਰਾਜਨੀਤਕ ਛਿਲਤਰਾਂ।

•



❑

ਕਦੀ ਵੀ ਯਾਦ ਨਈਂ ਮਿਟਦੀ ਇਹ ਦਬਦੀ ਜਾਂ ਉਭਰਦੀ ਹੈ।
ਨਾ ਉਪਜੇ ਤੇ ਨਾ ਬਿਨਸੇ ਊਰਜਾ ਕਿਸਮਾਂ ਬਦਲਦੀ ਹੈ।

ਇਹ ਜਿਉਂਦੇ ਜੀਅ ਜੇ ਹਾਰੀ ਤਾਂ ਕਿਸੇ ਯੁੱਗਪੁਰਸ਼ ਤੋਂ ਹਾਰੀ,
ਬੜੀ ਬਲਵਾਨ ਹੈ ਹਊਮੈ ਜੋ ਕਬਰਾਂ ਤੀਕ ਪਲ਼ਦੀ ਹੈ।

ਤੇਰੀ ਮੌਜੂਦਗੀ ਜਿੱਥੇ, ਉਸੇ ਮਹਿਫਿਲ ਤੇਰੇ ਚਰਚੇ,
ਕਿਸੇ ਵੀ ਥਾਂ ਨਾ ਸਾਡੇ ਬਿਨ ਕੋਈ ਗੱਲਬਾਤ ਚਲਦੀ ਹੈ।

ਅਕੀਦਾ ਤੈਅ ਕਰੇ ਕਿਸਨੂੰ ਉਹ ਸਿਹਰਾ ਦਏ ਤਰੱਕੀ ਦਾ,
ਕਿਤੇ ਮਿਹਨਤ ਫਲ਼ੇ-ਫੁੱਲੇ ਕਿਤੇ ਕਿਸਮਤ ਚਮਕਦੀ ਹੈ।

ਬੜਾ ਖੁਦਗਰਜ਼ ਹੈ ਮੌਸਮ ਮੁਹੱਬਤ ਡੀਕ ਲਈ ਇਸਨੇ,
ਗੁਲਾਬਾਂ ਤੋਂ ਪਰ੍ਹਾਂ ਤਾਂ ਹੀ ਤੇ ਇੱਕ ਤਿਤਲੀ ਸਰਕਦੀ ਹੈ।

ਚੁਆਤੀਬਾਜ਼ ਮਾਲੀ ਨੇ ਲੜਾਏ ਫੁੱਲ ਵੀ ਲੂਤੀ ਲਾ,
ਗੁਲਿਸਤਾਂ ਰਾਖ ਹੋਇਆ ਹੈ ਤੇ ਸ਼ਬਨਮ ਵੀ ਉਬਲਦੀ ਹੈ।

ਇਹ ਮੇਰਾ ਇਸ਼ਕ ਮੇਰੀ ਹੋਂਦ ਨੂੰ ਪੂਰਾ ਨਿਗਲ਼ ਜਾਊ,
ਨਦੀ ਸਭ ਜਾਣਦੇ ਹੋਇਆਂ ਸਮੁੰਦਰ ਵੱਲ ਅਹੁਲਦੀ ਹੈ।

ਅਛਾਈ ਤੇ ਬੁਰਾਈ ਮੈਂ ਸਹੀ ਅਨੁਪਾਤ ਵਿੱਚ ਪਾਲ਼ੇ,
ਤੂੰ ਅਪਣਾ ਸੋਚ! ਮੇਰੀ ਜ਼ਿੰਦਗੀ ਇੰਜ ਹੀ ਗੁਜ਼ਰਦੀ ਹੈ।

ਇਹ ਬਲ਼ਦੀ ਬਰਫ, ਪਾਣੀ ਬਣ ਬੁਝਾਵੇ ਆਪਣੀ ਅਗਨੀ,
ਲਟਾ-ਲਟ ਮੱਚਦੇ ਸ਼ਬਦਾਂ ’ਚੋਂ ਗ਼ਜ਼ਲਧਾਰਾ ਨਿਕਲਦੀ ਹੈ।

•

❑
ਖੁਦਾਇਆ ਇਹ ਮਾਲੀ ਨੂੰ ਕੀ ਰੋਗ ਹੋਇਆ।
ਬਗੀਚੇ ਉਜਾੜੇ ਤੇ ਕਲੀਆਂ ਨੂੰ ਕੋਹਿਆ।

ਇਨ੍ਹੇ ਬੰਨ੍ਹ ਰੱਖੇ ਨੇ ਸਾਰੇ ਸਮੁੰਦਰ,
ਕਿਆਮਤ! ਜੇ ਰਿਸਿਆ ਮੇਰੀ ਅੱਖ ਦਾ ਕੋਇਆ।

ਮੇਰੀ ਨਰਮ ਕਾਇਆ ਨਾ ਪਿਘਲ਼ੇ ਤੂੰ ਸਾਂਭੀਂ,
ਕਿ ਮੈਂ ਮੋਮ ਹੇਠਾਂ ਹੈ ਭਾਂਬੜ ਲੁਕੋਇਆ।



ਸਦੀ, ਸਾਲ, ਮਾਹ, ਦਿਨ, ਘੜੀ, ਪਲ, ਨਿਮਖ ਵੀ,
ਸਮੇਂ ਦੇ ਹਮਲ ਵਿੱਚ ਇਹ ਸਭ ਕੁਝ ਸਮੋਇਆ।

ਜੁਦਾਈ, ਤਨ੍ਹਾਈ, ਘੁਟਨ, ਗ਼ਮ ਤੇ ਆਹਾਂ,
ਮੈਂ ਸਾਹਾਂ ਦੀ ਡੋਰੀ 'ਚ ਕੀ ਕੀ ਪਰੋਇਆ।

ਖੁਸ਼ੀ, ਮੁਸਕਰਾਹਟ ਤੇਰੇ ਸਾਥ ਕਰਕੇ,
ਗ਼ਮੀ ਤੇ ਉਦਾਸੀ ਜਦੋਂ ਤੂੰ ਵਿਛੋਹਿਆ।

ਨਦੀ ਹੁਣ ਮਿਲੇਗੀ ਨਾ ਸਾਗਰ ਨੂੰ ਜਾ ਕੇ,
ਪਤਾ ਕਰ! ਉਨ੍ਹੇ ਕਿਉਂ ਇਹ ਸੁਪਨਾ ਸਜੋਇਆ।

ਇਹ ਦੁੱਖ-ਸੁੱਖ ਮੈਂ ਦੋਵੇਂ ਹੀ ਸਮਸਰ ਹੰਢਾਏ,
ਕਦੇ ਅੱਕ ਚੱਬਿਆ, ਕਦੇ ਤੇਲ ਚੋਇਆ।

ਜ਼ਮਾਨੇ 'ਚ ਹਰ ਚੀਜ਼ ਫ਼ਾਨੀ ਇਹ ਤੈਅ ਹੈ,
ਰਹੇ ਸ਼ਬਦ ਹੀ ਬਸ ਨਵਾਂ ਤੇ ਨਰੋਇਆ।

ਇਹ ਵਿਲਕੇ ਜਦੋਂ ਚੀਜ਼ ਮਿੱਠੀ ਨੂੰ ਤਰਸੇ,
ਸੁਣਾਂ ਕੇ ਗ਼ਜ਼ਲ ਸੀ ਮੈਂ ਦਿਲ ਨੂੰ ਵਰੋਇਆ।
•

❑

ਸੁਰਤ ਘਨੇੜੇ ਚੜ੍ਹਕੇ ਜਾਊ ਦਿਸਹੱਦੇ ’ਤੋਂ ਪਾਰ ਨਜ਼ਰ।
ਅੰਤਰਮੁਖ ਹੋ ਕੇ ਇੱਕ ਵਾਰੀ ਮਨ-ਮੰਦਰ ਵਿੱਚ ਮਾਰ ਨਜ਼ਰ।

ਅੱਖਰ-ਅੱਖਰ ਜ਼ਹਿਰ ਉਗਲਦਾ ਲਹੂ ’ਚ ਲਿਬੜੀ ਹਰ ਸੁਰਖੀ,
ਦਿਲ ਤਾਂ ਬੱਚਾ ਹੈ ਡਰ ਜਾਂਦੈ, ਆਉਂਦੇ ਜਦ ਅਖ਼ਬਾਰ ਨਜ਼ਰ।

ਰਫ਼ਤਾਰ ਤੇਜ਼, ਗੁਫ਼ਤਾਰ ਮਾਖਿਓਂ, ਸੋਹਣੀ ਹੈ ਦਸਤਾਰ ਬੜੀ,
ਨਜ਼ਰਾਂ ’ਚੋਂ ਡਿਗਦੀ ਸ਼ਖ਼ਸੀਅਤ ਹੋਵੇ ਜੇ ਬਦਕਾਰ ਨਜ਼ਰ।



ਮੈਨੂੰ ਦੋਸ਼ ਨਾ ਦੇਈਂ ਖ਼ੁਦਾਇਆ ਇਸ਼ਕ ਗੁਨਾਹ ਜੇ ਕਰ ਬੈਠਾਂ,
ਕਠਪੁਤਲੀ ਦੀ ਹਰ ਹਰਕਤ ’ਤੇ ਰੱਖਦਾ ਸੂਤਰਧਾਰ ਨਜ਼ਰ।

ਵੰਡਦੀ ਨਹੀਂ ਮਹਿਜ ਇਹ ਵਿਹੜੇ ਪਾੜ ਦਿਲਾਂ ਵਿੱਚ ਵੀ ਪਾਵੇ,
ਚਾਰਦੀਵਾਰੀ ਢਹਿ ਕੇ ਉੱਸਰੀ ਆਉਂਦੀ ਜੋ ਦੀਵਾਰ ਨਜ਼ਰ।

ਰਘੁਵੰਸ਼ੀ ਦਾ ਭੇਸ ਵਟਾਅ ਕੇ, ਅੱਜ-ਕੱਲ੍ਹ ਰਾਵਣ ਆਇਆ ਹੈ,
ਅੰਨ੍ਹੇ ਭਗਤਾਂ ਨੂੰ ਪਰ ਆਉਂਦਾ ਉਹ ਰਾਮਾ ਅਵਤਾਰ ਨਜ਼ਰ।

ਨਜ਼ਰ ਮਿਲਾ ਕੇ ਨਜ਼ਰ ਚੁਰਾਈ ਕਿਸਨੇ ਲਾਈ ਨਜ਼ਰ ਬੁਰੀ,
ਅੱਖਰ ਵਾਰੋ ਨਜ਼ਰ ਉਤਾਰੋ ਜੇ ਆਵੇ ਸਰਕਾਰ ਨਜ਼ਰ।

ਬੇਸ਼ਕ ਰਾਜਾ ਬਦ ਇਖਲਾਕਾ ਐਪਰ ਸੱਚ ਹੀ ਬੋਲ ਰਿਹੈ,
ਉਸਨੂੰ ਮਹਿਲਾਂ ’ਤੋਂ ਨਹੀਂ ਆਉਂਦੇ ਲਾਸ਼ਾਂ ਦੇ ਅੰਬਾਰ ਨਜ਼ਰ।

ਫਰਕ ਨਜ਼ਰ ਵਿੱਚ ਅਪਣੇ ਜਾਂ ਫਿਰ ਵੱਖੋ-ਵੱਖ ਨਜ਼ਰੀਆ ਹੈ,
ਆਉਂਦੇ ਕਿਉਂ ਵਿਓਪਾਰੀ ਮੈਨੂੰ ਬਹੁਤੇ ਸਾਹਿਤਕਾਰ ਨਜ਼ਰ?

ਸ਼ਬਦ ਸੁਖਨਵਰ ਦਾ ਸਰਮਾਇਆ ਇਸ ਭਰਪੂਰ ਖ਼ਜ਼ਾਨੇ ’ਚੋਂ,
ਐ ਕਵਿਤਾ ਦੀ ਦੇਵੀ ਕਰਦਾਂ ਕੁਝ ਅਪਣੇ ਅਸ਼ਆਰ ਨਜ਼ਰ।
•

❑
ਮੁਖੌਟਾ ਲਾਹ ਦੇ, ਜੇ ਹੋਣੈ ਮੇਰੇ ਸਤਿਕਾਰ ਦਾ ਪਾਤਰ।
ਬੜਾ ਦਿਲਕਸ਼ ਨਿਭਾਇਆ ਹੈ ਤੂੰ ਹਰ ਪ੍ਰਕਾਰ ਦਾ ਪਾਤਰ।

ਇਹ ਸਿਰ ਨੂੰ ਧਾਰ 'ਤੇ ਰੱਖੀਂ ਯਕੀਂ ਦਸਤਾਰ 'ਤੇ ਰੱਖੀਂ,
ਨਿਭਾਉਣਾ ਜੇ ਤੂੰ ਚਾਹੁੰਦਾ ਏਂ ਕਿਸੇ ਸਰਦਾਰ ਦਾ ਪਾਤਰ।

ਅਪੀਲਾਂ ਤੇ ਦਲੀਲਾਂ ਬਾਅਦ ਹੱਥ ਸ਼ਮਸ਼ੀਰ ਨੂੰ ਪਾਈਂ,
ਕਦੀ ਵੀ ਭੀਖ ਨਾ ਮੰਗੀਂ ਬਣਾਅ ਦਸਤਾਰ ਦਾ ਪਾਤਰ।



ਅਸਾਂ ਪੰਜਾਬੀਆਂ ਨੇ ਓਸਨੂੰ ਪਲਕੀਂ ਬਿਠਾਇਆ ਹੈ,
ਉਹਦੇ ਪਾਤਰ 'ਤੇ ਹਾਵੀ ਰਾਜਸੀ ਦਰਬਾਰ ਦਾ ਪਾਤਰ।

ਇਹ ਦਰਸ਼ਕ ਸੌਂ ਗਏ ਉਹ ਤਾੜ ਮੌਕਾ ਬਣ ਗਿਆ ਰਾਜਾ,
ਜਿਹਨੂੰ ਨਾਟਕ 'ਚ ਮਿਲਿਆ ਇੱਕ ਚੌਕੀਦਾਰ ਦਾ ਪਾਤਰ।

ਤਮਾਸ਼ਾ ਲੋਕਤੰਤਰ ਦਾ ਤੇ ਹਰ ਕਿਰਦਾਰ ਹੈ ਬਾਗ਼ੀ,
ਲਪੇਟੀ ਖੰਡ ਵਿੱਚ ਮਹੁਰਾ ਤਦੇ ਪ੍ਰਚਾਰਦਾ ਪਾਤਰ।

ਜ਼ਮਹੂਰੀ ਸਲਤਨਤ ਹੈ, ਵੋਟਰਾਂ ਦੇ ਕੋਲ਼ ਤਾਕਤ ਵੀ,
ਦਿਸ਼ਾਹੀਣਾ ਹੈ ਨਿਰਦੇਸ਼ਕ, ਤਾਂ ਸਾਨੂੰ ਚਾਰਦਾ ਪਾਤਰ।

ਤੁਸੀਂ ਪੰਜਾਬ ਦਾ ਨਾਟਕ ਹਮੇਸ਼ਾ ਖੇਡਦੇ ਆਏ,
ਉਹੀ ਹਾਲਾਤ ਨੇ ਤੇ ਜੂਝਦਾ ਦਸਤਾਰ ਦਾ ਪਾਤਰ।

ਬਣਾ ਦਿੱਤਾ ਹੈ ਨਾਟਕ ਮੰਚ ਅੱਜਕੱਲ੍ਹ ਦੇਸ਼ ਤੂੰ ਸਾਰਾ,
ਨਚਾਉਂਦਾ ਏਂ ਮਦਾਰੀ ਵਾਂਗ ਤੂੰ ਸਰਕਾਰ ਦਾ ਪਾਤਰ।

ਇਹ ਸਾਰੀ ਜ਼ਿੰਦਗੀ ਨਾਟਕ ਹੈ ਪਰ ਕਿਰਦਾਰ ਵੱਖਰੇ ਨੇ,
ਮੇਰਾ ਕਿਰਸਾਨ ਦਾ ਪਾਤਰ ਤੇਰਾ ਵਿਉਪਾਰ ਦਾ ਪਾਤਰ।
•

❑

ਕਲਮ ਵਿੱਚ ਹਰਫ਼ ਦੀ ਰੂਹ ਹੈ ਰੁਮਕਦੀ! ਲਿਖ।
ਲਿਖੇਂ ਕਿਉਂ ਮੌਤ ਸ਼ਬਦਾਂ ਦੀ? ਜ਼ਿੰਦਗੀ! ਲਿਖ।

ਜੋ ਘਟ ਚੁੱਕੀ ਉਹ ਘਟਨਾ ਤੋਂ ਵਿਸ਼ਵ ਜਾਣੂੰ,
ਜਿਹੜੀ ਗੱਲਬਾਤ ਅੱਜ ਤੱਕ ਨਾ ਹੋ ਸਕੀ! ਲਿਖ।

ਇਹ ਅੱਖ 'ਚੋਂ ਹੰਝ ਬਣਕੇ ਕਿਉਂ ਸ਼ਬਦ ਕਿਰਦੇ,
ਤੇਰੇ ਦਿਲ ਵਿੱਚ ਗ਼ਜ਼ਲ ਹੈ ਇੱਕ ਤੜਫਦੀ! ਲਿਖ।



ਇਹ ਕੁੱਖ ਜੇ ਕੁੱਖ 'ਚ ਹੀ ਕੁੱਖ ਦਾ ਕਤਲ ਸੋਚੇ,
ਧਿਆਣੀ ਧੀ ਹੈ ਜੰਮਣ ਲਈ ਵਿਲਕਦੀ! ਲਿਖ।

ਜੇ ਮਰਿਓਂ ਬਕਬਕੇ ਰਿਸ਼ਤੇ ਪਾਲ਼ਦਾ ਤੂੰ,
ਇਹ ਮਰਨਾ ਕੁਦਰਤੀ ਨਹੀਂ ਹੈ ਖ਼ੁਦਕਸ਼ੀ! ਲਿਖ।

ਗ਼ਜ਼ਲ ਲਿਖ, ਗੀਤ ਵੀ ਲਿਖ, ਜੇ ਹੋਰ ਨਹੀਂ ਤਾਂ,
ਇਨ੍ਹਾਂ ਸਾਹਾਂ ਦੀ ਸਰਗਮ ਨੂੰ ਲਾਜ਼ਮੀ! ਲਿਖ।

ਜਗਾਅ ਤੂੰ ਹਰਫ਼ ਮੱਥਿਆਂ ਵਿੱਚ ਬਾਲਪਨ ਦੇ,
ਹਨੇਰੀ ਬਸਤੀਆਂ ਦੇ ਨਾਂ ਰੌਸ਼ਨੀ! ਲਿਖ।

ਸਮੇਂ ਦੇ ਨਾਲ਼ ਪਰਿਵਰਤਨ ਲਾਜ਼ਮੀ ਹੈ,
ਤੂੰ ਥੋਥੇ ਫਲਸਫੇ ਛੱਡਕੇ ਤਾਜ਼ਗੀ! ਲਿਖ।

ਵਿਖਾਵਾ ਸ਼ੌਂਕ ਹੈ ਤਾਂ ਬਣ ਰਾਜਨੇਤਾ,
ਲਿਖੇਂ ਤਾਂ, ਧਾਰ ਕੇ ਮਨ ਵਿੱਚ ਸਾਦਗੀ! ਲਿਖ।

ਗ਼ਜ਼ਲ ਹਾਲੇ ਲਿਖੀ ਨਹੀਂ ਹਰ ਬਹਿਰ ਦੇ ਵਿੱਚ,
ਹਕੀਕਤ ਏਸਨੂੰ 'ਸਿੱਧੂ' ਆਰਜ਼ੀ! ਲਿਖ।

•

❑

ਮਿਲਣ ਆਉਂਦੇ ਨੇ ਅਕਸਰ ਹੀ ਉਹ ਮੈਨੂੰ ਰੁੱਖ ਸਮਝਦੇ ਨੇ।
ਇਕੱਲਤਾ ਦਾ ਪਰਿੰਦੇ ਹੀ ਤਾਂ ਏਥੇ ਦੁੱਖ ਸਮਝਦੇ ਨੇ।

ਅਦਾਕਾਰੀ ਲੁਕਾਵੇ ਦਰਦ ਦਿਲ ਦਾ ਹਾਸਿਆਂ ਹੇਠਾਂ,
ਮੇਰੇ ਹਮਰਾਜ਼ ਵੀ ਮੈਨੂੰ ਬੜਾ ਹਸਮੁੱਖ ਸਮਝਦੇ ਨੇ।

ਪੁਜਾਰੀ ਸ਼ਬਦ ਦਾ ਮੈਂ ਸ਼ਬਦ ਮੇਰੀ ਜ਼ਾਤ ਦਾ ਮਹਿਰਮ,
ਮੇਰੇ ਹਮਜ਼ਾਤ ਮੈਨੂੰ ਫੇਰ ਵੀ ਮਨਮੁੱਖ ਸਮਝਦੇ ਨੇ।

ਦਇਆ, ਉਪਕਾਰ, ਸੇਵਾ, ਪਿਆਰ ਤੇ ਸੰਤੋਖ ਤੋਂ ਹੀਣਾ,
ਇਹ ਭੋਲ਼ੇ ਲੋਕ ਸ਼ਰਧਾ ਵੱਸ ਜਿਹਨੂੰ ਗੁਰਮੁੱਖ ਸਮਝਦੇ ਨੇ।

ਨਾ ਅਹੁਦਾ ਹੈ ਨਾ ਵੁੱਕਤ ਪਰ ਦਖਲਅੰਦਾਜ਼ ਨੇ ਪੂਰੇ,
ਇਹ ਖ਼ੁਦ ਨੂੰ ਸਾਬਕਾ ਪਰਧਾਨ ਜੀ ਪਰਮੁੱਖ ਸਮਝਦੇ ਨੇ।

ਮੇਰੀ ਮੁਸਕਾਨ ਹੇਠਾਂ ਦਫ਼ਨ ਦਰਦਾਂ ਦਾ ਖ਼ਜ਼ਾਨਾ ਹੈ,
ਇਹ ਬੇਪੀੜੇ ਮੇਰੀ ਝੋਲੀ 'ਚ ਫੋਲਕ ਤੁੱਖ ਸਮਝਦੇ ਨੇ।

ਉਹ ਮੇਰੇ ਸਾਹਮਣੇ ਆਉਣੇ ਤੋਂ ਕੰਨੀ ਰਹਿਣ ਕਤਰਾਉਂਦੇ,
ਕਦੋਂ ਪਰ ਬੈਠਣਾ ਹੈ ਸ਼ੀਸ਼ਿਆਂ ਸਨਮੁੱਖ ਸਮਝਦੇ ਨੇ।

ਸਮਾਜਿਕ ਮਾਣਤਾ ਲਈ ਹੀ ਯੁੱਗਾਂ ਤੋਂ ਜੂਝਦੀ ਨਾਰੀ,
ਇਹ ਜੱਦੋਜਹਿਦ ਨੂੰ ਹੀ ਲੋਕ ਉਸਦੀ ਭੁੱਖ ਸਮਝਦੇ ਨੇ।

ਜਮੀਂ ਜ਼ਰਖੇਜ਼ ਦੇ ਵਾਂਗੂੰ ਇਹ ਔਰਤ ਜਿਣਸ ਹੀ ਦੇਵੇ,
ਇਹਨੂੰ ਪੇਕੇ ਅਤੇ ਸਹੁਰੇ ਮਹਿਜ ਇੱਕ ਕੁੱਖ ਸਮਝਦੇ ਨੇ।

•



❑

ਸੱਚ, ਸੁਹੱਪਣ, ਸ਼ਿਵ ਤਿੰਨਾਂ ਲਈ ਇੱਕ ਸ਼ਬਦ ਹੈ ਕੀ ?
ਦੁਨੀਆ ਪੜ੍ਹਦੀ ਰਹੀ ਕਿਤਾਬਾਂ, ਮੈਂ ਲਿਖ ਦਿੱਤਾ ਧੀ।

ਮੈਨੂੰ ਮੇਰੇ ਆਪੇ ਨਾਲੋਂ ਜਿਸਨੇ ਵੱਖਰਾ ਕੀਤਾ,
ਗ਼ੈਰ ਨਹੀਂ ਕੋਈ ਉਹ ਤੇ ਮੇਰੀ ਆਪਣੀ ਮੈਂ ਹੀ ਸੀ।

ਕੂੜ ਕਬਾੜਾ ਕੱਠਾ ਕਰ ਲੈ ਸਿਰ ਵਿੱਚ ਜਿੰਨਾ ਮਰਜ਼ੀ,
ਸੱਚ ਬਿਨਾ ਸੁਕਰਾਤ ਦੇ ਵਾਂਗੂੰ ਜ਼ਹਿਰ ਨਾ ਹੋਣਾ ਪੀ।

ਹਿੰਮਤ ਨੇ ਹੀ ਹੱਲ ਕਰਨਾ ਹੈ ਜੀਵਨ ਦਾ ਹਰ ਮਸਲਾ,
ਤੰਗੀ, ਤੁਰਸ਼ੀ, ਲੋੜਾਂ, ਥੋੜਾਂ, ਰਹਿਣੀਆਂ ਜੀਂਦੇ ਜੀ।

ਜੇਕਰ ਰੁੱਖ ਤੂੰ ਕੱਲਮ-ਕੱਲਾ ਸਿੱਖ ਅਡੋਲ ਖਲੋਣਾ,
ਛੱਡ ਨਾ ਚਾਹਤ ਬਿਰਖ ਹੋਣ ਦੀ ਭਾਵੇਂ ਤੂੰ ਇੱਕ ਬੀਅ।

ਮੇਰੀ ਮਾਂ ਬੋਲੀ ਵਿੱਚ ਹੋਰਾਂ ਦੀ ਹੈ ਦਖਲਅੰਦਾਜ਼ੀ,
ਮਾਂ ਹੈ ਮੰਮੀ, ਪਿਓ ਹੈ ਡੈਡੀ, ਭੈਣ ਬਣੀ ਦੀਦੀ।

ਪੱਥਰ, ਕਾਗਜ਼ ਰੱਬ ਕਰ ਦਿੱਤੇ, ਅੱਖਰ ਸਾਨੂੰ ਵਿੱਸਰੇ,
ਸ਼ਬਦ, ਸੁਰਤ, ਧੁਨ, ਚੇਲਾ, ਰਮਜ਼ ਨਾ ਸਮਝੀ ਨਾਨਕ ਦੀ।

ਮੈਂ ਬਾਗ਼ੀ, ਜਾਂ ਅੱਤਵਾਦੀ ਹਾਂ, ਜੋ ਜੀ ਕਰਦਾ ਕਹਿ ਲਓ,
ਹਰ ਗਾਥਾ ਦਾ ਪਾਤਰ ਕਿਰਤੀ ਰਿਹਾ ਤੇ ਰਹਿਣਾ ਵੀ।

•

❑

ਕਿਤੇ ਸੂਹਾ ਕਿਤੇ ਕਾਲ਼ਾ ਜਾਂ ਪੱਥਰ ਮਰਮਰੀ ਹੋਵੇ।
ਨਾ ਦੇਖੀ ਹੈ ਇਹਦੀ ਕਿਸ਼ਤੀ ਜੋ ਪਾਣੀ 'ਤੇ ਤਰੀ ਹੋਵੇ।

ਸੁਰਾਂ ਦਾ ਰੂਪ ਹੋ ਜਾਣਾ ਨਹੀਂ ਹਰ ਇੱਕ ਦੇ ਭਾਗੀਂ,
ਉਹ ਪੋਰੀ ਭਾਗਸ਼ਾਲੀ ਬਾਂਸ ਦੀ ਜੋ ਬੰਸਰੀ ਹੋਵੇ।

ਕਦੀ ਕਰਿਓ ਨਾ ਦਿਲ ਕਾਬੂ ਇਹ ਝੱਲਾ ਹੈ ਇਹ ਬਾਗ਼ੀ ਹੈ,
ਜਿਹੜੀ ਵੀ ਚੀਜ਼ 'ਤੇ ਬੰਦਿਸ਼ ਉਹਦੀ ਹੀ ਤਸਕਰੀ ਹੋਵੇ।



ਇਹ ਚੋਲ਼ਾ ਹੀ ਇਕੱਲਾ ਨਈਂ ਨਿਸ਼ਾਨੀ ਸੰਤ ਪੁਰਖਾਂ ਦੀ,
ਉਹਨਾ ਦਾ ਦਿਲ ਰਹੇ ਕੋਮਲ ਹਥੇਲੀ ਖ਼ੁਰਦਰੀ ਹੋਵੇ।

ਬਜ਼ਾਰਾਂ ਵਿੱਚ ਹਰ ਇੱਕ ਚੀਜ਼ ਦੀ ਕੀਮਤ ਅਲਹਿਦਾ ਹੈ,
ਵਿਕੇ ਉਹ ਹੀ ਹਮੇਸ਼ਾਂ ਜੋ ਕਸੌਟੀ 'ਤੇ ਖ਼ਰੀ ਹੋਵੇ।

ਇਹ ਮਾਂ ਬੋਲੀ ਦੇ ਸ਼ਬਦਾਂ ਨੂੰ ਮਰੋੜੀ ਮਾਰ ਨਾ ਬੋਲੋ,
ਅਖਰਦਾ ਸਤਿ ਸਿਰੀ ਹੈ ਜੇ ਅਚਾਨਕ ਸਾਸਰੀ ਹੋਵੇ।

ਜੋ ਕਰਦਾ ਪਿਆਰ ਤੇ ਨਾਲੇ ਨਫਾ ਨੁਕਸਾਨ ਵੀ ਸੋਚੇ,
ਉਹ ਆਸ਼ਕ ਨਈਂ ਵਪਾਰੀ ਹੈ ਜਾਂ ਬਾਬੂ ਦਫਤਰੀ ਹੋਵੇ।

ਬਿਨਾ ਪੜ੍ਹਿਆਂ ਬਿਨਾ ਸਮਝੇ ਇਕਾਗਰਤਾ ਬਿਨਾ ਕੋਈ,
ਅਸਰ ਕਰਦੀ ਨਹੀਂ ਪੁਸਤਕ ਪੜ੍ਹੀ ਜੇ ਸਰਸਰੀ ਹੋਵੇ।

ਇਹ ਕਿਸਮਤ ਦਾ ਤਕਾਜ਼ਾ ਹੈ ਜਾਂ ਹਾਕਮ ਦੀ ਸਿਆਸਤ ਹੈ,
ਨਹੀਂ ਤਾਂ ਕਿਉਂ ਮੇਰੀ ਹਿਜਰਤ ਮੇਰੇ ਪਿੰਡੋਂ ਸਰੀ ਹੋਵੇ।

ਇਨ੍ਹਾਂ ਯਾਦਾਂ ਸਹਾਰੇ ਹੀ ਬੁਢਾਪਾ ਲੰਘਦਾ 'ਸਿੱਧੂ',
ਜੇ ਇਲਤੀ ਬਾਲਪਨ ਹੋਵੇ ਜਵਾਨੀ ਰਸਭਰੀ ਹੋਵੇ।

•

❑
ਸਮੇਂ ਦੀ ਧੂੜ ਨੇ ਦਿਲ ਦਾ ਇਵੇਂ ਹੈ ਢਕ ਲਿਆ ਸ਼ੀਸ਼ਾ।
ਦਿਖਾਉਣੋਂ ਰੂਹ ਮੇਰੀ ਦਾ ਅਕਸ ਵੀ ਹੁਣ ਮੁਕਰਿਆ ਸ਼ੀਸ਼ਾ।

ਜਿਹੜਾ ਪੱਥਰਾਂ 'ਚ ਰਹਿ ਕੇ ਵੀ ਰਿਹਾ ਸਾਬਤ ਸਬੂਤਾ ਸੀ,
ਉਹ ਫੁੱਲ ਦੇ ਨਾਲ ਖਹਿ ਕੇ ਹੀ ਭਲਾ ਕਿਉਂ ਤਿੜਕਿਆ ਸ਼ੀਸ਼ਾ।

ਜ਼ਮਾਨਾ ਪਹਿਨ ਕੇ ਕੰਗਣ ਨੂੰ ਵੀ ਤਾਂ ਆਰਸੀ ਦੇਖੇ,
ਤੇ ਆਤਮ ਆਦਮੀ ਦਾ ਦੇਖਣੇ ਨੂੰ ਤਰਸਿਆ ਸ਼ੀਸ਼ਾ।



ਜੇ ਅਪਣਾ ਰੂਪ ਅਸਲੀ ਦੇਖਣਾ ਪਾ ਅੱਖ 'ਚ ਅੱਖ ਮੇਰੇ,
ਨਿਰ੍ਹੇ ਹੰਝੂ ਨਹੀਂ ਨੈਣੀਂ, ਇਨ੍ਹਾਂ ਵਿੱਚ ਢਲ਼ ਗਿਆ ਸ਼ੀਸ਼ਾ।

ਵਿਛਾ ਦਿੱਤੇ ਮੈਂ ਫੁੱਲ ਕਲੀਆਂ ਗਲੀਚੇ ਲਾਲ ਦਿਲ ਦੇ 'ਤੇ,
ਜਦੋਂ ਟੁਕੜੇ ਹੋ ਤੇਰੀ ਰਾਹਗੁਜ਼ਰ ਵਿੱਚ ਬਿਖਰਿਆ ਸ਼ੀਸ਼ਾ।

ਹਰਿਕ ਚਿਹਰਾ ਮੁਖੌਟੇ ਹੇਠ ਅਸਲੀਅਤ ਛੁਪਾਉਂਦਾ ਹੈ,
ਜਦੋਂ ਇਹ ਇਲਮ ਹੋਇਆ ਮੈਂ ਕਦੀ ਨਹੀਂ ਬਦਲਿਆ ਸ਼ੀਸ਼ਾ।

ਉਹ ਸੋਹਲੇ ਆਪਣੇ ਗਾਉਂਦਾ ਮੇਰੇ ਨਿੱਤ ਸਾਹਮਣੇ ਆ ਕੇ,
ਤੇ ਉਲਟੇ ਪੈਰ ਦੌੜ੍ਹਾ ਜਦ ਮੇਰੇ ਹੱਥ ਦੇਖਿਆ ਸ਼ੀਸ਼ਾ।

ਗਿਣੇ ਜਦ ਜ਼ਖਮ ਸੀ ਮੇਰੇ ਤੂੰ ਵਰਤੀ ਨੋਕ ਖੰਜਰ ਦੀ,
ਤੇਰੀ ਜ਼ਾਲਿਮ ਅਦਾ ਦੇ ਬਿੰਬ ਨੂੰ ਛੋਹ ਡਰ ਗਿਆ ਸ਼ੀਸ਼ਾ।

ਗ਼ਜ਼ਲ ਗੱਗੇ ਤੇ ਜੱਜੇ ਪੈਰ ਬਿੰਦੀ ਨਾਲ ਹੀ ਮਟਕੇ,
ਰਵਾਨੀ ਏਸ ਦੀ ਸ਼ੀਸ਼ੇ ਤੋਂ ਜੀਕਣ ਤਿਲਕਿਆ ਸ਼ੀਸ਼ਾ।

ਉਦੋਂ 'ਸਿੱਧੂ' ਇਹ ਵਿਹੜਾ ਇਸ਼ਕ ਦਾ ਪੁਰਨੂਰ ਹੋਇਆ ਸੀ,
ਚੁਬਾਰੇ ਹੁਸਨ ਦੇ ਉੱਤੋਂ ਜਦੋਂ ਸੀ ਲਿਸ਼ਕਿਆ ਸ਼ੀਸ਼ਾ।
•

❑

ਸਭ ਆਪ ਦੀ ਬਦੌਲਤ ਜੋ ਵੀ ਜਨਾਬ ਹਾਂ ਮੈਂ।
ਖਿੜਦਾ ਗੁਲਾਬ ਹਾਂ ਜਾਂ ਬਲ਼ਦਾ ਤਿਜ਼ਾਬ ਹਾਂ ਮੈਂ।

ਕਰਦਾ ਮਿਜ਼ਾਜ ਤੇਰਾ ਜਾਹਰ ਹੈ ਰਾਜ਼ ਮੇਰਾ,
ਕਦ ਮਾਹਤਾਬ ਹਾਂ ਮੈਂ ਕਦ ਆਫ਼ਤਾਬ ਹਾਂ ਮੈਂ।

ਵੱਖਰੀ ਤਸੀਰ ਮੇਰੀ, ਬਦਲੇ ਬਗੈਰ ਦੇਰੀ,
ਪੰਛੀ ਮਸੂਮ ਇੱਕ ਪਲ, ਦੂਜੇ ਉਕਾਬ ਹਾਂ ਮੈਂ।



ਮੈਂ ਸਤਰ ਸਤਰ ਨਿੱਖਰਾਂ ਤੇ ਸ਼ਬਦ ਸ਼ਬਦ ਬਿਖਰਾਂ,
ਤੂੰ ਹਰਫ਼ ਹਰਫ਼ ਪੜ੍ਹ ਲੈ ਖੁੱਲ੍ਹੀ ਕਿਤਾਬ ਹਾਂ ਮੈਂ।

ਗ਼ਜ਼ਲਾਂ ਸਰੂਪ ਹੋ ਕੇ ਮੰਜ਼ਰ ਅਨੂਪ ਹੋ ਕੇ,
ਤੇਰੀ ਜ਼ਮੀਨ ’ਤੇ ਜੋ ਟਹਿਕੇ ਗੁਲਾਬ ਹਾਂ ਮੈਂ।

ਕੀਤੀ ਅਰਾਧਨਾ ਤੂੰ ਤੇ ਘੋਰ ਸਾਧਨਾ ਤੂੰ,
ਜਿਸਦੀ ਤਲਾਸ਼ ਖਾਤਰ ਓਹੀ ਖਿਤਾਬ ਹਾਂ ਮੈਂ।

ਜੇਲ੍ਹਮ ਬਿਆਸ ਤਰ ਕੇ ਰਾਵੀ ਨੂੰ ਪਾਰ ਕਰ ਕੇ,
ਸਤਲੁਜ ਨੂੰ ਇਸ਼ਕ ਆਖੇ ਤੇਰਾ ਚਨ੍ਹਾਬ ਹਾਂ ਮੈਂ।

ਹਸਤੀ ਅਜ਼ਾਦ ਮੇਰੀ ਪਰ ਨਾ ਮਿਆਦ ਮੇਰੀ,
ਪਲ ਪਲ ਬਣਾਂ ਤੇ ਬਿਨਸਾਂ ਜਲ ’ਤੇ ਹਬਾਬ ਹਾਂ ਮੈਂ।

ਟੇਢਾ ਸਵਾਲ ਹੈ ਉਹ ਤਾਂ ਹੀ ਕਮਾਲ ਹੈ ਉਹ,
ਏਸੇ ਸਵਾਲ ਦਾ ਹੀ ਸਿੱਧਾ ਜਵਾਬ ਹਾਂ ਮੈਂ।

ਗਮ, ਸਿਸਕੀਆਂ, ਵਿਛੋੜਾ, ਹੌਕੇ, ਹਿਜਰ ਦਾ ਫੋੜਾ,
ਦਿਲ ਦੀ ਵਹੀ ’ਤੇ ਲਿਖਿਆ ਫੁਟਕਲ ਹਿਸਾਬ ਹਾਂ ਮੈਂ।

ਤੇਰੀ ਅਗੋਸ਼ ਯਾਰਾ ਆਵੇ ਨਾ ਹੋਸ਼ ਯਾਰਾ,
ਦੁਨੀਆਂ ਵਿਸਾਰ ਬੈਠਾ ਖਾਨਾਖ਼ਰਾਬ ਹਾਂ ਮੈਂ।

•

❑

ਜੀਣ ਜੋਗੀ ਆਪਣੀ ਫਿਰ ਤੋਂ ਬਣਾਵਾਂ ਜ਼ਿੰਦਗੀ।
ਮੇਰੀਏ ਜਾਨੇ ਆ ਤੇਰੇ ਨਾਂ ਲਿਖਾਵਾਂ ਜ਼ਿੰਦਗੀ।

ਫੁੱਲ, ਵਾ, ਖੁਸ਼ਬੋ, ਘਟਾਵਾਂ, ਚਾਨਣੀ ਵਿੱਚ ਘੋਲ਼ ਕੇ,
ਆ ਮੈਂ ਤੇਰੀ ਜ਼ੁਲਫ ਹੁਣ ਏਦਾਂ ਸਜਾਵਾਂ ਜ਼ਿੰਦਗੀ।

ਇਸ਼ਕ ਤੇਰਾ ਜੇ ਪਿਓਂਦੇ, ਬਿਰਖ ਮੇਰੇ ਜਿਸਮ ਦਾ,
ਜੀਂਦੇ-ਜੀਅ ਮੈਂ ਜ਼ਿੰਦਗੀ ਦੇ ਵਿੱਚ ਮਿਲਾਵਾਂ ਜ਼ਿੰਦਗੀ।



ਓਝੜੇ ਰਾਹ ਵੀ ਨੇ ਜਾਂਦੇ ਮੰਜ਼ਿਲਾਂ ਤੀਕਰ ਬੜੇ,
ਮੁਸ਼ਕਲਾਂ ਤੋਂ ਸਿੱਖਦੀ ਸੂਖਮ ਕਲਾਵਾਂ ਜ਼ਿੰਦਗੀ।

ਛਣਕਦੀ ਝਾਂਜਰ ਨਾ ਕੋਈ ਵੰਗ ਵੀ ਨਈਂ ਖਣਕਦੀ,
ਕਿਸ ਤਰ੍ਹਾਂ ਮੈਂ ਵਜਦ ਵਿਚ ਬੰਸੀ ਵਜਾਵਾਂ ਜ਼ਿੰਦਗੀ।

ਐ ਮੇਰੀ ਪੱਥਰ ਦੀ ਦੇਵੀ ਆ ਮੇਰੀ ਆਗੋਸ਼ ਵਿੱਚ,
ਤੇਰੀਆਂ ਮੈਂ ਧੜਕਣਾਂ ਵਿੱਚ ਫਿਰ ਜਗਾਵਾਂ ਜ਼ਿੰਦਗੀ।

ਮੇਰਿਆਂ ਸਾਹਾਂ 'ਚ ਕਵਿਤਾ ਚਲ ਰਹੀ ਤਾਂ ਜੀ ਰਿਹਾਂ,
ਕਿਉਂ ਭਲਾ ਹੁਣ ਜ਼ਿੰਦਗੀ ਵਿੱਚੋਂ ਘਟਾਵਾਂ ਜ਼ਿੰਦਗੀ।

ਮੈਂ ਗ਼ਜ਼ਲ ਲਿਖਦਾ ਰਿਹਾ, ਗਾਉਂਦਾ ਰਿਹਾ ਤੇਰੇ ਲਈ,
ਇਸ ਤੋਂ ਮਿੱਠਾ ਹੋਰ ਤੈਨੂੰ ਕੀ ਸੁਣਾਵਾਂ ਜ਼ਿੰਦਗੀ।

ਜਦ ਗ਼ਜ਼ਲ ਲਿਖਦਾਂ ਉਦੋਂ ਮਹਿਸੂਸ ਕਰਦਾ ਦਿਲ ਮੇਰਾ,
ਸਿਰਫ ਤੇਰੇ ਸੁਰ 'ਚ ਹੀ ਮੈਂ ਸੁਰ ਮਿਲਾਵਾਂ ਜ਼ਿੰਦਗੀ।

ਹਰਫ ਬੇਤਰਤੀਬ ਇਸਦੇ ਨਾ ਕੋਈ ਇਕਸਾਰਤਾ,
ਏਹ ਵਰਣਮਾਲ਼ਾ ਨਹੀਂ! ਅੱਖਰ ਭੁਲਾਵਾਂ ਜ਼ਿੰਦਗੀ।

•

❑

ਤਨ ਦਾ ਚਰਖਾ ਦਮ ਦੀ ਪੂਣੀ ਕਰਦੀ ਜੋਟੇ ਜਿੰਦੂ।
ਮਿਸਰਾ ਮਿਸਰਾ ਕਰ ਕੇ ਕੱਤੇ ਗ਼ਜ਼ਲ ਗਲੋਟੇ ਜਿੰਦੂ।

"ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ",
ਮੋਹ ਦੀ ਮਿੱਟੀ ਲਾ ਕੇ ਲਿੱਪੇ ਆਸ ਦੇ ਓਟੇ ਜਿੰਦੂ।

ਸਮਿਆਂ ਦੀ ਬਰਸਾਤ ਸਲਾਬ੍ਹੇ ਬਾਲਣ ਅਹਿਸਾਸਾਂ ਦਾ,
ਕਾਵਿ ਅਗਨ ਬਣ ਮਘਦੇ ਰੱਖਦੀ ਗਿੱਲੇ ਗੋਹਟੇ ਜਿੰਦੂ।



ਸੁਰਤ ਸਾਂਭਦੇ ਨਵੀਆਂ ਖੇਡਾਂ ਕੁੱਲੀ, ਗੁੱਲੀ, ਜੁੱਲੀ,
ਬਾਲਪਨ ਵਿੱਚ ਰਹੀ ਖੇਡਦੀ ਕਲੀਆਂ ਜੋਟੇ ਜਿੰਦੂ।

ਹਸ਼ਰ ਸਮੇਂ ਕਰਮਾਂ ਦਾ ਲੇਖਾ ਬਿਨਾ ਰੁਕਾਵਟ ਹੋਵੇ,
ਤਾਂ ਹੀ ਚੁਣ ਚੁਣ ਵੱਖਰੇ ਕੱਢਦੀ ਖਰੇ ਤੇ ਖੋਟੇ ਜਿੰਦੂ।

ਪੁਲਸਾਰਾਤ ਲੰਘ ਭਵਸਾਗਰ ਵੀ ਤਰਨਾ ਸ਼ਬਦ ਸਹਾਰੇ,
ਢਾਲ਼ ਰਿਹਾਂ ਮੈਂ ਤਾਂ ਕਵਿਤਾ ਵਿੱਚ ਪੋਟੇ ਪੋਟੇ ਜਿੰਦੂ।

ਕਰ ਨਾ ਕਰ ਇਕਰਾਰ ਤੂੰ ਮੂੰਹੋਂ ਤੇਰੀ ਮਰਜ਼ੀ ਸੱਜਣਾ,
ਨਜ਼ਰੋਂ ਨਾਂਹ ਝਲਕੀ ਤਾਂ ਹੋਣੀ ਟੋਟੇ ਟੋਟੇ ਜਿੰਦੂ।

"ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ" ਮੁਰਸ਼ਦ ਤੋਂ ਵਰ ਲੈ ਕੇ,
ਰਹੀ ਹੰਢਾਉਂਦੀ ਜ਼ਾਲਮ ਟਾਡੇ, ਮੀਸੇ, ਪੋਟੇ ਜਿੰਦੂ।

ਨੁਕਤਾਚੀਨੀ ਹਾਕਮ ਦੀ ਜਦ ਸ਼ਾਇਰ ਕਰਨੋ ਡਰਦਾ,
ਮੁਰਦਾ ਕਵਿਤਾ ਨੂੰ ਫਿਰ ਲਾਵੇ ਝਾਲਰ ਗੋਟੇ ਜਿੰਦੂ।

'ਰਾਜੇ ਸ਼ੀਹ ਮੁਕੱਦਮ ਕੁੱਤੇ' ਨਾਨਕ ਹੀ ਕਹਿ ਸਕਦਾ,
'ਸਿੱਧੂ' ਲਿਖਣੋ ਪਹਿਲਾਂ ਦੇਖੇ ਵੱਡੇ ਛੋਟੇ ਜਿੰਦੂ।
•

❑

ਸ਼ਬਦ ਉਸਦੇ ਇਹ ਸਿਲਸਲਾ ਉਸਦਾ।
ਵਕਤ ਸ਼ਾਇਰ ਤੇ ਮੈਂ ਸਫ਼ਾ ਉਸਦਾ।

ਵਕਤ ਮਰਜ਼ੀ ਦਾ ਬੀਜ ਬੀਜੇਗਾ,
ਦਿਲ ਜਿਗਰ ’ਤੇ ਹੈ ਦਬਦਬਾ ਉਸਦਾ।

ਬੇਰੁਖੀ ਬੇਅਸਰ ਨਹੀਂ ਉਸਦੀ,
ਟਹਿਕਦਾ ਮੁੱਖ ਨਾ ਬੇਵਜ੍ਹਾ ਉਸਦਾ।



ਮਤਲਬੀ ਹੈ ਤਾਂ ਮਰਤਬਾ ਬਦਲੇ,
ਰੋਜ ਦੋ ਚਾਰ ਮਰਤਬਾ ਉਸਦਾ।

ਕੰਧ ਨਫ਼ਰਤ ਦੀ ਜੋ ਉਸਾਰੇਂ ਤੂੰ,
ਢਾਹ ਦਿਆਂ ਮੈ ਰਦਾ ਰਦਾ ਉਸਦਾ।

ਸੁਖਨ ਸੌਗਾਤ ਵਕਤ ਜੇ ਬਖਸ਼ੇ,
ਸ਼ੁਕਰੀਆ ਕਰ ਸਦਾਂ ਅਦਾ ਉਸਦਾ।

ਡਿਗਰੀਆਂ ਲੈ ਕੇ ਵੇਚ ਚਾਹ ਪਾਣੀ,
ਖੂਬ ਹਾਕਮ ਤੇ ਨਜ਼ਰੀਆ ਉਸਦਾ।

ਸਬਰ ਮੇਰੇ ਦੀ ਜ਼ਰਜ਼ਰੀ ਬੇੜੀ,
ਇਸ਼ਕ ਆ ਬਣ ਤੂੰ ਨਾਖੁਦਾ ਉਸਦਾ।

ਸ਼ੌਂਕ ਉਸਦਾ ਹੈ ਰਹਿਬਰੀ ਜਿਸਨੂੰ,
ਖੁਦ ਪਤਾ ਨਹੀਂ ਕਿ ਕੀ ਪਤਾ ਉਸਦਾ।

ਇਸ਼ਕ ਅਪਣਾ ਰਦੀਫ ਹੈ ‘ਸਿੱਧੂ’,
ਤੂੰ ਗ਼ਜ਼ਲ ਤੇ ਮੈਂ ਕਾਫੀਆ ਉਸਦਾ।

•

❑

ਜੀਭੀ ਕਲਮ ਦੀ ਉੱਪਰ ਇੱਕ ਸ਼ਬਦ ਬਾਣ ਮਚਲੇ।
ਮੌਕਾ ਤਲਾਸ਼ਦਾ ਹਾਂ ਦਿਲ ਵਿੱਚ ਉਡਾਣ ਮਚਲੇ।

ਇੱਕ ਦਿਨ ਇਨ੍ਹਾਂ ਨੇ ਖਿੜ ਕੇ ਇਸ ਤੋਂ ਜੁਦਾ ਵੀ ਹੋਣਾ,
ਖਿੜਦੀ ਹਰਿਕ ਕਲੀ ਨੂੰ ਜੋ ਦੇਖ ਟਾਹਣ ਮਚਲੇ।

ਵੇਲਾ ਮਿਲਾਪ ਦਾ ਹੈ ਜਜ਼ਬੇ ਅਕਾਸ਼ ਗਾਹੁੰਦੇ,
ਅੱਜ ਦੇਖ ਦੇਖ ਮੁਖੜਾ ਹਾਣੀ ਦਾ ਹਾਣ ਮਚਲੇ।

ਮਜਨੂੰ ਬਣਾ ਕੇ ਛੱਡੇ ਆਲਮ ਦਿਵਾਨਗੀ ਦਾ,
ਮਾਸ਼ੂਕ ਦੀ ਗਲ੍ਹੀ ਦੀ ਦਿਲ ਖਾਕ ਛਾਣ ਮਚਲੇ।

ਤਿੱਖਾ ਉਹ ਹੋਰ ਹੋਵੇ ਜਜ਼ਬਾ ਜੋ ਇਨਕਲਾਬੀ,
ਤਰਕੀ ਵਿਚਾਰ ਵਾਲੀ ਚੜ੍ਹਕੇ ਜੇ ਸਾਣ ਮਚਲੇ।

ਕੰਮਕਾਰ ਤਾਂ ਕਦੀ ਵੀ ਕੀਤਾ ਨਾ ਉਮਰ ਸਾਰੀ,
ਹੱਸਕੇ ਦਿਖਾਉਣ ਫੋਕੀ ਹੀ ਆਣ ਬਾਣ ਮਚਲੇ।

ਕੰਮਚੋਰ ਨੂੰ ਕਿਸੇ ਨੇ ਸਿਰ ’ਤੇ ਜਦੋਂ ਚੜ੍ਹਾਇਆ,
ਮਚਲਾ ਮਚਕ ਮਚਕ ਕੇ ਫਿਰ ਜਾਣ-ਜਾਣ ਮਚਲੇ।

ਬਖਸ਼ੀਂ ਮੇਰੇ ਗੁਨਾਹ ਤੂੰ ਤੇਰੀ ਮੈਂ ਓਟ ਆਇਆਂ,
ਮੇਰਾ ਵੀ ਮਾਣ ਮਚਲੇ ਤੇਰਾ ਵੀ ਤਾਣ ਮਚਲੇ।

ਬਾਹਰ ਕਿਨਾਰਿਆਂ ’ਤੋਂ ਹੋ ਗਈ ਤਾਂ ਹੈ ਤਬਾਹੀ,
ਬਿਫਰੀ ਨਦੀ ਦਾ ‘ਸਿੱਧੂ’ ਜਦ ਵੀ ਮੁਹਾਣ ਮਚਲੇ।
•



❑

ਬੰਨ੍ਹੀ ਅੱਖਾਂ ਉੱਤੇ ਪੱਟੀ, ਸਾਡੀ ਦੇਖੇ ਨਾ ਤਬਾਹੀ।
ਮੇਰੇ ਦੇਸ਼ ਦਾ ਕਨੂੰਨ, ਮੰਗੇ ਲਾਸ਼ਾਂ ਤੋਂ ਗਵਾਹੀ।

ਸਾਡੇ ਪੀੜਾਂ ’ਚ ਪਰੁੰਨੇ ਹੋਏ ਦਿਲ ਨੂੰ ਇਹ ਆਸ,
ਅਸੀਂ ਦੇਖਾਂਗੇ ਜ਼ਰੂਰ ਗਲ਼ ਕਾਤਲਾਂ ਦੇ ਫਾਹੀ।

ਬਹੁਤੇ ਮਰ-ਖਪ ਗਏ ਤੇ ਕਈ ਮਰਨ ਕਿਨਾਰੇ,
ਉੱਗੀ ਫੈਸਲੇ ਉਡੀਕਦੇ ਅਦਾਲਤਾਂ ’ਚ ਕਾਹੀ।

ਜੱਜ ਹੋ ਗਏ ਅਪੰਗ ਤੇ ਗਏ ਕਾਗਜ਼ ਸਲਾਬ੍ਹੇ,
ਕੋਹੜ ਕਲਮਾਂ ਨੂੰ ਹੋਇਆ, ਸੁੱਕ ਚੁੱਕੀ ਹੈ ਸਿਆਹੀ।

ਸਾਡੇ ਦੇਸ਼ ਵਿੱਚ ਸਾਡੇ ਲਈ ਕਿਉਂ ਦੂਹਰੇ ਮਾਪਦੰਡ,
ਹੱਕ ਮੰਗੀਏ ਤਾਂ ਬਾਗ਼ੀ, ਜੰਗ ਲੱਗੇ ਤਾਂ ਸਿਪਾਹੀ।

ਹੁੰਦੀ ਮੰਨੇ ਦੀ ਸ਼ਰਮ, ਤੇ ਮਹਿਸੂਸ ਕੀਤਾ ਪਾਪ,
ਕੀ ਕਰੂ ਕੋਈ ਜਿਹਨੇ ਲੋਈ ਮੂੰਹ ਉੱਤੋਂ ਲਾਹੀ।
•

❑

ਬਿਨਾਂ ਪਿਆਰ ਰਿਸ਼ਤਾ ਨਿਭਾਉਣਾ ਵੀ ਕੀ ਹੈ।
ਇਹ ਕਿਸ਼ਤਾਂ 'ਚ ਕੀਤੀ ਗਈ ਖ਼ੁਦਕਸ਼ੀ ਹੈ।

ਤਿਆਗੋ ਉਨ੍ਹਾਂ ਨੂੰ, ਤਿਆਗੋ, ਤਿਆਗੋ,
ਜਿਨ੍ਹਾਂ ਰਿਸ਼ਤਿਆਂ ਵਿੱਚ ਕੁੜੱਤਣ ਭਰੀ ਹੈ।

ਭੁਰੇ ਰੇਤਲੀ ਕੰਧ ਵਾਂਗੂੰ ਇਹ ਪਲ ਪਲ,
ਸਬੰਧਾਂ ਦੀ ਨੀਂਹ ਜੋ ਗ਼ਰਜ਼ 'ਤੇ ਖੜ੍ਹੀ ਹੈ।

ਹਰਿਕ ਜ਼ਿੰਦਗੀ ਕੀਮਤੀ, ਜਿਸਮ ਬੇਸ਼ਕ,
ਸਿਆਹ ਸਾਂਵਲਾ ਜਾਂ ਇਹੇ ਮਰਮਰੀ ਹੈ।

ਇਹ ਦਿੱਲੀ ਹੈ ਸ਼ਾਤਿਰ ਤੇ ਪੰਜਾਬ ਭੋਲ਼ਾ,
ਪੁਰਾਣੀ ਇਨ੍ਹਾਂ ਦੀ ਬੜੀ ਆਸ਼ਿਕੀ ਹੈ।

ਜਦੋਂ ਖ਼ਾਬ ਫੁੱਟਿਆ ਅਜ਼ਾਦੀ ਦਾ ਨੈਣੀਂ,
ਗੁਲਾਮਾਂ 'ਚ ਦੇਖੀ ਅਜਬ ਸਰਕਸ਼ੀ ਹੈ।

ਸਦਾਂ ਤਜਰੁਬੇ ਹਾਦਸੇ ਹੀ ਇਹ ਦੱਸਦੇ,
ਮਨਾਹੀ ਹੈ ਕਾਹਦੀ ਤੇ ਕੀ ਲਾਜ਼ਮੀ ਹੈ।

ਕਿਸੇ ਖਾਸ ਫਿਰਕੇ ਦੀ ਵਿਧਵਾ ਕਲੋਨੀ,
ਕਿਤੇ ਜੇ ਬਣੀ ਹੈ ਤਾਂ ਦਿੱਲੀ ਬਣੀ ਹੈ।

ਤੂੰ ਜੀਵਨ ਕਣੀ ਏਂ ਤੇ 'ਸਿੱਧੂ' ਪਪੀਹਾ,
ਤੇਰੀ ਹੋਂਦ ਹੀ ਤਾਂ ਮੇਰੀ ਜ਼ਿੰਦਗੀ ਹੈ।

•



❑

ਜੀਵਨ-ਮਿਰਤੂ, ਉਚ-ਨੀਚ ਸਭ ਰਹਿ ਤੂੰ ਲਿਖਦਾ ਕਵੀਆ।
ਰੋਜ ਰਹੀਂ ਤੂੰ ਸੂਰਜ ਬਣਕੇ ਡੁੱਬਦਾ-ਚੜ੍ਹਦਾ ਕਵੀਆ।

ਔਣ ਜਾਣ ਸਾਹਾਂ ਦਾ ਹੋਵੇ ਹਰਫ਼ ਸ਼ਬਦ ਦਾ ਗੇੜਾ,
ਸਤਰ ਸਤਰ ਲਿਖ ਜੀਵਨ ਕਵਿਤਾ ਬਹਿੰਦਾ-ਉੱਠਦਾ ਕਵੀਆ।

"ਭਾਂਡਾ ਧੋਇ ਬੈਸਿ ਧੂਪੁ ਦੇਵਹੁ, ਤਉ ਦੂਧੈ ਕਉ ਜਾਵਹੁ",
ਸ਼ਬਦ ਸਮਗਰੀ ਸੁਰਤ ਸਮਾਵੇ ਰਹਿ ਕੁਝ ਲਿਖਦਾ ਕਵੀਆ।

"ਕਹੈ ਹੁਸੈਨ ਫਕੀਰ ਨਿਮਾਣਾ, ਮੈਂ ਨਾਹੀਂ ਸਭ ਤੂੰ" ਜਿਉਂ,
ਮੇਰਾ ਮੇਰਾ ਛੱਡ ਕੇ ਕੂਕੀਂ ਉਸਦਾ-ਉਸਦਾ ਕਵੀਆ।

ਕਵਿਤਾ ਦਾ ਘਰ ਦੂਰ ਦੁਰੇਡੇ ਪਰ ਹਿੰਮਤ ਨਾ ਹਾਰੀਂ,
ਇੱਕ ਨਾ ਇੱਕ ਦਿਨ ਪਹੁੰਚੇਂਗਾ ਤੂੰ ਉੱਡਦਾ-ਉੱਡਦਾ ਕਵੀਆ।

ਇਸ਼ਕ-ਹੁਸਨ ਤੇ ਜਾਮ-ਸੁਰਾਹੀ ਬੀਤੇ ਦੇ ਮਸਲੇ ਨੇ,
ਜਿਕਰ ਕਰੀਂ ਕਵਿਤਾ ਵਿੱਚ ਰੁੱਖ ਦਾ, ਕੁੱਖ ਦਾ, ਭੁੱਖ ਦਾ ਕਵੀਆ।

ਜੀਂਦੇ ਜੀਅ ਤੂੰ ਕਾਵਿ ਸਿਰਜਣਾ ਦਾ ਕਾਰਜ ਨਾ ਰੋਕੀਂ,
ਫਲ਼ ਦਿੰਦਾ ਨਰਮੇ ਦਾ ਬੂਟਾ ਸੁੱਕਦਾ-ਸੁੱਕਦਾ ਕਵੀਆ।

ਧਰਮੀ ਜੁਗਤਾਂ ਨਾਜ਼ਿਲ ਹੋਈਆਂ ਪਾ ਕਵਿਤਾ ਦਾ ਜਾਮਾ,
ਜੀਵੀਂ ਮਰੀਂ ਤੂੰ ਕਵਿਤਾ ਕਵਿਤਾ ਜਪਦਾ-ਜਪਦਾ ਕਵੀਆ।

ਬੇਸ਼ਕ ਆਕੜ ਕੇ ਹੈ ਤੁਰਦਾ ਇਸ ਦੁਨੀਆਂ ਵਿੱਚ 'ਸਿੱਧੂ',
ਐਪਰ ਤੇਰੇ ਸਾਹਵੇਂ ਆਉਂਦਾ ਝੁਕਦਾ-ਝੁਕਦਾ ਕਵੀਆ।

•

❑

ਏਹ ਸ਼ੂਕਦਾ ਸੰਨਾਟਾ ਰਸਤੇ ਦਾ ਥੋਰ੍ਹ ਹੋਇਆ।
ਉੱਤੋਂ ਇਹ ਹਮਸਫਰ ਵੀ ਬੁੱਕਲ਼ ਦਾ ਚੋਰ ਹੋਇਆ।

ਜੰਗਲ ਦੀ ਸੁਣ ਕਹਾਣੀ ਪੀੜਾਂ ਨੇ ਜੀਭ ਜਕੜੀ,
ਮੈਥੋਂ ਮੇਰਾ ਫਸਾਨਾ ਅੱਗੇ ਨਾ ਤੋਰ ਹੋਇਆ।

ਦਰਪਣ ਨੂੰ ਤੇੜ ਪੈ ਗਈ ਜਦ ਝਾਤ ਸੀ ਤੂੰ ਪਾਈ,
ਖ਼ਾਲਿਸ ਨਹੀਂ ਇਹ ਸ਼ੀਸ਼ਾ ਜਾਂ ਫੁੱਲ ਕਠੋਰ ਹੋਇਆ।



ਜੇਠਾ ਮਨੂ ਦਾ ਪੁੱਤਰ ਮਾਂ ਭਾਰਤੀ ਨੂੰ ਪਿਆਰਾ,
ਛੋਟਾ ਹਰੇਕ ਫਿਰਦਾ ਹੈ ਮਾਂ-ਮਸ਼ੋਰ ਹੋਇਆ।

ਚੰਦਾ ਮੇਰੇ ਓ ਚੰਦਾ ਤੇਰੀ ਜਾਂ ਦੀਦ ਹੋਈ,
ਦਿਲ ਦਾ ਚਕੋਰ ਫਿਰਦਾ ਆਤਮ ਵਿਭੋਰ ਹੋਇਆ।

ਸੋਨੇ ਦਾ ਜਾਲ਼ ਪਾ ਕੇ ਲੈ ਗਏ ਨੇ ਗ਼ੈਰ ਉਸਨੂੰ,
ਵਿੱਛੜੇ ਅਜੇ ਅਸਾਨੂੰ ਅੱਖ ਦਾ ਸੀ ਫੋਰ ਹੋਇਆ।

ਦਿਲ ਜਾਣਦਾ ਹੈ ਮੇਰਾ ਪੈੜਾਂ ਤੁਹਾਡੀਆਂ ਦਾ,
ਖਾਮੋਸ਼ੀਆਂ ਦੇ ਵਿਹੜੇ ਕਿੰਨਾ ਕੁ ਸ਼ੋਰ ਹੋਇਆ।

ਮਸ਼ਹੂਰ ਨਈਂ ਤੂੰ ਹੋਣਾ ਲਿਖ ਲਈਂ ਹਜ਼ਾਰ ਗ਼ਜ਼ਲਾਂ,
ਜੇਕਰ ਨਾ ਸੁਰਖੀਆਂ ਦਾ ਗੁੱਛਾ ਬਟੋਰ ਹੋਇਆ।

ਸੁਣਿਓ ਬਕੌਲ ਸ਼ਾਇਰ ਕਵਿਤਾ ਸੰਜੀਵਨੀ ਹੈ,
ਤੇ ਹਰਫ਼ ਹਰਫ਼ ਦਿਲ ’ਤੇ ਕੋਸੀ ਟਕੋਰ ਹੋਇਆ।

ਤਰਤੀਬ ਵਿੱਚ ਹੀ ਰੱਖਦੈਂ ਸ਼ਬਦਾਂ ਨੂੰ ਤੂੰ ਸਜਾਅ ਕੇ,
‘ਸਿੱਧੂ’ ਗ਼ਜ਼ਲ ’ਚ ਤੈਥੋਂ ਆਪਾ ਨਾ ਖੋਰ ਹੋਇਆ।
•

❑

ਮੌਸਮ ਬਹਾਰ ਪੁੱਛੇ ਕਿਉਂ ਯਾਰ ਗ਼ੈਰਹਾਜ਼ਰ।
ਇਕਰਾਰ 'ਚੋਂ ਸਨਮ ਦੇ ਇਤਬਾਰ ਗ਼ੈਰਹਾਜ਼ਰ।

ਸਾਹਾਂ ਦਾ ਸਾਜ਼ ਸੁਰ ਹੈ ਦੁੱਖ-ਸੁੱਖ ਦੀ ਤੰਦ ਸਦਕਾ,
ਤੇ ਬੇਸੁਰਾ ਹੈ ਕਰਦੀ ਇੱਕ ਤਾਰ ਗ਼ੈਰਹਾਜ਼ਰ।

ਰਫ਼ਤਾਰ ਵਿੱਚ ਰਵਾਨੀ ਗੁਫ਼ਤਾਰ ਵਿੱਚ ਸਲੀਕਾ,
ਦਸਤਾਰ ਸੀਸ ਉਸਦੇ ਕਿਰਦਾਰ ਗ਼ੈਰਹਾਜ਼ਰ।



ਕਿਸ ਰਾਹੇ ਚਲ ਪਈ ਹੈ ਪੰਜਾਬ ਦੀ ਜਵਾਨੀ,
ਹਥਿਆਰ ਸਭ ਦੇ ਹੱਥੀਂ ਔਜ਼ਾਰ ਗ਼ੈਰਹਾਜ਼ਰ।

ਪ੍ਰਯੋਗ ਸ਼ਾਤਰਾਂ ਦਾ ਜਾਂ ਕੁਦਰਤੀ ਕਰੋਪੀ,
ਲੋਕੀਂ ਘਰਾਂ 'ਚ ਬੰਦੀ ਸਰਕਾਰ ਗ਼ੈਰਹਾਜ਼ਰ।

ਸੂਲ਼ੀ ਹੀ ਕਿਉਂ ਕਸੌਟੀ ਸੱਚ ਨੂੰ ਜੋ ਪਰਖਦੀ ਹੈ,
ਬੇਅਰਥ ਹੈ ਅਨਲ ਹੱਕ ਜੇ ਦਾਰ ਗ਼ੈਰਹਾਜ਼ਰ।

ਦਿਲ ਖੋਜ ਤੂੰ ਰੁਜਾਨਾ ਹਾਜ਼ਰ ਹਜ਼ੂਰ ਵਸਦਾ,
ਹੁੰਦਾ ਕਦੀ ਨਾ ਦਿਲ 'ਚੋਂ ਕਰਤਾਰ ਗ਼ੈਰਹਾਜ਼ਰ।

ਮਹਿਫਲ 'ਚ ਬਹਿ ਬੁਲਾਰੇ ਨੂੰ ਜੇ ਸੁਣੇ ਨਾ ਕੋਈ,
ਹਾਜ਼ਰ ਤੂੰ ਕਹਿ ਇਹ ਮੇਰੇ ਅਨੁਸਾਰ ਗ਼ੈਰਹਾਜ਼ਰ।

ਹੋਵਾਂ ਨਾ ਗ਼ੈਰਹਾਜ਼ਰ ਕੂੜੇ ਕਬਾੜ ਵੇਲੇ,
ਮਿਲਦੀ ਜਦੋਂ ਕਥੂਰੀ ਹਰ ਵਾਰ ਗ਼ੈਰਹਾਜ਼ਰ।

ਤਕਰਾਰ ਤੇਜ਼ ਤਿੱਖਾ ਹੈ ਮਹਿਫਲਾਂ 'ਚ 'ਸਿੱਧੂ',
ਆਚਾਰ ਗ਼ੈਰਹਾਜ਼ਰ, ਵੀਚਾਰ ਗ਼ੈਰਹਾਜ਼ਰ।
•

❑

ਜ਼ਿੰਦਗੀ ਕੁੱਝ ਹੋਰ ਨਹੀਂ ਇੱਕ ਖ਼ੂਬਸੂਰਤ ਹਾਦਸਾ।
ਹਾਦਸੇ ਵਿੱਚ ਨਿੱਤ ਨਵਾਂ ਫਿਰ ਬਿਨ ਮਹੂਰਤ ਹਾਦਸਾ।

ਧਰਮ ਦੇ ਬਿਨ ਰਾਜਨੀਤੀ ਸੋਚ ਹੈ ਸ਼ੈਤਾਨ ਦੀ,
ਮਸਤਕਾਂ ਵਿੱਚ ਪਾਲ਼ਦੀ ਹਰ ਇੱਕ ਵਜ਼ਾਰਤ ਹਾਦਸਾ।

ਹਾਦਸੇ ਘਟਦੇ ਬਥੇਰੇ ਰੋਜ਼ ਪਰ ਪੰਜਾਬ ਦੀ,
ਫੱਟ ਰੂਹ ’ਤੇ ਲਾ ਗਿਆ ਹੈ ਪਾਕਿ-ਭਾਰਤ ਹਾਦਸਾ।



ਰੰਗ ਨਸਲਾਂ ਤੋਂ ਪਰ੍ਹੇ ਇਨਸਾਨੀਅਤ ਹੀ ਦੇਖਣੀ,
ਕਾਸ਼ ਹੁੰਦਾ ਹੀ ਰਹੇ ਇਹ ਭਾਵਪੂਰਤ ਹਾਦਸਾ।

ਸਬਕ ਲੈ ਇਤਿਹਾਸ ’ਤੋਂ ਪੁੱਛ ਦ੍ਰੋਪਦੀ ਨੂੰ ਕਿਸ ਤਰ੍ਹਾਂ,
ਬਹੁਤ ਵੱਡਾ ਕਰ ਗਈ ਛੋਟੀ ਸ਼ਰਾਰਤ ਹਾਦਸਾ।

ਵਿਕ ਰਹੇ ਸਨਮਾਨ ਹੁਣ ਲੇਖਕ ਧੜਾ-ਧੜ ਲੈ ਰਹੇ,
ਮਾਸ਼ਰੇ ਅੰਦਰ ਕਰੇਗੀ ਇਹ ਕਦੂਰਤ ਹਾਦਸਾ।

ਜ਼ਹਿਰ ਉਗਲਣ ਕਾਨੀਆਂ ਅੱਜ-ਕੱਲ੍ਹ ਬੜਾ ਅਫਸੋਸ ਤੂੰ,
ਰੋਕ ਹੋਣੋਂ! ਅਮਨ ਦੀ ਲਿਖ ਕੇ ਇਬਾਰਤ ਹਾਦਸਾ।

ਆਲਮੀ ਵਿਓਪਾਰ ਦੇ ਵਿੱਚ ਕਸ਼ਮਕਸ਼ ਤੇ ਖੁੰਦਕਾਂ,
ਕਰ ਨਾ ਦੇਵੇ ਜੰਗ ਵਰਗਾ ਇਹ ਤਜਾਰਤ ਹਾਦਸਾ।

ਸੰਭਲੇ ਜੇ ਨਾ ਅਜੇ ਵੀ ਤਾਂ ਕਿਆਮਤ ਦਾ ਕਰੂ,
ਧਰਤ ਉੱਪਰ ਵਧ ਰਿਹਾ ਦਰਜਾ ਹਰਾਰਤ ਹਾਦਸਾ।

ਸਾਂਭ ਲੈ ਤੂੰ ਜੀਭ ‘ਸਿੱਧੂ’ ਦਿਨ-ਬ-ਦਿਨ ਹੈ ਕਰ ਰਹੀ,
ਰਿਸ਼ਤਿਆਂ ਵਿੱਚ ਬਦਕਲਾਮੀ ਦੀ ਮੁਹਾਰਤ ਹਾਦਸਾ।

•

❑

ਖਲਾਅ ਵਿੱਚ ਭਟਕਦੇ ਹਰਫਾਂ ਨੂੰ ਚੰਨ ਵਰਗਾ ਸਫਾ ਦੇਵਾਂ।
ਗ਼ਜ਼ਲ ਦੀ ਚਮਕਦੀ ਬਿੰਦੀ ਤੇਰੇ ਮੱਥੇ 'ਤੇ ਲਾ ਦੇਵਾਂ।

ਪਰੁੰਨੇ ਪੀੜ ਜਦ ਸੁਰਤੀ ਮੈਂ ਰਿੜਕਾਂ ਸ਼ਬਦ ਸਾਗਰ ਨੂੰ,
ਰਤਨ, ਮੋਤੀ, ਜਵਾਹਰ ਸਭ ਗ਼ਜ਼ਲ ਅੰਦਰ ਸਜਾਅ ਦੇਵਾਂ।

ਕੁੜੱਤਣ ਡੀਕ ਲਾਂ ਸਾਰੀ ਤੇਰੇ ਬੋਲਾਂ ਕੁਬੋਲਾਂ 'ਚੋਂ,
ਉਰ੍ਹਾਂ ਹੋ! ਸ਼ਬਦ ਮਿਸ਼ਰੀ ਘੋਲ਼ ਕੇ ਤੈਨੂੰ ਪਿਲਾ ਦੇਵਾਂ।

ਰਵਾਨੀ ਗ਼ੈਰਹਾਜ਼ਰ ਹੈ ਅਧੂਰੀ ਤਾਂ ਗ਼ਜ਼ਲ ਮੇਰੀ,
ਇਜਾਜ਼ਤ ਦੇ ਕਿ ਮੈਂ ਇਸਨੂੰ ਤੇਰੀ ਚਾਲੇ ਚਲਾ ਦੇਵਾਂ।

ਜਦੋਂ ਵੀ ਰੌਸ਼ਨੀ ਦੇਣੋਂ ਨੇ ਮੈਨੂੰ ਮੁੱਕਰੀਆਂ ਕਿਰਨਾਂ,
ਉਦੋਂ ਮੈਂ ਆਪਣੇ ਆਪੇ ਨੂੰ ਹੀ ਸੂਰਜ ਬਣਾ ਦੇਵਾਂ।

ਇਹਨਾਂ ਗੁੰਮਨਾਮੀਆਂ ਵਿੱਚ ਸ਼ਬਦ ਹੀ ਹਮਰਾਜ਼ ਨੇ ਮੇਰੇ,
ਤਮੰਨਾ ਹੈ ਗ਼ਜ਼ਲ ਰਾਹੀਂ ਮੈਂ ਫੱਟ ਦਿਲ ਦੇ ਦਿਖਾ ਦੇਵਾਂ।

ਬਿਆਨਣ ਹੋਂਦ ਤੇਰੀ ਜੋ ਖਿੜੇ ਗੁਲਦੌਦੀਆਂ ਗੇਂਦੇ,
ਕਿਸੇ ਨੂੰ ਓਸ ਗੁਲਸ਼ਨ ਦਾ ਭਲਾ ਮੈਂ ਕਿਉਂ ਪਤਾ ਦੇਵਾਂ।

ਕਦੋਂ, ਕਿਸਨੇ, ਕਿਵੇਂ ਇਸਦਾ, ਗ਼ਜ਼ਲ ਹੈ ਨਾਮ ਰੱਖ ਦਿੱਤਾ,
ਮੈਂ ਚੁੱਪ ਦੇ ਸ਼ੋਰ ਵਿੱਚ ਜਦ ਸ਼ਬਦ ਦੀ ਲੋਰੀ ਮਿਲਾ ਦੇਵਾਂ।

ਮੇਰੇ ਮਨ ਵਿੱਚ ਗ਼ਜ਼ਲ ਸਾਗਰ ਹੈ ਰਹਿੰਦਾ ਖੌਲ਼ਦਾ 'ਸਿੱਧੂ',
ਇਦ੍ਹੇ ਵਿੱਚ ਹੀ ਮੈਂ ਅਪਣਾ ਆਪ ਜੀ ਕਰਦਾ ਖਪਾਅ ਦੇਵਾਂ।

•



❑

ਮਨ ਦੇ ਕੋਰੇ ਕਾਗਜ਼ ਉੱਪਰ ਮਟਕਦੀਆਂ ਕਵਿਤਾਵਾਂ।
ਵੱਸ ਚੱਲੇ ਤਾਂ ਬਾਕੀ ਉਮਰਾ ਏਹਨਾ ਨਾਂ ਲਿਖਵਾਵਾਂ।

ਝੀਲਾਂ, ਨਦੀਆਂ, ਸਾਗਰ, ਪਰਬਤ, ਗੌਣ ਪੰਜਾਬੀ ਗ਼ਜ਼ਲਾਂ,
ਹਰ ਥਾਂ ਸੋਹਣੀ ਕੁਦਰਤ ਨੱਚੇ ਛੋਹੇ ਸਾਜ਼ ਹਵਾਵਾਂ।

ਦੇਹੀ ਅੰਦਰ ਹੀ ਹਰਿਮੰਦਰ, ਕਾਸ਼ੀ, ਕਾਬਾ, ਮੱਕਾ,
ਕਿਉਂ ਪੱਥਰਾਂ ਨੂੰ ਸੀਸ ਝੁਕਾਵਾਂ ਕਿਉਂ ਮੜ੍ਹੀਆਂ 'ਤੇ ਜਾਵਾਂ।

ਕੌਣ ਕਹੇ ਕਿ ਅੱਜ ਕੱਲ੍ਹ ਐਵੇਂ ਨੂਰ ਗੁਆਵਣ ਕੁੱਖਾਂ,
ਬਾਬੇ ਨਾਨਕ ਦੇ ਵਾਰਿਸ ਕਈ ਹੁਣ ਵੀ ਜੰਮਣ ਮਾਵਾਂ।

ਇੱਕ ਦੂਜੇ ਤੋਂ ਮੂਹਰੇ ਹੋ ਕੇ ਅੱਗ ਵਿੱਚ ਸੜਨ ਪਤੰਗੇ,
ਭੌਰ ਨਾ ਪੁੱਛਣ ਭੌਰਾਂ ਤਾਈਂ ਮਹਿਕਾਂ ਦਾ ਸਿਰਨਾਵਾਂ।

ਸਫਰ ਨਿਰੰਤਰ ਦੇ ਵਿੱਚ ਆਤਮ ਮੰਜ਼ਲ ਮਿਲ਼ੀ ਨਹੀਂ ਹਾਲੇ,
ਦੇਹੀ ਚੋਲ਼ਾ ਬਦਲਣ ਜਗ 'ਤੇ ਮੈਂ ਆਵਾਂ ਤੇ ਜਾਵਾਂ।

ਮੌਤ ਜਦੋਂ ਗਲ਼ਵੱਕੜੀ ਪਾ ਕੇ ਫੇਰ ਮਿਲਾਂਗੇ ਕਹਿ ਗਈ,
ਮਹਿਬੂਬਾ ਦੀ ਯਾਦ ਮੇਰਾ ਹੁਣ ਬਣ ਗਈ ਹੈ ਪਰਛਾਵਾਂ।

ਹਾਕਮ ਦੇ ਗੁਣ ਗੌਣ ਸਦਾ ਕਈ ਲੇਖਕ ਮੋਮੋਠਗਣੇ,
ਬਾਗ਼ੀ ਕਲਮਾਂ ਦੀ ਠੋਕਰ 'ਤੇ 'ਸਿੱਧੂ' ਸੁੱਖ ਸੁਵਿਧਾਵਾਂ।

•

❑

ਦੌਰ ਵਿਸ਼ਵੀਕਰਨ ਦਾ ਹਰ ਤਰਫ਼ ਹੀ ਬਾਜ਼ਾਰ ਹੈ।
ਜ਼ਿੰਦਗੀ ਤੋਂ ਮੌਤ ਤੱਕ ਵਿਓਪਾਰ ਹੀ ਵਿਓਪਾਰ ਹੈ।

ਕਰਮ ਦਾ ਕਿਰਦਾਰ ਹਾਣੀ ਤਾਂ ਨਾ ਹੋਇਆ ਦੋਸਤੋ,
ਜੀਭ 'ਤੇ ਅਮਨਾਂ ਦਾ ਨਾਰ੍ਹਾ ਬਗਲ ਵਿੱਚ ਹਥਿਆਰ ਹੈ।

ਲੋਕ ਅਰਪਣ ਪੁਸਤਕਾਂ ਦਾ ਰਾਜਨੇਤਾ ਕਰ ਰਿਹਾ,
ਮੰਚ 'ਤੋਂ ਹੇਠਾਂ ਸੁਸ਼ੋਭਿਤ ਦੇਖ ਸਾਹਿਤਕਾਰ ਹੈ।

ਮੰਡੀਆਂ ਦੇ ਲਾਭ ਖਾਤਰ ਚੁੱਪ-ਚੁਪੀਤੇ ਕਿਉਂ ਬਣੀ,
ਇਸਤਰੀ ਖੁਦ ਆਪ ਇਸ ਬਾਜ਼ਾਰ ਦਾ ਸ਼ਿੰਗਾਰ ਹੈ।

ਪੁੱਤ, ਮੁਤਬੰਨੇ ਇਹ ਸਾਰੇ ਹਾਕਮਾਂ ਦੇ ਬਣ ਗਏ,
ਰੇਡੀਓ, ਟੀ ਵੀ, ਰਸਾਲਾ ਤੇ ਹਰਿਕ ਅਖਬਾਰ ਹੈ।

ਲੋਕਤੰਤਰ ਦਾ ਹੈ ਚੌਥਾ ਥੰਮ੍ਹ ਵੀ ਹੁਣ ਢਹਿ ਗਿਆ,
ਚੋਰ ਪਹਿਰੇਦਾਰ ਤੇ ਸਰਕਾਰ ਵੀ ਬੇਕਾਰ ਹੈ।

ਹਰਫ ਕੇਰੇ, ਸ਼ਬਦ ਜੰਮੇ, ਦਿਲ ਜਮੀਂ ਜ਼ਰਖੇਜ਼ ਸੀ,
ਮੈਂ ਇਨ੍ਹਾਂ ਸ਼ਬਦਾਂ 'ਚੋਂ ਤੇਰਾ ਕਰ ਲਿਆ ਦੀਦਾਰ ਹੈ।

ਪੱਥਰਾਂ ਨੇ ਡੋਬਣਾ ਤੇ ਅੱਖਰਾਂ ਨੇ ਤਾਰਨਾ,
ਸ਼ਬਦ ਹੀ ਆਕਾਰ ਹੈ ਤੇ ਸ਼ਬਦ ਨਿਰਆਕਾਰ ਹੈ।

ਸ਼ਾਇਰਾਂ ਕੋਲ਼ੋਂ ਨਾ ਹੰਝੂ ਛਲਕਦੇ ਰੋਕੇ ਗਏ,
ਏਸ ਫ਼ਨ ਦਾ ਜਗਤ ਵਿੱਚ ਹਰ ਆਦਮੀ ਫ਼ਨਕਾਰ ਹੈ।

•



❑

ਹੋ ਗਈ ਨਜ਼ਰੇ ਕਰਮ ਦੇਖਦੇ ਦੇਖਦੇ।
ਚਲ ਪਈ ਮੇਰੀ ਕਲਮ ਦੇਖਦੇ ਦੇਖਦੇ।

ਬੂੰਦ ਰਹਿਮਤ ਦੀ ਪਈ ਤਾਂ ਗ਼ਜ਼ਲ ਹੋ ਗਈ,
ਮੈਂ ਲਿਖੀ ਸੀ ਜੋ ਨਜ਼ਮ ਦੇਖਦੇ ਦੇਖਦੇ।

ਸੇਕ ਅੱਖਰਾਂ ਦੇ ਨੇ ਹੀ ਇਹ ਕੀਤੇ ਫਨ੍ਹਾਂ,
ਸਾਰੇ ਵਹਿਮ-ਓ-ਭਰਮ ਦੇਖਦੇ ਦੇਖਦੇ।

ਤੇਜ਼ ਹੋਈਆਂ ਬਹੁਤ ਨੇ ਇਹ ਤਬਦੀਲੀਆਂ,
ਮਿਲ਼ ਗਏ ਪੂਰਬ ਪੱਛਮ ਦੇਖਦੇ ਦੇਖਦੇ।

ਆਪਣੇ ਨਾਂ 'ਤੇ ਜ਼ੁਲਮ ਦੇਖ ਰੱਬ ਦੌੜਿਆ,
ਛੱਡ ਕੇ ਦੈਰ-ਓ-ਹਰਮ ਦੇਖਦੇ ਦੇਖਦੇ।

ਨਾਜ਼-ਓ-ਨਖਰਾ, ਅਦਾ ਜਾਣ ਕੇ ਸਹਿ ਗਿਆ,
ਮੈਂ ਤੇਰੇ ਜ਼ੁਲਮ-ਓ-ਸਿਤਮ ਦੇਖਦੇ ਦੇਖਦੇ।

ਕਿਰਨ ਇੱਕੋ ਪਈ ਜਾਂ ਉਦ੍ਹੇ ਨੂਰ ਦੀ,
ਹੋ ਗਏ ਨੇਰ੍ਹੇ ਭਸਮ ਦੇਖਦੇ ਦੇਖਦੇ।

ਮਿਲ ਕੇ ਤੈਨੂੰ ਇਹ ਗੁਮਨਾਮ 'ਸਿੱਧੂ' ਜਿਹਾ,
ਹੋ ਗਿਆ ਮੁਹਤਰਮ ਦੇਖਦੇ ਦੇਖਦੇ।

•

❑

ਕਾਵਿ ਕਿਆਰੀ ਬਣ ਕੇ ਲੱਗਾ ਟਹਿਕਣ ਕਾਗਜ਼ ਕੋਰਾ।
ਹਰਫਾਂ ਦੇ ਚਾਨਣ ਨੇ ਜਦ ਵੀ ਭਰਿਆ ਸ਼ਬਦ ਕਟੋਰਾ।

ਤੂੰ ਸ਼ਬਦਾਂ ਦੇ ਅਰਥ ਤਲਾਸ਼ੇਂ ਮੈਂ ਅਹਿਸਾਸ ਉਕੇਰੇ,
ਕਵਿਤਾ ਮੇਰੀ ਸਾਦ-ਮੁਰਾਦੀ ਮਾਰ ਨਾ ਯਾਰ ਨਿਹੋਰਾ।

ਤੋੜ ਸਿਤਾਰੇ ਗੁੰਦਣ ਜ਼ੁਲਫਾਂ ਪੁਰਖ ਚਲਿੱਤਰ ਕਰਦੇ,
ਏਸ ਕਿਸਮ ਦੀ ਗ਼ਜ਼ਲ ਤੋੜ ਗਈ ਦਮ ਲੈ ਕੇ ਹਟਕੋਰਾ।

ਬਗਲੇ-ਭਗਤ ਪੁਜਾਰੀ ਬਣਕੇ ਵਿਹਲੇ ਮੌਜਾਂ ਲੁੱਟਦੇ,
ਰਾਮ-ਨਾਮ ਲੈ ਭਿੱਖਿਆ ਮੰਗਦੇ ਹੱਥੀਂ ਪਕੜ ਕਟੋਰਾ।

ਠੰਡੀ ਯੱਖ ਹੋ ਜੰਮੀ ਸੁਰਤੀ ਸ਼ਬਦ-ਛੋਹ ਲੈ ਪੰਘਰੀ,
ਪਾਣੀ ਵਿੱਚ ਮਿਲ਼ ਪਾਣੀ ਹੋਇਆ ਰੂਪ ਵਟਾ ਕੇ ਓਰਾ।

ਗ਼ਜ਼ਲਕਾਰੀ ਵਿੱਚ ਤੂੰ ਲੈ ਲਈਆਂ ਢੇਰ ਸਾਰੀਆਂ ਖੁੱਲ੍ਹਾਂ,
ਐਪਰ ਮੈਨੂੰ ਹੋਣ ਨਾ ਦੇਵੇਂ ਐਧਰ ਓਧਰ ਭੋਰਾ।

ਉਸਤਾਦਾਂ ਦੇ ਬਹਿਸ-ਮੁਬਾਹਸੇ ਵਿੱਚ ਨਾ 'ਸਿੱਧੂ' ਆਵੇ,
ਇਸ ਚੱਕਰ ਵਿੱਚ ਕਾਵਿ ਸਿਰਜਣਾ ਨੂੰ ਲੱਗ ਜਾਵੇ ਖੋਰਾ।

•



❑

ਚੁੱਪ ਦੇ ਵਿੱਚ ਸ਼ੋਰ ਦਾ ਅਨੁਵਾਦ ਕਰਕੇ ਦੇਖ ਲੈ।
ਆਤਮਾ ਦੇ ਨਾਲ ਵੀ ਸੰਵਾਦ ਕਰਕੇ ਦੇਖ ਲੈ।

ਹਾਕਮਾਂ ਨੇ ਨਾਲ ਤੇਰੇ ਨਾ ਖਲੋਣਾ ਕਾਮਿਆ,
ਮਿੰਨਤਾਂ, ਤਰਲੇ, ਬਿਨੇ, ਫਰਿਆਦ ਕਰਕੇ ਦੇਖ ਲੈ।

ਹੱਕ ਬਣੇ ਸ਼ੀਰੀ ਚਟਾਨਾਂ ਬਣ ਗਏ ਪੂੰਜੀਪਤੀ,
ਹੌਸਲਾ ਤੇਸਾ ਖ਼ੁਦੀ ਫ਼ਰਹਾਦ ਕਰਕੇ ਦੇਖ ਲੈ।

ਬੋਲ ਤੇਰੇ ਹੋਰਨਾ ਉੱਪਰ ਅਸਰ ਅੰਦਾਜ਼ ਨੇ,
ਵਾਦ ਕਰਕੇ ਦੇਖ ਲੈ ਅਪਵਾਦ ਕਰਕੇ ਦੇਖ ਲੈ।

ਜ਼ਿੰਦਗੀ ਨੂੰ ਸੇਧ ਦੇਵੇਗੀ ਹਮੇਸ਼ਾ ਕਰ ਯਕੀਨ,
ਮੌਤ ਨਾਂਹਵਾਚੀ ਨਹੀਂ ਤੂੰ ਯਾਦ ਕਰਕੇ ਦੇਖ ਲੈ।

ਵਲਗਣਾਂ ਵਿੱਚ ਕੈਦ ਨਾ ਕਰ ਗੌਨ੍ਹ ਦੇ ਅੰਬਰ ਇਹਨੂੰ,
ਤੂੰ ਪਰਿੰਦਾ ਸੋਚ ਦਾ ਆਜ਼ਾਦ ਕਰਕੇ ਦੇਖ ਲੈ।

ਜੇ ਗੁਲਾਮੀ ਦਾ ਨਹੀਂ ਅਹਿਸਾਸ ਤੈਨੂੰ ਕਿਰਤੀਆ,
ਸੀਸ ਦਾ ਤੇ ਸ਼ਬਦ ਦਾ ਇਤਿਹਾਦ ਕਰਕੇ ਦੇਖ ਲੈ।

ਨਿਰਸਵਾਰਥ ਪਿਆਰ 'ਸਿੱਧੂ' ਕਰ ਹਰਿਕ ਦੇ ਨਾਲ ਤੂੰ,
ਪਾਠ-ਪੂਜਾ ਫੇਰ ਇਸ ਤੋਂ ਬਾਅਦ ਕਰਕੇ ਦੇਖ ਲੈ।

•

❑

ਉਸੇ ਪਲ ਹੀ ਉਸੇ ਥਾਂ ’ਤੇ ਖਲੋਤਾ ਕਿਉਂ ਨਾ ਮਰ ਜਾਵਾਂ।
ਜਦੋਂ ਵੀ ਕਿਰਤ ਲੁੱਟਦੀ ਦੇਖ ਕੇ ਮੈਂ ਚੁੱਪ ਕਰ ਜਾਵਾਂ।

ਪਤਾ ਮੈਨੂੰ ਨਹੀਂ ਤੇਰੀ ਤਬੀਅਤ ਸਰਦ ਜਾਂ ਤੱਤੀ,
ਸੁਭਾਅ ਹੈ ਬਰਫ਼ ਸਿਲ ਮੇਰਾ ਖੁਰਾਂ ਜਾਂ ਹੋਰ ਠਰ ਜਾਵਾਂ।

ਇਹ ਅੰਨ੍ਹੀ ਨਈਂ ਸੁਜਾਖੀ ਹੈ ਗੜੁੱਚੀ ਇਸ਼ਕ ਵਿੱਚ ਸ਼ਰਧਾ,
ਜਿੱਧਰ ਨੂੰ ਤੂੰ ਤੁਰੇਂ ਮੈਂ ਵੀ ਬਿਨਾ ਸੋਚੇ ਉਧਰ ਜਾਵਾਂ।

ਕਵੀ ਚੇਤਨ ਤੇ ਅਵਚੇਤਨ ਵਿਚਾਲ਼ੇ ਲਟਕਦਾ ਸੋਚੇ,
ਕਿਵੇਂ ਤਰਤੀਬ ਦੇ ਕੇ ਸ਼ਬਦ ਕਾਗਜ਼ ’ਤੇ ਉਕਰ ਜਾਵਾਂ।

ਖਿਆਲਾਂ ਦੀ ਉਡਾਰੀ ਹੀ ਨਹੀਂ ਕੇਵਲ ਇਹ ਕਵਿਤਾਵਾਂ,
ਕਿਵੇਂ ਅਹਿਸਾਸ ਤੇ ਸੰਵੇਦਨਾ ਸ਼ਬਦਾਂ ’ਚ ਭਰ ਜਾਵਾਂ।

ਓ ਬੇਖ਼ਬਰਾ! ਖ਼ਬਰ ਲੈ ਜਾਹ ਖ਼ਬਰ ਰਾਹੀਂ ਖ਼ਬਰ ਕਰ ਦੇ,
ਖ਼ਬਰ ਦੀ ਭਾਲ਼ ਵਿੱਚ ਖ਼ੁਦ ਹੀ ਕਿਤੇ ਹੋ ਨਾ ਖ਼ਬਰ ਜਾਵਾਂ।

ਪੁਲ਼ੀ, ਟੋਭੇ, ਕਰੀਰਾਂ, ਛੰਭ, ਛੱਪੜ, ਮੰਡ ਨਦੀਆਂ ਦੇ,
ਮੈਂ ਕਬਰਾਂ ਕੋਲ਼ ਦੀ ਕਿੱਦਾਂ ਬਿਨਾ ਬੋਲੇ ਗੁਜ਼ਰ ਜਾਵਾਂ।

ਜਦੋਂ ਉਚਤਮ ਨਿਆਲਾ ਦੇਸ਼ ਦਾ ਫਿਰਕੂ ਦਬਾਅ ਹੇਠਾਂ,
ਕਰੇ ਇਨਸਾਫ ਨਾ ਕੋਈ ਕਿਹੜੇ ਮੈਂ ਹੋਰ ਦਰ ਜਾਵਾਂ।

ਇਹ ਮੇਰੀ ਕੌਮ ਦੀ ਖਸਲਤ ਮੇਰੇ ’ਚੋਂ ਵੀ ਦਿਸੇ ‘ਸਿੱਧੂ’,
ਜਿਧਰ ਨੂੰ ਵੀ ਕਹੇ ਕੋਈ ਉਧਰ ਨੂੰ ਹੀ ਉਲਰ ਜਾਵਾਂ।

•



❑

ਸਵਾਲ ਦਾ ਸਵਾਲ ਹੀ ਜਵਾਬ ਲਾਜਵਾਬ ਹੈ।
ਬੁਝਾਰਤਾਂ ’ਚ ਬੇਬਸੀ ਤੇ ਬੇਕਸੀ ਜਨਾਬ ਹੈ।

ਇਸ਼ਾਰਿਆਂ ’ਚ ਪੁੱਛਣਾ ਇਸ਼ਾਰਿਆਂ ’ਚ ਦੱਸਣਾ,
ਇਹ ਵੱਖਰਾ ਜਹਾਨ ’ਤੋਂ ਜਨਾਬ ਦਾ ਹਿਸਾਬ ਹੈ।

ਨਾ ਜੀਅ ਰਹੇ ਨਾ ਮਾਣਦੇ ਗੁਜ਼ਾਰਦੇ ਹਯਾਤ ਉਹ,
ਇਹ ਜ਼ਿੰਦਗੀ ਜਿਨ੍ਹਾਂ ਲਈ ਨਾ ਜੀਣ ਦੀ ਕਿਤਾਬ ਹੈ।

ਅਜ਼ਾਦ ਹੋ ਗਏ ਕਈ ਅਬਾਦ ਹੋ ਗਏ ਕਈ,
ਜੋ ਸੀ ਅਜ਼ਾਦ ਹੋ ਗਿਆ ਗੁਲਾਮ ਪੰਜ ਆਬ ਹੈ।

ਇਹ ਪੂਰਬੀ ਉਹ ਪੱਛਮੀ ਸਰੀਰ ਇੱਕ ਦੁਫਾੜਿਆ,
ਬਿਆਸ ਨੂੰ ਮਿਲਣ ਲਈ ਇਹ ਸ਼ੂਕਦਾ ਚਨ੍ਹਾਬ ਹੈ।

ਦਿਨੇ ਇਹ ਨਿੰਦਰਾਵਲੀ ਤੇ ਰਾਤ ਨੂੰ ਉਨੀਂਦਰੀ,
ਕਿਹੜਾ ਦਿਖਾਲ਼ ’ਤਾ ਉਨ੍ਹਾਂ ਇਹ ਅੱਖ ਨੂੰ ਖ਼ੁਆਬ ਹੈ।

ਪਛਾਣ ਲੈ ਲਹੂ ਤੇਰਾ ਉਹਦੀ ਬਰਾਸ਼ ’ਤੇ ਜੋ ਹੈ,
ਹੁਣੇ-ਹੁਣੇ ਹੀ ਓਸਨੇ ਉਤਾਰਿਆ ਨਕਾਬ ਹੈ।

ਜਗਾਅ ਚਿਰਾਗ ਪਿਆਰ ਦੇ ਦਿਲੋਂ ਹਨੇਰ ਦੂਰ ਕਰ,
ਇਹ ਦੂਰ ਹੋਣ ਮੰਜ਼ਲਾਂ ਜੇ ਰਾਸਤਾ ਖ਼ਰਾਬ ਹੈ।

ਗ਼ੁਲਾਮ ਕਿਸ ਤਰ੍ਹਾਂ ਰਹੇ ਜੋ ਸਰਫ਼ਰੋਸ਼ ਆਦਮੀ,
ਅਜ਼ਾਦ ਸੋਚ ਵਾਸਤੇ ਅਧੀਨਗੀ ਅਜ਼ਾਬ ਹੈ।

•

❑

ਅਹਿਸਾਸ ਅਗਨ ਦੇ ਸ਼ਬਦ ਸ਼ਰਾਰੇ ਕਾਗਜ਼ ਉੱਪਰ।
ਸੰਭਲ-ਸੰਭਲ ਕੇ ਸੁਰਤ ਉਤਾਰੇ ਕਾਗਜ਼ ਉੱਪਰ।

ਸ਼ਬਦ-ਸ਼ਬਦ ਜੁੜ ਮਿਸਰਾ ਮਿਸਰਾ ਹੋ ਕੇ ਚਮਕੇ,
ਗ਼ਜ਼ਲ ਗਗਨ ਦੇ ਸ਼ਿਅਰ ਸਿਤਾਰੇ ਕਾਗਜ਼ ਉੱਪਰ।

ਕਾਵਿ ਰੂਪ ਮੈਂ ਜੰਮਿਆਂ ਪਲ਼ਿਆਂ ਕਾਵਿ ਰੂਪ ਹੀ ਮਰਨਾ,
ਲਿਖ-ਲਿਖ ਕਵਿਤਾ ਬਸ ਕਵਿਤਾ ਰੇ ਕਾਗਜ਼ ਉੱਪਰ।



'ਬਾਵਨ ਅਛਰ ਲੋਕ ਤ੍ਰੈ ਸਭ ਕਛੁ ਇਨ ਹੀ ਮਾਹਿ',
ਮਘਦੇ ਰੱਖੀਂ ਇਹ ਅੰਗਿਆਰੇ ਕਾਗਜ਼ ਉੱਪਰ।

'ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੇ ਸੋ ਪਾਵੈ',
ਏਹ ਵੀ ਨੇ ਨੂਰੀ ਝਲਕਾਰੇ ਕਾਗਜ਼ ਉੱਪਰ।

'ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ',
ਪੜ੍ਹ-ਪੜ੍ਹ ਵਿਗਸਾਂ ਇਹ ਵਰਤਾਰੇ ਕਾਗਜ਼ ਉੱਪਰ।

'ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਏ ਦਸਤ',
ਪੈਗਾਮ ਦੇਣ ਅੱਖਰ ਹਰਕਾਰੇ ਕਾਗਜ਼ ਉੱਪਰ।

'ਏਕ ਨੂਰ ਤੇ ਸਭ ਜਗ ਉਪਜਿਆ' ਤੂੰ ਵੀ ਕਿਹੜਾ ਵੱਖਰਾ,
ਅਮਲ ਕਰੀਂ! ਲਿਖ ਭਰੀਂ ਹੁੰਗਾਰੇ ਕਾਗਜ਼ ਉੱਪਰ।

ਲੋਕ ਰਾਜ ਵਿੱਚ ਇੱਕ ਹੱਥ ਸ਼ਕਤੀ ਹੋਵੇ ਤਾਨਾਸ਼ਾਹੀ,
ਸੰਵਿਧਾਨ ਸਬਕ ਦਿੰਦਾ ਸਰਕਾਰੇ ਕਾਗਜ਼ ਉੱਪਰ।

ਪ੍ਰੀਤ ਨਗਰ ਦੀ ਰਾਣੀ ਜਿਹਨਾ ਲਿਖ ਦਿੱਤੀ ਪੰਜਾਬੀ,
ਬੁੱਲਾ, ਬਾਹੂ, ਵਾਰਿਸ ਪਿਆਰੇ ਕਾਗਜ਼ ਉੱਪਰ।

•

❑

ਅਕਸ ਬਾਰੇ ਅਜਨਬੀ ਹੈ ਆਰਸੀ ਦਾ ਨਜ਼ਰੀਆ।
ਖ਼ੁਦ ਨੂੰ ਖੋਜਣ ਲਈ ਜ਼ਰੂਰੀ ਅਜਨਬੀ ਦਾ ਨਜ਼ਰੀਆ।

ਸ਼ੋਰ ਹੈ ਸੰਗੀਤ ਨਹੀਂ ਸੁਰਤਾਲ ਦੇ ਵਿੱਚ ਜੇ ਕਿਤੇ,
ਨਾ ਮਿਲੇ ਗਾਵੰਤਰੀ ਵਾਜੰਤਰੀ ਦਾ ਨਜ਼ਰੀਆ।

ਤੂੰ ਜਮਾਂ ਜ਼ਰਬਾਂ ਕਰੇਂ ਤੇ ਮੈਂ ਤਲਾਸ਼ਾਂ ਸ਼ਬਦ ਨੂੰ,
ਵੱਖਰਾ ਹੋਣਾ ਸੁਭਾਵਿਕ ਹੈ ਕਵੀ ਦਾ ਨਜ਼ਰੀਆ।

ਮੁਕਤਸਰ, ਕੱਚੀ ਗੜ੍ਹੀ, ਸਾਰਾਗੜ੍ਹੀ ਦੇ ਜੰਗ ਨਵਾਂ,
ਬਖਸ਼ ਗਏ ਇਤਿਹਾਸ ਨੂੰ ਸੂਰਮਗਤੀ ਦਾ ਨਜ਼ਰੀਆ।

ਰੋਜ ਪਾਵੇਂ ਜਲ ਅਤੇ ਸ਼ੱਕਰ ਜੜ੍ਹੀਂ ਤੂੰ ਬਿਰਖ ਦੇ,
ਬਾਗਬਾਨਾ ਖ਼ੂਬ ਤੇਰੀ ਪਰਵਰੀ ਦਾ ਨਜ਼ਰੀਆ।

ਇੱਕ ਤਵੱਕੋ ਰੱਖ ਨਾ ਦੋ ਮਿਲਦੇ ਜੁਲਦੇ ਨਾਵਾਂ ਤੋਂ,
ਕੁਦਰਤੀ ਵੱਖਰਾ ਹੈ ਫੁੱਲ ਤੋਂ ਫੁਲਝੜੀ ਦਾ ਨਜ਼ਰੀਆ।

ਨਜ਼ਰ ਤਾਂ ਆਕਾਰ ਜਾਂ ਫਿਰ ਰੂਪ ਦੇਖੇ ਚੀਜ਼ ਦਾ,
ਸ਼ੁੱਧਤਾ ਤੇ ਖੋਟ ਪਰਖੇ ਆਦਮੀ ਦਾ ਨਜ਼ਰੀਆ।

ਮਾਣ-ਮਰਿਆਦਾ ਹਰਿਕ ਹੀ ਯੁੱਗ 'ਚ ਹੈ ਵੱਖਰੀ ਰਹੀ,
ਤਾਂ ਹੀ ਸੀਤਾ ਤੋਂ ਅਲਗ ਸੀ ਰੁਕਮਣੀ ਦਾ ਨਜ਼ਰੀਆ।

•



❑

ਜਦੋਂ ਵੀ, ਜੋ ਵੀ ਦਿਲ ਕੀਤਾ, ਉਹ ਮੈਂ ਸੌ ਫੀਸਦੀ ਕੀਤਾ।
ਤੇਰੇ ਕੱਲ੍ਹ ਵਾਸਤੇ ਮੈਂ ਆਪਣਾ ਅੱਜ ਮੁਲਤਵੀ ਕੀਤਾ।

ਕ੍ਰਿਸ਼ਨ ਉਪਦੇਸ਼ ਨਾ ਦੇਵੇ ਇਸੇ ਕਰਕੇ ਹੀ ਅਰਜਨ ਨੇ,
ਮਹਾਂਭਾਰਤ ਅਜੋਕੀ ਵਿੱਚ ਨਾ ਉਸਨੂੰ ਸਾਰਥੀ ਕੀਤਾ।

ਖਲੋਤੇ ਆਪ ਇੱਕ ਥਾਂ 'ਤੇ ਬਦਲ ਦਿੰਦੇ ਇਹ ਜਲਧਾਰਾ,
ਪਹਾੜਾਂ ਹੀ ਇਹ ਝਰਨਾ, ਝੀਲ ਕਰਕੇ ਫਿਰ ਨਦੀ ਕੀਤਾ।

ਮੇਰੀ ਚਾਹਤ ਇਹ ਫੁੱਲ ਕਲੀਆਂ, ਤੂੰ ਆਤਿਸ਼ਬਾਜ਼ ਵਣਜਾਰਾ
ਮੈਂ ਕੰਡਾ ਵੀ ਕਲੀ ਸਮਝਾਂ, ਤੂੰ ਫੁੱਲ ਨੂੰ ਫੁਲਝੜੀ ਕੀਤਾ।

ਇਹ ਹਾਸਾ ਹੀ ਨਿਆਮਤ ਹੈ ਬਿਨਾ ਸ਼ੱਕ! ਪਰ ਕਿਸੇ ਵੇਲੇ,
ਮਹਾਂਭਾਰਤ 'ਚ ਵਟ ਜਾਂਦਾ ਹੈ ਠੱਠਾ ਸਰਸਰੀ ਕੀਤਾ।

ਸਮੇਂ ਦੀ ਧੂੜ ਨਾ ਕੱਜੇ ਮੇਰੀ ਪਹਿਚਾਣ ਦਾ ਸ਼ੀਸ਼ਾ,
ਤਰੌਂਕਾਂ ਸ਼ਬਦ ਜਲ ਇਸ 'ਤੇ, ਮੈਂ ਖ਼ੁਦ ਨੂੰ ਤਾਂ ਕਵੀ ਕੀਤਾ।

ਭਰੋਸਾ ਕਰਕੇ ਤੇਰੇ 'ਤੇ ਅਸੀਂ ਕੀਤਾ ਗੁਨਾਹ ਕੇਹੜਾ?
ਗਲਤ ਕੀਤੈ? ਅਸੀਂ ਹਿੱਸਾ ਜੇ ਅਪਣਾ ਭਾਰਤੀ ਕੀਤਾ।

ਗਿਲਾ ਨਈਂ, ਟੁੱਟ ਗਿਆ ਜੇ ਸਾਕ, ਲੇਕਿਨ ਇੱਕ ਸ਼ਿਕਾਇਤ ਹੈ,
ਕਿ ਇਸਦਾ ਅੰਤ ਤੂੰ ਕੋਝੀ ਜਿਹੀ ਕਰ ਮਸ਼ਕਰੀ ਕੀਤਾ।

•

❑

ਸ਼ਾਂਤ ਖਲੋਤੇ ਪਾਣੀ ਉੱਪਰ ਉੱਘੜੇ ਅਕਸ ਤਰੇੜੇ ਗਏ।
ਦਿਲ ਦੇ ਮਾਨਸਰੋਵਰ 'ਚੋਂ ਅੱਜ ਯਾਦਾਂ ਦੇ ਲੰਘ ਬੇੜੇ ਗਏ।

ਦੂਰੋਂ ਛੋਟੇ, ਕੋਲ਼ੋਂ ਵੱਡੇ, ਦਿਸਦੇ ਰੁੱਖ ਦਰਵੇਸ ਖੜ੍ਹੇ,
ਆਦਮ ਜਾਤ ਦਿਸੇ ਕਿਉਂ ਬੌਣੀ, ਜਿਉਂ-ਜਿਉਂ ਇਸਦੇ ਨੇੜੇ ਗਏ।

ਸਾਨੂੰ ਦੇਸ਼-ਧਰੋਹੀ ਕਹਿਣੋ ਪਹਿਲਾਂ ਖੋਜ ਤਾਂ ਲੈਣਾ ਸੀ,
ਕਿਹਨਾਂ ਦੇ ਸਿਰ ਮੁਕਟ ਸਜੇ ਤੇ ਮਕਤਲ ਅੰਦਰ ਕਿਹੜੇ ਗਏ।



ਬਾਗ਼ੀ ਲਹੂ ਫੇਰ ਨਾ ਉਬਲੇ ਸਾਜਿਸ਼ ਕਰਕੇ ਨਾਵਾਂ ਨਾਲ,
ਸਾਧੂ, ਸੰਤ, ਬਿਹੰਗਮ, ਬਾਬਾ, ਠੰਡੇ ਲਕਬ ਚਮੇੜੇ ਗਏ।

ਬੰਗਾਲ, ਪੰਜਾਬ ਨੇ ਮੋਹਰੀ ਹੋ ਕੇ ਲੜ ਕੇ ਲਈ ਅਜ਼ਾਦੀ ਜੋ,
ਦੋਹਾਂ ਲਈ ਉਹਦੇ ਵੱਲ ਖੁੱਲਦੇ ਸਾਰੇ ਬੂਹੇ ਭੇੜੇ ਗਏ।

ਸੋਨ ਮਿਰਗ ਦੇ ਲਾਲਚ ਵਿੱਚ ਆ ਲਛਮਣ ਰੇਖਾ ਲੰਘੇ ਜੋ,
ਸਨਮਾਨਾਂ ਦਾ ਚਿੱਕੜ ਮਲ਼-ਮਲ਼ ਲੇਖਕ ਉਹੀ ਲਬੇੜੇ ਗਏ।

'ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ' ਅਨੁਪਾਤੀ ਗੁਣ ਮਾਨਵਤਾ,
ਦੋ ਤੱਤ ਨਿਕਲੇ ਪਾਣੀ 'ਚੋਂ ਜਦ ਲਾ ਕੇ ਜੁਗਤ ਨਿਖੇੜੇ ਗਏ।

ਸਦਭਾਵਨਾ ਉਹਲੇ ਕਰ ਗਏ ਕਾਤਲ ਨੂੰ ਸਨਮਾਨਿਤ ਉਹ,
ਫੁੱਲ ਮਾਲਾਵਾਂ ਨਾਲ ਹੀ ਸਾਡੇ ਅੱਲ੍ਹੇ ਜ਼ਖਮ ਉਚੇੜੇ ਗਏ।

ਧਰਤੀ ਘੁੰਮਣ ਨਾਲ ਹੀ ਰੁੱਤਾਂ, ਮੌਸਮ, ਦਿਨ ਤੇ ਰਾਤ ਬਣੇ,
ਸੱਜਣਾਂ ਦੇ ਘਰ ਵੱਲ ਮੇਰੇ ਵੀ ਬੇਅਰਥੇ ਨਹੀਂ ਗੇੜੇ ਗਏ।

ਪ੍ਰੀਤਮ ਤੀਕ ਸੰਦੇਸ਼ ਹਵਾਏ ਲੈ ਜਾ ਕਵੀ ਕਲੰਦਰ ਦਾ,
'ਯਾਰੜੇ ਦਾ ਸਾਨੂੰ ਸੱਥਰ ਚੰਗਾ' ਭੱਠ ਭਾੜ ਹੋ ਖੇੜੇ ਗਏ।

•

❑

ਜਦੋਂ ਦਾ ਇਹ ਝਰਨਾ ਨਦੀ ਹੋ ਗਿਆ ਹੈ।
ਇਹ ਕਈ ਬੰਦਿਸ਼ਾਂ 'ਤੋਂ ਬਰੀ ਹੋ ਗਿਆ ਹੈ।

ਇਹ ਸ਼ਿੱਦਤ ਮੇਰੀ ਪਿਆਸ ਦੀ ਸੀ ਜਾਂ ਸੁਪਨਾ,
ਕਿ ਸਹਿਰਾ ਪਿਘਲਕੇ ਕਣੀ ਹੋ ਗਿਆ ਹੈ।

ਤੇਰੀ ਸੋਚ ਹੈ ਤੂੰ ਹਰਿਕ ਸਿਰ ਝੁਕਾਉਣਾ,
ਮੇਰਾ ਸ਼ੌਂਕ ਵੀ ਸਰਕਸ਼ੀ ਹੋ ਗਿਆ ਹੈ।



ਰਿਹਾ ਰਾਤ ਭਰ ਹਮਸਫਰ ਜੋ ਗਗਨ ਦਾ,
ਉਹ ਤਾਰਾ ਦਿਨੇ ਅਜਨਬੀ ਹੋ ਗਿਆ ਹੈ।

ਤੇਰਾ ਜੇ ਧਰਮ ਇਸ਼ਕ ਹੈ, ਜਾਨੇ ਜਾਨਾ,
ਮੇਰਾ ਵੀ ਕਰਮ ਆਸ਼ਿਕੀ ਹੋ ਗਿਆ ਹੈ।

ਘੜੀ ਵਸਲ ਦੀ ਪਲਕ ਝਪਕਣ 'ਚ ਬੀਤੀ,
ਵਿਛੋੜੇ ਦਾ ਪਲ ਵੀ ਸਦੀ ਹੋ ਗਿਆ ਹੈ।

ਪੜ੍ਹਾਂ ਰੋਜ ਜਿਸਦੇ ਮੈਂ ਕਾਵਿਕ ਸੁਨੇਹੜੇ,
ਕਵੀ ਹੀ ਉਹ ਮੇਰਾ ਨਬੀ ਹੋ ਗਿਆ ਹੈ।

ਖੁਦੀ ਜਦ ਮੈਂ ਅਪਣੀ ਬੁਲੰਦੀ 'ਤੇ ਕੀਤੀ,
ਖੁਦਾ ਖੁਦ ਹੀ ਮੇਰੀ ਖੁਦੀ ਹੋ ਗਿਆ ਹੈ।

ਮੈਂ ਅਕਸਰ ਇਹ ਆਖਾਂ ਕਿ ਸਭ ਹੀ ਨੇ ਸੋਹਣੇ,
ਉਹ ਕਹਿੰਦੇ ਇਹ ਲੱਗਦਾ ਕਵੀ ਹੋ ਗਿਆ ਹੈ।

ਨਾ ਹੈਰਾਨ ਹੋਵੀਂ ਤੂੰ ਪੜ੍ਹਕੇ ਇਹ ਮਿਸਰਾ,
ਉਹ ਕਵੀਆਂ 'ਚ ਰਹਿ ਅਨੁਭਵੀ ਹੋ ਗਿਆ ਹੈ।

•

❑

ਕਾਲ਼ਖਾਂ ਵਿੱਚ ਦਫਨ, ਚਾਨਣ ਕਾਤਰਾਂ ਵਿੱਚ ਜ਼ਿੰਦਗੀ।
ਦੇਖਣੀ ਹਰਗਿਜ਼ ਨਾ ਛੱਡੀਂ ਸੁਫਨਿਆਂ ਵਿੱਚ ਜ਼ਿੰਦਗੀ।

ਸੂਰਮੇ ਦੀ ਸ਼ਾਸਤਰ ਜਾਂ ਸ਼ਸਤਰਾਂ ਵਿੱਚ ਜ਼ਿੰਦਗੀ,
ਬੁਜ਼ਦਿਲਾਂ ਦੀ ਬੀਤ ਜਾਂਦੀ ਘੁਰਨਿਆਂ ਵਿੱਚ ਜ਼ਿੰਦਗੀ।

ਦੇਸ ਨੂੰ ਆਜ਼ਾਦ ਕਰਕੇ ਨਕਸ਼ਿਆਂ ਵਿੱਚ ਕੈਦ ਹੈ,
ਤੜਫਦੀ ਪੰਜਾਬ ਦੀ ਹੈ ਟੁਕੜਿਆਂ ਵਿੱਚ ਜ਼ਿੰਦਗੀ।



ਉੱਜੜ ਜਾਵੋ ਦਾਨੀਓਂ ਤੇ ਪਾਪੀਓ ਵਸਦੇ ਰਹੋ,
ਰਮਜ਼ ਨੂਰੀ ਹੈ ਵਸਾਉਣੀ ਉਜੜਿਆਂ ਵਿੱਚ ਜ਼ਿੰਦਗੀ।

ਘਰ ਤੋਂ ਦਫਤਰ, ਦਫਤਰੋਂ ਫਿਰ ਸੌਣ ਕਮਰੇ ਦਾ ਸਫਰ,
ਕਾਮਿਆਂ ਬੀਤੇ ਤੇਰੀ ਦੋ ਕਮਰਿਆਂ ਵਿੱਚ ਜ਼ਿੰਦਗੀ।

ਅੰਨਦਾਤੇ ਨੂੰ ਇਹ ਹਾਕਮ ਸਮਝਦੇ ਨੇ ਮੰਗਤਾ,
ਗੁਜ਼ਰਦੀ ਤੇਰੀ ਕਿਸਾਨਾ ਧਰਨਿਆਂ ਵਿੱਚ ਜ਼ਿੰਦਗੀ।

ਤੇਗ, ਖੰਜਰ, ਤੀਰ, ਬਰਛੀ, ਧਾਰ 'ਤੇ ਲਾਵੋ ਤੁਸੀਂ,
ਪਰਖਣੀ ਮਰਜੀੜਿਆਂ ਨੇ ਕਾਤਲਾਂ ਵਿੱਚ ਜ਼ਿੰਦਗੀ।

ਕਾਰ, ਕੋਠੀ, ਜ਼ਰ, ਜ਼ਮੀਂ ਤੈਨੂੰ ਲੁਭਾਉਂਦੇ ਹੋਣਗੇ,
ਪਰ ਅਸੀਂ ਤਾਂ ਦੇਖਦੇ ਹਾਂ ਪੁਸਤਕਾਂ ਵਿੱਚ ਜ਼ਿੰਦਗੀ।

ਸ਼ਾਇਰਾ! ਵਰਦਾਨ ਤੈਨੂੰ ਰੱਬ ਦੇ ਨੇੜੇ ਹੋਣ ਦਾ,
ਕਰ ਕ੍ਰਿਸ਼ਮਾ ਫੂਕ ਦੇ ਮੁਰਦਾ ਦਿਲਾਂ ਵਿੱਚ ਜ਼ਿੰਦਗੀ।

ਸ਼ਬਦ ਵੱਟੀ, ਖਿਆਲ ਦੀਪਕ, ਸ਼ੇਅਰ ਲਟ-ਲਟ ਬਲ਼ ਰਹੇ,
ਤਾਂ ਗ਼ਜ਼ਲ ਬਣ ਰੁਮਕਦੀ ਹੈ ਕਾਗਜ਼ਾਂ ਵਿੱਚ ਜ਼ਿੰਦਗੀ।

•

❑

ਸਾਂਭ ਲਵੋ ਬ੍ਰਹਿਮੰਡ ਪਸਾਰਾ ਸਾਂਭ ਲਵੋ।
ਡਰਦੇ ਰੁੱਖ ਦਰਵੇਸ਼ ਨੇ ਆਰਾ ਸਾਂਭ ਲਵੋ।

ਜੇ ਸਾਗਰ ਵਿੱਚ ਰਲ਼ਿਆ ਪਰਲੋ ਆ ਜਾਣੀ,
ਧਰਤੀ ਮਾਂ ਦਾ ਅੱਥਰੂ ਖਾਰਾ ਸਾਂਭ ਲਵੋ।

ਝੰਗ ਸਿਆਲ਼ਾਂ ਦਾ ਸੁਫਨਾ ਵੀ ਮਾੜਾ ਨਈਂ,
ਪਹਿਲਾਂ ਅਪਣਾ ਤਖਤ ਹਜਾਰਾ ਸਾਂਭ ਲਵੋ।



ਨਦੀਓ ਬਸਤੀ ਰੋੜ੍ਹਨ ਦੀ ਕੀ ਕਾਹਲ਼ੀ ਹੈ,
ਖੁਰਦਾ ਜਾਂਦਾ ਤੁਸੀਂ ਕਿਨਾਰਾ ਸਾਂਭ ਲਵੋ।

ਹੁਸਨਾਂ ਦੀ ਗਰਦਿਸ਼ ਦੇ ਸਿਰ ਨਾ ਦੋਸ਼ ਧਰੋ,
ਆਪੇ ਅਪਣਾ ਇਸ਼ਕ ਸਿਤਾਰਾ ਸਾਂਭ ਲਵੋ।

“ਸਚ ਵਾਪਾਰੁ ਕਰਹੁ ਵਾਪਾਰੀ” ਟੇਕ ਧਰੋ,
ਸਾਹਾਂ ਵਿੱਚ ਨਾ ਪਵੇ ਕਸਾਰਾ ਸਾਂਭ ਲਵੋ।

ਰਣਤੱਤੇ ਵਿੱਚ ਸੂਰੇ ਡਿੱਗਦੇ ਢਹਿੰਦੇ ਨੇ,
ਉੱਠਕੇ ਫਿਰ ਰਣਜੀਤ ਨਗਾਰਾ ਸਾਂਭ ਲਵੋ।

ਚੌਂਕੀਦਾਰ ਸੀ ਰੱਖਿਆ ਰਾਜਾ ਬਣ ਬੈਠਾ,
ਦੇਸ਼ਵਾਸੀਓ ਚੌਂਕੀਦਾਰਾ ਸਾਂਭ ਲਵੋ।

“ਤਖਤਿ ਬਹੈ ਤਖਤੈ ਕੀ ਲਾਇਕ” ਭੁੱਲਿਓ ਨਾ,
ਵੋਟਾਂ ਵੇਲੇ ਲਈ ਜੈਕਾਰਾ ਸਾਂਭ ਲਵੋ।

ਲੋਕਦਿਖਾਵਾ, ਹਉਮੈ, ਲਾਲਚ ਤੇ ਸਾੜਾ,
ਮਨ ਮਸਤਿਕ ’ਚੋਂ ਕੂੜ ਖਲਾਰਾ ਸਾਂਭ ਲਵੋ।

ਬਲਖ ਬੁਖਾਰੇ ਦਾ ਸੋਚਣ ਦਓ ‘ਸਿੱਧੂ’ ਨੂੰ,
ਛੱਜੂ ਵਾਲਾ ਆਪ ਚੁਬਾਰਾ ਸਾਂਭ ਲਵੋ।

•

❑

ਇਸ਼ਕ ਤੇਰੇ ਦਾ ਮਘਦਾ ਸੂਰਜ ਸਿਰ ਚੜ੍ਹਕੇ ਆ ਸਿਖਰ ਗਿਆ।
ਮੇਰਾ ਜੁੱਸਾ ਕਣ ਕਣ ਹੋ ਕੇ ਧਰਤੀ ਉੱਤੇ ਬਿਖਰ ਗਿਆ।

ਦਿਲ ਦੇ ਝੱਲੇਪਣ ਨੂੰ ਲੈ ਕੇ ਵੱਖੋ ਵੱਖ ਰਾਇ ਦੋਵਾਂ ਦੀ,
ਤੈਨੂੰ ਲੱਗਦਾ ਵਿਗੜ ਗਿਆ ਹੈ, ਮੈਂ ਆਖਾਂ ਇਹ ਸੁਧਰ ਗਿਆ।

ਸਮਾਂ ਬੜਾ ਸਮਰੱਥ ਸਮੇਂ ਦਾ ਸਿੱਖ ਅਨੁਸਾਰੀ ਹੋਣਾ ਤੂੰ,
ਆਸਵੰਦ ਰਹਿ ਚੰਗੇ ਲਈ ਤੇ ਚੰਗਾ ਕਹਿ ਜੋ ਗੁਜ਼ਰ ਗਿਆ।



ਦੰਦੇ ਹੱਸਦੇ ਸੀ ਆਰੀ ਦੇ ਰੋਂਦੀ ਸੀ ਰੂਹ ਰੁੱਖਾਂ ਦੀ,
ਅਪਣੇ ਹੱਥੀਂ ਅਪਣੀ ਸ਼ਾਹ-ਰਗ ਆਪੇ ਬੰਦਾ ਕੁਤਰ ਗਿਆ।

ਮੇਰੇ ਕਰਕੇ ਜ਼ਾਲਿਮ ਹਾਕਮ ਹੋਇਆ ਹੈ ਮਗਰੂਰ ਬੜਾ,
ਜ਼ੁਲਮ ਉਦ੍ਹਾ ਮੈਂ ਜਾਹਰ ਨਾ ਕੀਤਾ ਦਰਦ ਮੇਰਾ ਹੋ ਨਸ਼ਰ ਗਿਆ।

ਮਿਨਤਾਂ, ਤਰਲੇ, ਪਿਆਰ, ਮੁਹੱਬਤ, ਕਸਮਾਂ, ਵਾਅਦੇ, ਤੋਹਫੇ ਵੀ,
ਸਭ ਕੁਝ ਹੁੰਦਿਆਂ ਵੀ ਸਾਡੇ ਵਿੱਚ ਸ਼ੱਕ ਦਾ ਪਰਬਤ ਉਸਰ ਗਿਆ।

ਠਿੱਲ੍ਹ ਪਿਆ ਅਣਜਾਣ ਰਾਹਾਂ ’ਤੇ ਜਦ ਮੈਂ ਤੈਨੂੰ ਮਿਲਣ ਲਈ,
ਦੇਖ ਜਨੂੰਨ ਮੇਰੇ ਨੂੰ ਰਾਹ ਵਿੱਚ ਲਿਸ਼ਕ ਹਨੇਰਾ ਪਸਰ ਗਿਆ।

ਖ਼ਬਰਾਂ ਦੇ ਵਿਓਪਾਰ ’ਚ ਖ਼ਬਰੇ ਕੌਣ ਕਦੋਂ ਖੁਦ ਖ਼ਬਰ ਬਣੇ,
ਖ਼ਬਰਾਂ ਦਿੰਦਾ ਦਿੰਦਾ ਖ਼ਬਰੀ ਏਥੋਂ ਹੋ ਕੇ ਖ਼ਬਰ ਗਿਆ।

ਚੁੱਲ੍ਹੇ ਦੀ ਠੰਢੀ ਭੁੱਬਲ ਵਿੱਚ ਦੇਖੀ ਭੁੱਖ ਜਦੋਂ ਨੱਚਦੀ,
ਸਬਰ ਜ਼ਰੂਰਤ ਦੇ ਮੌਰੀਂ ਚੜ੍ਹ ਕਾਮਧੇਨ ਦੇ ਮਗਰ ਗਿਆ।

ਬਿਨਾ ਕਿਸੇ ਸਿੱਟੇ ਦੇ ਮੁੱਕੀ ਪੁੰਨ ਪਾਪ ਦੀ ਚਰਚਾ ਸੀ,
ਵਾਇਜ਼ ਅਪਣੇ ਰਾਹੇ ਪੈ ਗਏ ‘ਸਿੱਧੂ’ ਅਪਣੀ ਡਗਰ ਗਿਆ।

•

❑
ਜਿਦ੍ਹੇ ਲਈ ਤਲ਼ੀ ਸੀਸ ਧਰਕੇ ਲੜੇ ਹਾਂ।
ਉਸੇ ਧਰਤ ਉੱਤੇ ਹੀ ਜੀਂਦੇ ਸੜੇ ਹਾਂ।

ਅਬਾਦੀ ਸੀ ਦੋ ਫੀਸਦੀ ਪਰ ਅਜਾਦੀ,
ਵਿਆਹੁਣ ਲਈ ਵਧਕੇ ਘੋੜੀ ਚੜ੍ਹੇ ਹਾਂ।

ਅਸੀਂ ਚਾਂਦਨੀ ਚੌਕ ਤੋਂ ਹੈ ਇਹ ਸਿੱਖਿਆ,
ਨਾ ਜੰਜੂ ਲਹੇ ਤਖਤ ਮੂਹਰੇ ਅੜੇ ਹਾਂ।



ਇਹ ਨਿਰਭਓ ਤੇ ਨਿਰਵੈਰ ਹੋਣੇ ਦੀ ਜੁਗਤੀ,
ਇਹ ਨਾਨਕ ਗੁਰੂ ਦੇ ਸਕੂਲੋਂ ਪੜ੍ਹੇ ਹਾਂ।

ਅਤੰਕੀ ਦਾ ਲੇਬਲ ਤੂੰ ਸਾਡੇ ’ਤੇ ਲਾਵੇਂ,
ਅਸੀਂ ਖਾਲਸਾ ਏਡ ਬਣਕੇ ਖੜ੍ਹੇ ਹਾਂ।

ਸਜਾਵੇਂ ਤਾਂ ਹੇਠੀ ਜੇ ਤੋੜੇਂ ਸਜੇ ਨਾ,
ਤੇਰੇ ਤਾਜ ਉੱਪਰ ਨਗੀਨੇ ਜੜੇ ਹਾਂ।

ਇਹ ਮੰਨਿਆਂ ਕਿ ਸਿਰ ਏਂ ਤੂੰ ਮਾਂ ਭਾਰਤੀ ਦਾ,
ਅਸੀਂ ਵੀ ਇਹਦਾ ਦਿਲ ਅਤੇ ਫੇਫੜੇ ਹਾਂ।

ਸ਼ਹੀਦੀ ਹੈ ਜੀਵਨ ਦੇ ਬਿਰਖਾਂ ਦੀ ਪਤਝੜ੍ਹ,
ਨਵੇਂ ਪੁੰਗ ਲਈ ਆਪ ਡਾਲ਼ੋਂ ਝੜੇ ਹਾਂ।

ਕਦੀ ਖਾਲਸੇ ਤੇ ਕਦੀ ਨਕਸਲੀ ਵੀ,
ਕਿ ਇੱਕ ਹੀ ਲਹੂ ਦੇ ਅਸੀਂ ਦੋ ਧੜੇ ਹਾਂ।

ਕਰਿਸ਼ਮਾ ਹੈ ‘ਸਿੱਧੂ’ ਕਿ ਦੇਹੀਂ ਢਲੇ ਫਿਰ,
ਚੁਰਾਸੀ ’ਚ ਨੋਚੇ ਲਹੂ ਲੋਥੜੇ ਹਾਂ।
•

❑

ਸ਼ਿੰਗਾਰਦੇ ਉਹ ਫੇਰ ਅੱਜ ਸ਼ਮਸ਼ਾਨ ਕਿਉਂ? ਪਤਾ ਕਰੋ!
ਇਸ ਵਾਰ ਜਲਦੀ ਆ ਗਿਆ ਮਤਦਾਨ ਕਿਉਂ? ਪਤਾ ਕਰੋ!

ਜੇਕਰ ਵਿਡੰਬਣਾ ਨਹੀਂ ਤਾਂ ਜ਼ਿੰਦਗੀ ਦੀ ਨਜ਼ਮ ਦਾ,
ਉਸ ਲਿਖ ਲਿਆ ਹੈ ਮੌਤ ਹੀ ਉਨਵਾਨ ਕਿਉਂ? ਪਤਾ ਕਰੋ!

ਧੋਖਾ, ਫਰੇਬ, ਚਾਤਰੀ, ਹਥਿਆਰ ਸਭ ਸਿਆਸਤੀ,
ਕਵੀਆਂ 'ਚ ਵੀ ਇਹ ਵਧ ਰਿਹਾ ਰੁਹਜਾਨ ਕਿਉਂ? ਪਤਾ ਕਰੋ!



ਹਾਕਮ ਉਹ ਬਣਕੇ ਬੈਠਦਾ ਉਸਦੀ ਨਾ ਏਹ ਮਜਾਲ ਸੀ,
ਭਗਵਾਨ ਹੈ ਸ਼ੈਤਾਨ ਦਾ ਰਥਵਾਨ ਕਿਉਂ? ਪਤਾ ਕਰੋ!

ਜਦ ਬੁਲਬੁਲਾਂ ਨੇ ਬਾਗ ਛੱਡ ਸਹਿਰਾ ਨੂੰ ਚੁਣਿਆਂ ਯਾ ਖ਼ੁਦਾ!
ਫਟਿਆ ਨਹੀਂ ਇਹ ਦੇਖ ਕੇ ਅਸਮਾਨ ਕਿਉਂ? ਪਤਾ ਕਰੋ!

ਕਮਜ਼ੋਰ ਤੇ ਗਰੀਬ ਦੀ ਰੱਖਿਅਕ ਬਣੀ ਹਮੇਸ਼ ਜੋ,
ਹੁਣ ਸੌਂ ਰਹੀ ਉਹ ਗਾਤਰੇ ਕਿਰਪਾਨ ਕਿਉਂ? ਪਤਾ ਕਰੋ!

ਕੀ ਸ਼ਹਿਰ ਤੰਦਰੁਸਤ ਹੈ ਜਾਂ ਰੋਗ ਲਾਇਲਾਜ ਹੈ,
ਹਰ ਜਾਲਸਾਜ਼ ਬਣ ਗਿਆ ਲੁਕਮਾਨ ਕਿਉਂ? ਪਤਾ ਕਰੋ!

ਅੱਜ ਪੰਛੀਆਂ ਦੇ ਆਲ੍ਹਣੇ ਤਿਣ ਤਿਣ ਜਲਾਏ ਬਿਜਲੀਆਂ,
ਹਰ ਬੋਟ ਨੂੰ ਪ੍ਰਵਾਸ ਦਾ ਫ਼ੁਰਮਾਨ ਕਿਉਂ? ਪਤਾ ਕਰੋ!

ਭਾਸ਼ਾ ਮਿਆਰ ਸੁੱਟ ਕੇ ਨੰਗੇਜ਼ ਚਿਤਰਿਆ ਜਿਨ੍ਹੇ,
ਉਸਨੂੰ ਵਿਭਾਗ ਦੇ ਰਿਹਾ ਸਨਮਾਨ ਕਿਉਂ? ਪਤਾ ਕਰੋ!

ਉਸਦੀ ਗ਼ਜ਼ਲ ਨਿਭਾਅ ਰਹੀ ਵਾਹਵਾ ਰਦੀਫ ਕਾਫੀਆ,
ਖਹਿੰਦੇ ਇਹ ਫਿਰ ਕਿਤੇ ਕਿਤੇ ਅਰਕਾਨ ਕਿਉਂ? ਪਤਾ ਕਰੋ!

ਜੋ ਬੋਲਦਾ ਨਾ ਝਲਕਦਾ ਵਿਵਹਾਰ 'ਚੋਂ ਉਹਦੇ ਕਦੀ,
ਹਰ ਵਾਰ ਫਿਰ ਵੀ ਉਹ ਬਣੇ ਪਰਧਾਨ ਕਿਉਂ? ਪਤਾ ਕਰੋ!
•

❑

ਹਰ ਇੱਕ ਜੀਂਦੀ ਜਾਨ ਹੰਢਾਵੇ ਬਹੁਤੇ ਨਹੀਂ ਤਾਂ ਥੋੜ੍ਹੇ।
ਹੂਕਾਂ, ਕੂਕਾਂ, ਚੀਕਾਂ, ਪੀੜਾਂ, ਹੌਕੇ, ਦਰਦ, ਵਿਛੋੜੇ।

ਦਿਲ ਦੇ ਅੰਦਰ ਦਫਨ ਪਏ ਦੁੱਖ ਓਨੇ ਹੀ ਵੱਧ ਉੱਘੜੇ,
ਭੁੱਖ-ਪਿਆਸ ਦੇ ਮਾਂਜੇ ਨੇ ਇਹ ਜਿੰਨੇ ਵੱਧ ਘਰੋੜੇ।

ਅੱਜ ਦਾ ਮਾਨਵ ਸੱਚ 'ਤੋਂ ਆਕੀ, ਕੂੜ ਸੁਣਨ ਦਾ ਆਦੀ,
ਜੀਭ ਨੂੰ ਜਿੰਦਾ, ਰੁੱਸੀ ਰੂਹ ਤੇ ਮਨ ਖਾਂਦਾ ਮਚਕੋੜੇ।

ਸੂਟ, ਬੂਟ, ਕਾਰਾਂ ਤੇ ਬੰਗਲੇ ਕਦ ਜੁੜਨੇ ਸੀ ਰਾਠਾ,
ਜੇ ਮਜਦੂਰ ਨਾ ਵਾਹੁੰਦੇ ਕਹੀਆਂ, ਰੰਬੀਆਂ ਅਤੇ ਹਥੌੜੇ।

ਤੂੰ ਦੌਲਤ ਦਾ ਫਨੀਅਰ ਜ਼ਹਿਰੀ ਮੈਂ ਗੁਰਬਤ ਦਾ ਚੰਦਨ,
ਪਾ ਗਲਵੱਕੜੀ ਠੰਡਾ ਹੋ ਜਾ ਲੰਘ ਨਾ ਮਾਰ ਮਰੋੜੇ।

ਮਿਲਵਰਤਣ ਦੀ ਮੱਲ੍ਹਮ ਲਾ ਕੇ ਪਿਆਰ ਦੀ ਪੱਟੀ ਬੰਨੀਏਂ,
ਨਹੀਂ ਤਾਂ ਭਰਦੇ ਫਿੱਸਦੇ ਰਹਿਣੇ ਇਹ ਨਫਰਤ ਦੇ ਫੋੜੇ।

ਮਨ ਦੇ ਮੈਲ਼ੇ ਵਲਵਲਿਆਂ ਨੂੰ ਵਗਣੋ ਡੱਕ ਲੈ 'ਸਿੱਧੂ',
ਜਿਵੇਂ ਕਿਆਰਾ ਕੰਨੀ ਦਾ ਜੱਟ ਸਿੰਜੇ ਲਾ ਕੇ ਹੋੜੇ।
•



❑

ਸਧਰਾਂ ਉਮੰਗ ਰੀਝਾਂ ਚਾਅ ਬੇਸ਼ੁਮਾਰ ਲੈ ਕੇ।
ਤੇਰੀ ਗਲੀ ਹਾਂ ਆਏ ਬਾਹਾਂ ਦਾ ਹਾਰ ਲੈ ਕੇ।

ਜਜ਼ਬਾਤ, ਖ਼ਾਬ, ਗ਼ਮ ਤੇ ਅਰਮਾਨ ਕੁਝ ਅਧੂਰੇ,
ਜਾਹਰ ਨਾ ਹੋਣ ਫਿਰਦਾਂ ਅੱਖਾਂ 'ਚ ਪਿਆਰ ਲੈ ਕੇ।

ਮੇਰਾ ਉਹ ਦਿਲ ਚੁਰਾ ਕੇ ਹੋਇਆ ਫ਼ਰਾਰ ਐਸਾ,
ਜਿਉਂ ਮਾਰਦਾ ਉਡਾਰੀ ਸ਼ਿਕਰਾ ਸ਼ਿਕਾਰ ਲੈ ਕੇ।

ਅਕਸੀਰ ਦੀਦ ਤੇਰੀ ਹਾੜ੍ਹਾ ਤੂੰ ਮੂੰਹ ਨਾ ਫੇਰੀਂ,
ਦਰ 'ਤੇ ਖੜ੍ਹਾ ਸਵਾਲੀ ਦਿਲ ਬੇਕਰਾਰ ਲੈ ਕੇ।

ਤੇਰੀ ਨਜ਼ਰ ਅਸਾਸਾ ਕਰਨਾ ਮੈਂ ਨਗਮਿਆਂ ਦਾ,
ਇਸ ਤੋਂ ਬਿਨਾ ਕੀ ਆਵੇ ਨਗਮਾ ਨਿਗਾਰ ਲੈ ਕੇ।

ਦਿਲ ਤਾਰ-ਤਾਰ ਕੀਤਾ ਮੇਰਾ ਇਨ੍ਹਾਂ ਫ਼ਰੇਬਾਂ,
ਚਾਹਵੇਂ ਰਬਾਬ ਤੋਂ ਸੁਰ ਉਸਦੀ ਤੂੰ ਤਾਰ ਲੈ ਕੇ।

ਵਿਓਪਾਰ ਇੱਕ ਅਨੋਖਾ ਅੱਜ ਤਿਤਲੀਆਂ ਨੇ ਕੀਤਾ,
ਗੁਲਸ਼ਨ 'ਚ ਹੁਸਨ ਭਰਿਆ ਮਹਿਕਾਂ ਉਧਾਰ ਲੈ ਕੇ।

ਸਿੱਖਣ ਜ਼ਰੂਰ ਸਹਿਣਾ ਬੱਚੇ ਮੁਸੀਬਤਾਂ ਨੂੰ,
ਤੂੰ ਕਰ ਨਾ ਫੁੱਲ ਨਿਹੱਥੇ ਓਹਨਾਂ ਤੋਂ ਖਾਰ ਲੈ ਕੇ।

'ਸਿੱਧੂ' ਨਸੀਬ ਮੇਰੇ ਉਸਦਾ ਨਾ ਦੋਸ਼ ਕੋਈ,
ਡੋਲ਼ੀ ਉਹਦੀ ਨਾ ਘਰ ਨੂੰ ਆਏ ਕਹਾਰ ਲੈ ਕੇ।
•

❑

ਪਿਆਰ ਦੇ ਮੌਸਮ ਬਦਲ ਰਹੇ ਨੇ।
ਦਿਲ ਵਿੱਚ ਜਜ਼ਬੇ ਮਚਲ ਰਹੇ ਨੇ।

ਅੱਖਾਂ ’ਚੋਂ ਅਰਮਾਨ ਅਧੂਰੇ,
ਹੰਝੂ ਬਣਕੇ ਨਿਕਲ ਰਹੇ ਨੇ।

ਚਾਅ ਮੇਰੇ ਜੋ ਚਾਂਬੜਦੇ ਸੀ,
ਹੌਲੀ-ਹੌਲੀ ਸੰਭਲ ਰਹੇ ਨੇ।



ਹੌਕੇ, ਆਹਾਂ ਅਤੇ ਸਿਸਕੀਆਂ,
ਹਿਜਰ ਅਗਨ ਵਿੱਚ ਪਿਘਲ ਰਹੇ ਨੇ।

ਤੇਰੇ ਲਾਰੇ ਬਣੇ ਸਰਾਲ਼ਾਂ,
ਚੈਨ ਅਸਾਡਾ ਨਿਗਲ਼ ਰਹੇ ਨੇ।

ਤਨਹਾਈਆਂ ਦਾ ਵਿਸ਼ੀਅਰ ਡੰਗੇ,
ਦਰਦ ਜਿਗਰ ਦੇ ਉਛਲ ਰਹੇ ਨੇ।

ਬਾਗਾਂ ਵਿੱਚ ਕਲਯੁਗ ਦਾ ਪਹਿਰਾ,
ਮਾਲੀ ਕਲੀਆਂ ਮਸਲ਼ ਰਹੇ ਨੇ।

ਆਦਮ ਜਾਏ ਧਰਮੀ ਬਣਕੇ,
ਪੁੱਛ ਅਸਾਡੀ ਨਸਲ ਰਹੇ ਨੇ।

ਨੈਣ ਤਰਾਰੇ ਕਰਕੇ ਮੈਨੂੰ,
ਗੈਰ ਵੀ ਲੱਗ ਹਮਸ਼ਕਲ ਰਹੇ ਨੇ।

ਤਿਤਲੀ ਤੜਫੀ, ਬੁਲਬੁਲ ਸਹਿਮੀ,
ਫੁੱਲ ਕਿਉਂ ਆਤਿਸ਼ ਉਗਲ਼ ਰਹੇ ਨੇ।

‘ਸਿੱਧੂ’ ਵਰਗੇ ਕਈ ਨੌਸਿਖੀਏ,
ਗੀਤਾਂ ਨੂੰ ਕਹਿ ਗ਼ਜ਼ਲ ਰਹੇ ਨੇ।

•

❑

ਦਿਲ, ਮੁਹੱਬਤ ਤੇ ਆਸ਼ਿਆਨੇ ਦੀ।
ਬਾਤ ਪਾਈ ਤੂੰ ਕਿਸ ਜ਼ਮਾਨੇ ਦੀ।

ਫੁੱਲ, ਕਲੀ, ਡਾਲ਼, ਭੌਰ ਤੇ ਤਿਤਲੀ,
ਕਰਨ ਚਰਚਾ ਤੇਰੇ ਫਸਾਨੇ ਦੀ।

ਮੈਂ ਕਿਹਾ ਤੋਰ ਤੂੰ ਅਮਨ ਦੀ ਗੱਲ,
ਉਹ ਕਰੇ ਜੰਗ ਅਣਐਲਾਨੇ ਦੀ।



ਸ਼ੋਰ, ਚੀਕਾਂ 'ਚ ਗੀਤ ਵੀ ਮੌਲ਼ੇ,
ਐ ਦਿਲਾ ਹੂਕ ਸੁਣ ਤਰਾਨੇ ਦੀ।

ਸ਼ਾਂਤ ਜਜ਼ਬੇ ਮੇਰੇ ਤੁਫਾਨ ਕੀਤੇ,
ਗਲਤੀ ਮੌਸਮ ਇਹ ਆਸ਼ਿਕਾਨੇ ਦੀ।

ਇਸ਼ਕ ਵਿੱਚ ਕੈਸ ਵੀ ਬਣੇ ਮਜਨੂੰ,
ਖਾਰ ਚਾਹਤ ਹੈ ਫੁੱਲ ਦਿਵਾਨੇ ਦੀ।

ਸਿਸਤ ਲੌਣੋਂ ਬਗੈਰ ਦਿਲ ਫੁੰਡੇ,
ਹੋਰ ਤਾਰੀਫ ਕੀ ਨਿਸ਼ਾਨੇ ਦੀ।

ਦੇ ਸਜ਼ਾ ਮੈਨੂੰ ਬਾਮੁਸ਼ੱਕਤ ਤੂੰ,
ਜ਼ੁਲਫ ਅਪਣੀ ਦੇ ਕੈਦਖਾਨੇ ਦੀ।

ਕੰਨ ਝਾੜੇ ਹਮੇਸ਼ ਹੀ ਦੌਲਤ,
ਚੀਕ ਸੁਣਕੇ ਗਰੀਬਖਾਨੇ ਦੀ।

ਸਾੜਦੀ ਹੈ ਮਜ਼ੂਰ ਦੇ ਸੁਫਨੇ,
ਲੰਬ 'ਸਿੱਧੂ' ਇਹ ਕਾਰਖਾਨੇ ਦੀ।

•

❑

ਬਲ਼ਦੇ ਜੰਗਲ ਦੇ ਬਿਨ ਤੇਹਾਂ ਦਾ ਵਿਸ਼ਲੇਸ਼ਣ ਕੌਣ ਕਰੇ।
ਔੜਾਂ, ਟਿੱਬੇ, ਖੰਡਰ, ਥੇਹਾਂ, ਰੇਗਿਸਤਾਨੀ ਪੌਣ ਕਰੇ।

ਕੌਣ ਕਰੇ ਤਸਦੀਕਾਂ ਜਤ-ਸਤ, ਸੰਜਮ ਤੇ ਕਿਰਦਾਰ ਦੀਆਂ,
ਸਾਲੂ, ਇੱਛਰਾਂ, ਲੂਣਾ, ਪੂਰਨ, ਜਾਂ ਉਸ ਖ਼ੂਹ ਦੀ ਮੌਣ ਕਰੇ।

ਪੌਣਾਂ ਵਿੱਚ ਖੰਡੇ, ਤਿਰਸ਼ੂਲਾਂ, ਜ਼ੁਲਫੀਕਾਰਾਂ, ਖੁਖਰੀਆਂ,
ਜਿਸ ਨੂੰ “ਪ੍ਰੇਮ ਖੇਲਨ ਕਾ ਚਾਉ” ਉਹ ਹੀ ਉੱਚੀ ਧੌਣ ਕਰੇ।

ਭਗਵਾਂ, ਚਿੱਟਾ, ਨੀਲਾ, ਪੀਲ਼ਾ, ਲਾਲ, ਹਰਾ ਜਾਂ ਫਿਰ ਕਾਲ਼ਾ,
ਏਹਨਾ ’ਚੋਂ ਕਿਉਂ ਇੱਕ ਰੰਗ ਸਾਡਾ ਨਿਸਚਿਤ ਆਵਾ ਗੌਣ ਕਰੇ।

ਅੰਦਰਖਾਤੇ ਗੂੜ੍ਹਾ ਨਾਤਾ ਦਿੱਲੀ ਨਾਲ ਕਰਾਚੀ ਦਾ,
ਢੋਂਗੀ ਹਾਕਮ ਵਾਹਗੇ ਕੱਠਾ ਫੌਜਾਂ ਦਾ ਕਿਉਂ ਭੌਣ ਕਰੇ।

ਤੇਰੇ ਵਾਰਿਸ, ਤੇਰਾ ਨਾਰ੍ਹਾ, ਰਾਜ ਤੇਰੇ ਦੀ ਚਰਚਾ ਪਰ,
ਧੋਖੇਬਾਜ਼ ਨਾ ਰਿਹਾ ਵਿਭੀਖਣ ਤਾਂ ਸਾਵਾਂ ਯੁੱਧ ਰੌਣ ਕਰੇ।

ਹਾੜ੍ਹ ਹਿਜਰ ਦੇ ਸੇਕ ਪਕਾਏ, ਗੀਤ, ਗ਼ਜ਼ਲ, ਦੋਹੇ, ਨਜ਼ਮਾਂ,
ਰਹਿਣ ਮਟਕਦੇ ਜੇ ਨਾ ਸਿੱਲ੍ਹੇ ਨੈਣਾਂ ਵਿਚਲਾ ਸੌਣ ਕਰੇ।

ਕਵਿਤਾ ਮੇਰੀ ਰੋਟੀ ‘ਸਿੱਧੂ’ ਲਾਵਣ ਨੇ ਜ਼ਜ਼ਬਾਤ ਮੇਰੇ,
ਤਪਸ਼ ਤਖੱਈਅਲ ਪੱਕਦੀ ਮੇਰੇ ਅਹਿਸਾਸਾਂ ਦੀ ਤੌਣ ਕਰੇ।
•



❑

ਅਹਿਸਾਸ ਦੇ ਗਰਭ ’ਚੋਂ ਜੰਮਦੇ ਖਿਆਲ ਕੀ ਕੀ?
ਦਿੰਦੇ ਗ਼ਜ਼ਲ ਦੇ ਸ਼ਾਇਰ ਸ਼ਿਅਰਾਂ ’ਚ ਢਾਲ਼ ਕੀ ਕੀ?

ਗਾਣਾ ਗ਼ਜ਼ਲ ਦਾ ਹਾਣੀ ਜਾਂ ਗ਼ਜ਼ਲ ਗੀਤ ਜੇਹੀ,
ਦਾਮਨ ਫੜਾਂ ਮੈਂ ਕਿਸ ਦਾ ਉੱਠਦੇ ਸਵਾਲ ਕੀ ਕੀ?

ਕੋਰੇ ਸਫੇ ’ਤੇ ਮਟਕੇ ਕਾਵਿਕ ਵਜੂਦ ਮੇਰਾ,
ਜੀਭੀ ਮੇਰੀ ਕਲਮ ਦੀ ਕਰਦੀ ਕਮਾਲ ਕੀ ਕੀ?

ਸੁਰ ਦੇਵ ਤਾਂ ਨਹੀਂ ਹਾਂ ਪਰ ਮੈਂ ਅਮਨ ਦੀ ਖਾਤਰ,
ਧਰਤੀ, ਪਤਾਲ, ਸਾਗਰ, ਦਿੱਤਾ ਹੰਗਾਲ਼ ਕੀ ਕੀ?

ਸਨਮਾਨ, ਦੌਲਤਾਂ ਤੇ ਰੁਤਬੇ ਵਜ਼ੀਰੀਆਂ ਦੇ,
ਹਾਕਮ ਕਲਮ ’ਤੇ ਸੁੱਟਣ ਮਾਇਆ ਦੇ ਜਾਲ਼ ਕੀ ਕੀ?

ਨੱਚੇ ਜਾਂ ਫਿਰ ਲੁਕਾਵੇ ਉਹ ਬੇਲਗਾਮ ਜੋਬਨ,
ਨਾਚੀ ਦੇ ਪੈਰ ਥਿਰਕਣ ਦਿਲ ਵਿੱਚ ਭੁਚਾਲ ਕੀ ਕੀ?

ਹੰਕਾਰ, ਚਾਪਲੂਸੀ, ਹਉਮੈ, ਕਰੋਧ, ਸਾੜਾ,
ਸਾਡਾ ਵਿਵੇਕ ਗਾਲਣ ਲੱਗੇ ਜੰਗਾਲ ਕੀ ਕੀ?

ਡਰ, ਹੀਣਤਾ, ਨਮੋਸ਼ੀ ਤੇ ਭੇਡ ਚਾਲ ਚੱਲਣਾ,
ਉਫ! ਤੁਰ ਪਿਆਂ ਸਫਰ ’ਤੇ ਲੈ ਕੇ ਮੈਂ ਨਾਲ ਕੀ ਕੀ?

ਮਘਦਾ ਉਨੀਂਦਰਾ ਹੈ ਧੁਖਦੇ ਨੇ ਖਾਬ ਮੇਰੇ,
ਲਿਸ਼ਕਣ ਇਹ ਹੋਰ ਗ਼ਜ਼ਲਾਂ, ਦਿੱਤਾ ਮੈਂ ਬਾਲ਼ ਕੀ ਕੀ?
•

❑

ਸ਼ੋਖ, ਚੰਚਲ, ਚੁਲਬੁਲਾ ਇੱਕ ਰੰਗ ਦੇਵੀਂ।
ਤੂੰ ਮੁਹੱਬਤ ਨੂੰ ਨਵਾਂ ਪ੍ਰਸੰਗ ਦੇਵੀਂ।

ਦਿਲ ਦੇ ਵੱਟੇ ਦਿਲ ਵਟਾਉਣਾ ਛੱਡ ਪਰ੍ਹਾਂ ਹੁਣ,
ਤੂੰ ਹਜ਼ਾਰਾ ਸਾਂਭ ਮੈਨੂੰ ਝੰਗ ਦੇਵੀਂ।

ਜ਼ਿੰਦਗੀ ਹੈ ਤਾਸ਼ ਦੀ ਬਾਜ਼ੀ ਨਾ ਰੋਕੀਂ,
ਰੰਗ ਨਈਂ ਜੇ ਕੋਲ਼ ਤਾਂ ਬਦਰੰਗ ਦੇਵੀਂ।

ਕੂਕ ਵਿੱਚ ਵੀ ਗਰਜਣਾ ਸ਼ਾਮਿਲ ਕਰੀਂ ਇਉਂ,
ਬੰਸਰੀ ਦੇ ਸਾਥ ਲਈ ਮਿਰਦੰਗ ਦੇਵੀਂ।

ਦੇਖਣਾ ਜੇ ਇਸ਼ਕ ਮੇਰਾ ਮਚਲਦਾ ਤੂੰ,
ਹੁਸਨ ਦੇ ਵਿੱਚ ਘੋਲ਼ ਥੋੜ੍ਹੀ ਸੰਗ ਦੇਵੀਂ।

ਜੰਗ ਤੇ ਉਲਫਤ ’ਚ ਸਭ ਜਾਇਜ਼ ਨਾ ਹੋਵੇ,
ਐ ਖੁਦਾ ਹੁਣ ਜੀਣ ਦਾ ਇਹ ਢੰਗ ਦੇਵੀਂ।

ਕਾਮਯਾਬੀ ਪਾਪ ਨਈਂ ਪਰ ਤੂੰ ਕਿਤੇ ਨਾ,
ਆਪਣੀ ਤਹਿਜ਼ੀਬ ਛਿੱਕੇ ਟੰਗ ਦੇਵੀਂ।

ਤਾਲ ਵਿੱਚ ਕਰਨਾ ਹੈ ਜੇ ਬੇਤਾਲਿਆਂ ਨੂੰ,
ਮੜ੍ਹ ਕੇ ਮੇਰੀ ਖੱਲ ਦਾ ਮਿਰਦੰਗ ਦੇਵੀਂ।

ਅਰਜ਼ ਹੈ ਇੱਕ ਐ ਮੇਰੀ ਕਵਿਤਾ ਦੀ ਦੇਵੀ,
ਮਨ ਗ਼ਜ਼ਲ ਦੇ ਰੰਗ ਦੇ ਵਿੱਚ ਰੰਗ ਦੇਵੀਂ।

•



❑

ਸੱਚ ਕਹਾਂ ਤਾਂ ਰਿਸ਼ਤੇ ਤਿੜਕਣ ਕੂੜੋਂ ਦਿਲ ਇਨਕਾਰੀ ਹੈ।
ਦਿੰਦੇ ਯਾਰ ਸਲ਼ਾਹਾਂ ਮੈਨੂੰ ਇਹ ਤਾਂ ਦੁਨੀਆਦਾਰੀ ਹੈ।

ਸਿਆਸੀ ਸਾਹਿਤ ਲਿਖਦੇ-ਲਿਖਦੇ ਸਿੱਖੇ ਢੰਗ ਸਿਆਸਤ ਦੇ,
ਸਾਹਿਤ ਸਭਾਵਾਂ ਵਿੱਚ ਵੀ ਹੁਣ ਇਹ ਫੈਲੀ ਛੂਤ ਬਿਮਾਰੀ ਹੈ।

ਭੀਖ ਮੰਗਣ ਲਈ ਜਦ ਵੀ ਕੋਈ ਕੰਨਿਆ ਹਾਰ ਸ਼ਿੰਗਾਰ ਕਰੇ,
ਮੇਰੇ ਗਲ਼ ਫੰਧਾ ਬਣ ਆਉਂਦੀ ਗੋਟੇਦਾਰ ਕਿਨਾਰੀ ਹੈ।

ਸ਼ਬਦਾਂ ਦਾ ਚੰਦਨ ਹੀ ਸ਼ਾਇਦ ਜ਼ਹਿਰ ਉਨ੍ਹਾਂ ਦੀ ਸ਼ਾਂਤ ਕਰੇ,
ਸੁਖਨ ਅਲਾਪੋ! ਤਾਜ਼ੀ-ਤਾਜ਼ੀ ਨਾਗਾਂ ਕੁੰਜ ਉਤਾਰੀ ਹੈ।

ਸਾਡੀ ਇਹ ਪਰਵਾਸੀ ਭਟਕਣ ਛੜਯੰਤਰ ਸਰਕਾਰਾਂ ਦਾ,
ਜਾਂ ਫਿਰ ਚੁਗੀਏ ਜਿੱਥੇ ਡਾਢੇ ਰੱਬ ਨੇ ਚੋਗ ਖਿਲਾਰੀ ਹੈ।

ਤੇਰੇ ਦਰ ’ਤੇ ਆਣ ਢੁਕਾਈ ਮੰਡੀ ਪੂੰਜੀਪਤੀਆਂ ਨੇ,
ਕਿਰਤ ਫਲਣ ’ਤੋਂ ਪਹਿਲਾਂ ਲੁੱਟਣੀ ਵਰਤ ਲਈ ਹੁਸ਼ਿਆਰੀ ਹੈ।

ਸਾਡੇ ਵਾਂਗੂੰ ਜੰਤ ਪਰਿੰਦੇ ਵੀ ਖਾਂਦੇ ਤੇ ਸਾਹ ਲੈਂਦੇ,
ਆਦਮ ਤੋਂ ਇਨਸਾਨ ਹੋਣ ਦੀ ਪ੍ਰਕਿਰਿਆ ਫਨਕਾਰੀ ਹੈ।

ਆ ਜਾਣਾ ਹੈ ਵੇਲਾ ਦੇਖੀਂ ਫਿਰ ਇਹ ਭਾਂਬੜ ਬਣ ਮੱਚਦੀ,
ਗੀਤਾਂ ਗ਼ਜ਼ਲਾਂ ਵਿੱਚ ਲੁਕਾ ਕੇ ਰੱਖੀ ਜੋ ਚਿੰਗਾਰੀ ਹੈ।

ਮੁਸ਼ਕਲ ਵਿੱਚ ਹਾਂ, ਮੁਸ਼ਕਲ ਦਾ ਹੱਲ ਲੱਭਕੇ ਵੀ ਮੈਂ ਮੁਸ਼ਕਲ ਨਾਲ,
ਕੀ ਮੁਸ਼ਕਲ ? ਦੇ ਨਾਲ਼ੋਂ ‘ਸਿੱਧੂ’ ਕਿਉਂ ਮੁਸ਼ਕਲ ? ਦੁਸ਼ਵਾਰੀ ਹੈ।

•

❑

ਅਸਾਨੂੰ ਕੀ ਪਤਾ ਕੀ ਹੈ ਲੁਕੋਇਆ ਪਰਦਿਆਂ ਉਹਲੇ।
ਸਦਾਂ ਸਾਜਿਸ਼ ਘੜੀ ਏਥੇ ਮਕਾਨਾਂ ਨੇ ਘਰਾਂ ਉਹਲੇ।

ਬਣੀਂ ਕੁੱਝ ਵੀ ਤੂੰ ਪਰ ਸੋਚੀਂ ਕਿ ਬਲਬੂਤੇ ਸਬੰਧਾਂ ਦੇ,
ਤੇਰੀ ਹਸਤੀ ਨਾ ਲੁਕ ਜਾਵੇ ਤੇਰੇ ਹੀ ਘਰਦਿਆਂ ਉਹਲੇ।

ਵਿਵਸਥਾ ਹੈ ਬੜੀ ਉਲਝੀ ਕਰਾਂ 'ਤੇ ਕਰ ਕਿਉਂ ਲੱਗਦੈ,
ਲੁਕੋਇਆ ਕੀ ਹੈ ਸਰਕਾਰਾਂ ਨੇ ਅਪਣੇ ਦਫਤਰਾਂ ਉਹਲੇ।



ਇਰਾਦਾ ਕਰ ਲਿਆ ਪੱਕਾ ਕਿ ਤੁਰਨਾਂ ਖੋਲ੍ਹ ਕੇ ਅੱਖਾਂ,
ਖੜ੍ਹੇ ਜਦ ਰਾਹਜਨਾਂ ਨੂੰ ਦੇਖਿਆ ਸੀ ਰਹਿਬਰਾਂ ਉਹਲੇ।

ਬਦਲਣਾ ਲੋਚਦਾ ਬਗਲਾ ਤਾਂ ਛੱਡਦਾ ਤਾੜ ਮੱਛੀ ਦੀ,
ਇਹ ਮੋਤੀ ਹੰਸ ਨੇ ਦੇਖੇ ਲੁਕੇ ਜੋ ਕੰਕਰਾਂ ਉਹਲੇ।

ਜਿਨ੍ਹਾਂ ਵਸਤਾਂ ਦੇ ਚੋਰੀ ਹੋਣ ਦਾ ਖਤਰਾ ਵਧੇਰੇ ਹੈ,
ਲੁਕਾ ਦੇਵਾਂ ਮੈਂ ਇਹ ਮੁਲਵਾਨ ਚੀਜ਼ਾਂ ਪੁਸਤਕਾਂ ਉਹਲੇ।

ਦਿਲਾਂ ਦਾ ਭੈ ਰੁਕਾਵਟ ਹੈ ਇਹਦੀ ਨਾ ਹੈਸੀਅਤ ਕੋਈ,
ਜ਼ਰਾ ਸੰਭਲ! ਲੁਕੀ ਹੈ ਜ਼ਿੰਦਗੀ ਮਨ ਦੇ ਡਰਾਂ ਉਹਲੇ।

ਬੜਾ ਅਫਸੋਸ ਹੁਣ ਅੱਖਾਂ ਨੂੰ ਖਾਂਦੇ ਮਰਮਰੀ ਪੱਥਰ,
ਖੜ੍ਹਾ ਇਤਿਹਾਸ ਦਿਸਣਾ ਸੀ ਗੜ੍ਹੀ ਦੇ ਖੰਡਰਾਂ ਉਹਲੇ।

ਜ਼ੁਬਾਂਦਾਨੀ, ਨਿਗ੍ਹਾਬਾਨੀ, ਰਵਾਨੀ ਸ਼ੋਖ ਤੇਵਰ ਵੀ,
ਇਹ ਸ਼ਾਇਰ ਨੇ ਜੜੇ ਹੀਰੇ ਗ਼ਜ਼ਲ ਦੇ ਮਿਸਰਿਆਂ ਉਹਲੇ।

ਤਿਆਰੀ ਕਰ ਰਿਹਾ 'ਸਿੱਧੂ' ਉਹ ਤਾਂ ਸੱਜਰੇ ਸਵੇਰੇ ਦੀ,
ਕਿ ਸੂਰਜ ਅਸਤ ਨਹੀਂ ਹੁੰਦਾ ਕਦੀ ਦਿਸਹੱਦਿਆਂ ਉਹਲੇ।

•

❑

ਇਹ ਬਾਗੀਂ ਖਮੋਸ਼ੀ ਉਦਾਸੀ ਦਿਸੇ ਕਿਉਂ?
ਜ਼ਮੀਂ ਪੰਜ ਆਬੀ ਪਿਆਸੀ ਦਿਸੇ ਕਿਉਂ?

ਵਿਗਾੜੇ ਸਿਆਸਤ ਹੀ ਪੰਜਾਬ ਮਸਲਾ,
ਇਦ੍ਹਾ ਹੱਲ ਅਸਾਨੂੰ ਸਿਆਸੀ ਦਿਸੇ ਕਿਉਂ?

ਮੇਰੇ ਨਾਲ਼ ਜੀਂਦੇ ਸੜੀਂ ਫਿਰ ਤੂੰ ਪੁੱਛੀਂ,
ਖੁਆਬਾਂ ’ਚ ਮੈਨੂੰ ਚੁਰਾਸੀ ਦਿਸੇ ਕਿਉਂ?

ਕਰੋ ਪੇਤਲਾਪਨ ਇਹ ਜੇ ਦੂਰ ਮਨ ਦਾ,
ਯਕੀਨਣ ਫ਼ਤਿਹ ਅਣਕਿਆਸੀ ਦਿਸੇ ਕਿਉਂ?

ਰਹੇ ਖੋਜਦਾ ਆਪਣਾ ਦਿਲ ਜੋ ਹਰ ਪਲ,
ਤਾਂ ਮੁੱਖ ’ਤੇ ਉਹਦੇ ਬਦਹਵਾਸੀ ਦਿਸੇ ਕਿਉਂ?

ਮਿਲਣ ਦੀ ਘੜੀ ਹੀ ਜੁਦਾਈ ਪਈ ਸੀ,
ਵਿਛੋੜੇ ’ਚ ਦਿਲ ਨੂੰ ਦਿਲਾਸੀ ਦਿਸੇ ਕਿਉਂ?

ਨਹੀਂ ਜੇ ਤੇਰੀ ਮਾਨਸਿਕਤਾ ਪਲੀਤੀ,
ਤਾਂ ਅਰਧਾਂਗਣੀ ’ਚੋਂ ਵੀ ਦਾਸੀ ਦਿਸੇ ਕਿਉਂ?

ਗ਼ਜ਼ਲ ’ਚੋਂ ਤਰੌਂਕੇ ਜੋ ਚਾਨਣ ਦੀ ਚੁਟਕੀ,
ਗ਼ਜ਼ਲਗੋ ਉਹੀ ਚੰਦਵਾਸੀ ਦਿਸੇ ਕਿਉਂ?

ਕੁਰਾਹੇ ਪਏ ਰਾਹ-ਦਸੇਰੇ ਅਸਾਡੇ,
ਤਾਂ ‘ਸਿੱਧੂ’ ਨੂੰ ਕੌਮੀ ਖਲਾਸੀ ਦਿਸੇ ਕਿਉਂ?

•



❑

ਜੋ ਗੱਲ ਪਾਉਂਦੀ ਹਓਮੈ ਤਾਈਂ ਚਾਰਾ ਚੰਗੀ ਲੱਗੇ।
ਬੰਦਿਸ਼ ਵਾਲੀ ਕਿਰਿਆ ਪਰਵਦਗਾਰਾ ਚੰਗੀ ਲੱਗੇ।

ਰਾਠਾਂ ਦੇ ਮਹਿਲਾਂ ਵਿੱਚ ਬਹਿ ਕੇ ਲਾਗੂ ਕੀਤੀ ਨੀਤੀ,
ਛੇਤੀ ਢਾਹਵੇ ਕਿਰਤੀ ਦਾ ਜੋ ਢਾਰਾ ਚੰਗੀ ਲੱਗੇ।

ਮਜਬੂਰਾਂ, ਮਜਦੂਰਾਂ ਦੇ ਘਰ, ਲੁੱਟੇ, ਸਾੜੇ, ਫੂਕੇ,
ਅਹੁਦੇਦਾਰੀ ਜਿਸਦਾ ਇਹ ਵਰਤਾਰਾ ਚੰਗੀ ਲੱਗੇ।

ਪਰਜਾਤੰਤਰ ਤੇ ਗਣਤੰਤਰ ਛੜਯੰਤਰ ਨੇ ਕੋਹਝੇ,
ਇਹ ਫਨਕਾਰੀ ਤੈਨੂੰ ਕਿਉਂ ਸਰਦਾਰਾ ਚੰਗੀ ਲੱਗੇ।

ਮਨ ਭਾਉਂਦੀ ਨਾ ਉਹ ਮਾਸ਼ੂਕਾ ਜੋ ਪੱਕੀ ਇਨਕਾਰੀ,
ਹੱਸ-ਹੱਸ ਕੇ ਜੋ ਲਾਉਂਦੀ ਰਹਿੰਦੀ ਲਾਰਾ ਚੰਗੀ ਲੱਗੇ।

ਸੂਟ, ਦੁਪੱਟੇ, ਸਾੜੀ, ਸੁਰਮੇ, ਕੱਜਲ ਵਾਲੀ ਦੇਸਣ,
ਜਿਹੜੀ ਵਰਤੇ ਜ਼ਾਰਾ ਤੇ ਮਸਕਾਰਾ ਚੰਗੀ ਲੱਗੇ।

ਹੈਂਕੜ ਦੇ ਚਿੱਕੜ ਵਿੱਚ ਲੇਖਕ ਲਥਪਥ ਪਹਿਲਾਂ ਹੀ ਨੇ,
ਉੱਪਰੋਂ ਝੂਠੀ ਵਾਹ-ਵਾਹ ਮਲ਼ਦੀ ਗਾਰਾ ਚੰਗੀ ਲੱਗੇ।

ਤਾਬਿਆਦਾਰ ਹਮੇਸ਼ਾ ‘ਸਿੱਧੂ’ ਉਸਤਾਦਾਂ ਦੇ ਰਹੀਏ,
ਕਿਉਂ ਉਸਤਾਦੀ ਤੈਨੂੰ ਬਰਖੁਰਦਾਰਾ ਚੰਗੀ ਲੱਗੇ।

•

❑

ਦਿਲ ਚਾਹਵੇ ਤੂੰ ਦਿਲ ਵਿੱਚ ਲਹਿ ਜਾਏਂ ਤੇਰੀ ਪਹੁੰਚ ਬਰੂਹਾਂ ਤੱਕ ਸੀ।
ਇੰਝ ਤਾਂ ਕੇਵਲ ਜਿਸਮ ਹੀ ਠਰਨੇ ਇਸ਼ਕ ਦਾ ਭਾਂਬੜ ਰੂਹਾਂ ਤੱਕ ਸੀ।

ਸ਼ੱਕੀ ਆਦਤ ਨਾ ਤੂੰ ਛੱਡੀ ਬੇਵਿਸ਼ਵਾਸੀ ਦਿਲੋਂ ਨਾ ਕੱਢੀ,
ਕੰਨੋਂ ਕੱਚੇ ਸੱਜਣਾ ਤੇਰੀ ਸੋਚ ਹੀ ਸੀਮਤ ਸੂਹਾਂ ਤੱਕ ਸੀ।

ਤੇਹਾਂ ਦੀ ਤਸਦੀਕ ਕਰੇਂਦੇ ਖੰਡ੍ਹਰ ਹੋ ਗਏ ਘੁੱਗ ਵਸੇਂਦੇ,
ਰਾਹ ਵਿੱਚ ਪਿਆਸੇ ਦਮ ਤੋੜ ਗਏ ਪਿੰਡ ਨਾ ਪਹੁੰਚੇ ਖੂਹਾਂ ਤੱਕ ਸੀ।

ਖਿੰਡੇ ਹਰਫ਼ਾਂ ਦੀ ਕੀ ਹਸਤੀ ਵਸਲੋਂ ਉਪਜੇ ਸ਼ਬਦੀ ਸ਼ਕਤੀ,
ਕਵਿਤਾ ਜੂਨੇ ਸ਼ਬਦ ਉਹ ਜਿਹੜੇ ਪਹੁੰਚੇ ਕਲਮੀ ਮੂੰਹਾਂ ਤੱਕ ਸੀ।

ਮਨ-ਮੰਦਰ ਕਾਦਰ ਦਾ ਵਾਸਾ ਸਗਲ ਸ੍ਰਿਸ਼ਟੀ ਉਦ੍ਹਾ ਅਸਾਸਾ,
ਈਹਾਂ ਖੋਜ ਕਦੀ ਨਾ ਕੀਤੀ ਮੇਰੀ ਭਟਕਣ ਊਹਾਂ ਤੱਕ ਸੀ।

ਤਨ ਦੀ ਜੂਹ ਵਿੱਚ ਹੁਣ ਮਨ ਮਓਲ਼ੇ ਸੁਰਗ ਨਰਕ ਦੇ ਪੈਣ ਨਾ ਝਓਲ਼ੇ,
ਝੱਖਣਾ ਝਾਖ ਤਿਆਗੀ ਜਿਹੜੀ ਫੈਲੀ ਹਉਮੈ ਹੂਹਾਂ ਤੱਕ ਸੀ।

ਬੁੱਧ ਵਿਵੇਕੀ ਸਬਰ ਤੇ ਸੰਜਮ ਦੀ ਅਰਦਾਸ ਕਰੇ ਨਾ ਆਲਮ,
ਸਾਡੀ ਬਗਲੀ ਦੀ ਸਮਰੱਥਾ ਦੌਲਤ, ਪੁੱਤਰ, ਨੂੰਹਾਂ ਤੱਕ ਸੀ।

ਤੂੰ ਕਿਹੜੇ ਮੌਸਮ ਤੋਂ ਡਰਿਆ ਖੁਦਕਸ਼ੀਆਂ ਦੇ ਘਰ ਜਾ ਵੜਿਆ,
ਤੇਰਾ ਜੀਵਨ ਤਾਂ ਕਿਰਸਾਨਾਂ ਬਾਰਿਸ਼, ਕੱਕਰ, ਲੂਹਾਂ ਤੱਕ ਸੀ।

ਤੇਰੀ ਗਫਲਤ ਕਵਿਤਾ ਬਣਕੇ ਮਹਿਫਲ ਮਹਿਫਲ ਛਣਕੇ ਠਣਕੇ,
ਜਿਸਦੀ ਘੇਰਾਬੰਦੀ 'ਸਿੱਧੂ' ਤੇਰੇ ਪਿੰਡ ਦੀਆਂ ਜੂਹਾਂ ਤੱਕ ਸੀ।

•



❑

ਜੀਵਨ ਤਾਂ ਹੈ ਜੇਕਰ ਸੀਨੇ ਹਲਚਲ ਹੈ।
ਵਿਹਲੜ ਹੋਣਾ ਬਦਬੂ ਮਿਹਨਤ ਪਰਮਲ ਹੈ।

ਸੌਣ ਮਹੀਨੇ ਅੰਨ੍ਹੇ ਹੋਏ ਮਾਨਵ ਨੂੰ,
ਹਰ ਥਾਂ 'ਤੇ ਹੀ ਜਾਪੇ ਜਿਉਂ ਹਰਿਆਵਲ ਹੈ।

ਵੱਡਾ ਛੋਟਾ ਦੇਖੇ ਬੰਦਾ ਬੰਦੇ ਨੂੰ,
ਦਿਲ ਦਾ ਸ਼ੀਸ਼ਾ ਜੇਕਰ ਉੱਤਲ-ਅਵਤਲ ਹੈ।

ਨਾਨਕ ਨੇ ਨਾ ਮੰਨੀਆਂ ਜਾਤਾਂ ਪਰ ਸਾਡਾ,
ਨਸਲੀ ਕੀੜਾ ਕਰਦਾ ਕੁਰਬਲ ਕੁਰਬਲ ਹੈ।

ਝੀਲਾਂ, ਸਾਗਰ, ਪਰਬਤ, ਗੁਲਸ਼ਨ ਸਭ ਸੋਹਣੇ,
ਐਪਰ ਰਿਜ਼ਕ ਉਗਾਉਂਦੀ ਧਰਤੀ ਸਮਤਲ ਹੈ।

ਹਰ ਪਲ ਨਿਰਮਲ, ਨਿਰਛਲ, ਨਿਰਬਲ ਹੋਵੀਂ ਨਾ,
ਜਗ 'ਤੇ ਕਿਹੜੀ ਸ਼ੈ ਹੈ, ਜਿਹੜੀ ਅਬਿਚਲ ਹੈ।

ਮੈਨੂੰ ਮੇਰੇ ਸ਼ੁਭਚਿੰਤਕ ਹੀ ਡੋਬ ਗਏ,
ਤਕਲੀਫਾਂ ਦੀ ਉਂਝ ਨਾ ਡੂੰਘੀ ਦਲਦਲ ਹੈ।

ਤੇਰੇ ਪੂਜਾ ਘਰ ਨੂੰ, 'ਸਿੱਧੂ' ਤੂੰ ਜਾਣੇਂ,
ਮੇਰਾ ਕਾਬਾ ਉਸਤਾਦਾਂ ਦੀ ਸਰਦਲ ਹੈ।

•

❑
ਗੁਜ਼ਰੀ ਹਯਾਤ ਹੋ ਕੇ ਬਿਲਕੁਲ ਕਰੀਬ ਮੇਰੇ।
ਪੱਲਾ ਨਾ ਫੜ ਸਕੇ ਸੀ ਉਸਦਾ ਨਸੀਬ ਮੇਰੇ।

ਮੁੱਢਲੇ ਹਕੂਕ ਚਾਹਵਾਂ ਦਿਲ ਤੋਂ ਦੁਮੇਲ ਤੀਕਰ,
ਸਮਝਣ ਹਕੂਮਤਾਂ ਕਿਉਂ ਕਾਰੇ ਅਜੀਬ ਮੇਰੇ।

ਹਾੜਾ! ਸੁਣਾ ਅਨਲ ਹੱਕ ਦਾ ਤੂੰ ਅਲਾਪ ਮੈਨੂੰ,
ਕਹਿੰਦੀ ਕਰੀਬ ਆ ਕੇ ਸਨਕੀ ਸਲੀਬ ਮੇਰੇ।



ਮੈਂ ਮੁਫਲਿਸੀ ਤੋਂ ਸਿੱਖਿਆ ਕੀਕਣ ਹੈ ਮਸਤ ਰਹਿਣਾ,
ਮਸਕੀਨ ਹਾਂ ਮਗਰ ਨਹੀਂ ਜਜ਼ਬੇ ਗਰੀਬ ਮੇਰੇ।

ਪਿੰਗਲ ਅਰੂਜ਼ ਪੜ੍ਹਕੇ ਕਰ ਨਾਪ ਤੋਲ ਪੂਰਾ,
ਅਹਿਸਾਸ ਮਿਣ ਸਕੇ ਨਾ ਤੇਰੀ ਜਰੀਬ ਮੇਰੇ।

ਅਦਬ-ਓ-ਅਦਾਬ ਸਿੱਖਾਂ ਸ਼ਾਇਰ ਹਰੇਕ ਕੋਲ਼ੋਂ,
ਉਸਤਾਦ ਹੋ ਗਏ ਇਉਂ ਸਾਰੇ ਅਦੀਬ ਮੇਰੇ।

ਰੱਖੇ ਮੇਰੀ ਕਬਰ ’ਤੇ ਵਾਹਵਾ ਸਜਾਅ ਕੇ ਸੋਹਣੇ,
ਗੁਲਦਸਤਿਆਂ ਸੀ ਦੱਸਿਆ ਕਿੰਨੇ ਰਕੀਬ ਮੇਰੇ।

ਏਧਰ ਸੁਭਾਅ ਅਨੋਖਾ ਉੱਧਰ ਮਿਜ਼ਾਜ ਵੱਖਰੇ,
ਰੁੱਖੜਾ ਅਡੋਲ ਹਾਂ ਮੈਂ ਮੌਸਮ ਹਬੀਬ ਮੇਰੇ।

ਤੇਰੇ ਬਿਨਾਂ ਅਧੂਰੇ ਵਿਲਕਣ ਵਰਾਗ ਦੇ ਵਿੱਚ,
ਰੀਝਾਂ, ਮਲ੍ਹਾਰ, ਸੱਧਰਾਂ, ਚਾਅ ਬਦਨਸੀਬ ਮੇਰੇ।

‘ਸਿੱਧੂ’ ਵਿਕਾਰ ਪੰਜੇ ਵਰਤੇ ਮੈਂ ਸੰਜਮੀ ਹੋ,
ਤਾਂ ਹੀ ਬਣੇ ਇਹ ਦਾਰੂ-ਦਰਮਲ ਤਬੀਬ ਮੇਰੇ।
•

❑

ਸਾਗਰਾਂ ’ਤੇ ਮੇਘਲਾ ਜਦ ਵਰ੍ਹ ਗਿਆ।
ਮਾਰੂਥਲ ਦੀ ਪਿਆਸ ਦੂਣੀ ਕਰ ਗਿਆ।

ਝੀਲ ਦੇ ਪਾਣੀ ’ਚ ਚੰਨ ਦਾ ਅਕਸ ਜਿਉਂ,
ਇਸ਼ਕ ਟਿੱਕਾ ਹੁਸਨ ਮੱਥੇ ਧਰ ਗਿਆ।

ਪਿਆਰ ’ਤੇ ਲਾ ਕੇ ਖ਼ੁਦਾਇਆ ਬੰਦਸ਼ਾਂ,
ਆਸ਼ਕਾਂ ਵਿੱਚ ਨਾਬਰੀ ਵੀ ਭਰ ਗਿਆ।



ਕੋਠੜੀ ਰੂਹ ਦੀ ’ਚ ਲੋਅ ਹੋਣੀ ਨਹੀਂ,
ਆਸ ਦਾ ਜੁਗਨੂੰ ਕਿਤੇ ਜੇ ਮਰ ਗਿਆ।

ਇਸ਼ਕੀਆ ਨੈਣਾਂ ਡੁਬੋਇਆ ਦਿਲ ਮੇਰਾ,
ਗਮ ਦਾ ਸਾਗਰ ਸੌਖਿਆਂ ਜੋ ਤਰ ਗਿਆ।

ਪਾਰ ਭੈਅ ਦੇ ਵਾਗਲ਼ੇ ’ਤੋਂ ਜ਼ਿੰਦਗੀ,
ਮਰ ਗਿਆ ਜੋ ਪਾਰ ਕਰਨੋ ਡਰ ਗਿਆ।

ਰਹਿ ਨਿਡਰ ਪ੍ਰਿਥਮੈ ਭਗੌਤੀ ਸਿਮਰਦਾ,
ਸੂਰਮੇ ਦਾ ਪੀਰ ਹੋ ਸ਼ਸਤਰ ਗਿਆ।

ਨਾ ਦਿਖਾ ਚਿਹਰਾ ਤੂੰ ਉਸਦਾ ਹੂਬਹੂ,
ਸ਼ੀਸ਼ਿਆ! ਬਚਕੇ ਓ ਮੇਰੇ ਵਰਗਿਆ।

ਵਾਰਨੇ ਛੱਡ, ਵਰਤ ਸਿਰ ਤੇ ਸੋਚ ਕਿਉਂ,
ਭੰਗ ਭਾੜੇ ਐਨਿਆਂ ਦਾ ਸਿਰ ਗਿਆ?

ਰਾਜਨੀਤੀ ਖੁਸ਼ ਜਵਾਨੀ ਸਿਰ ਝੁਕਾ,
ਫੋਨ ’ਤੇ ਮਸਰੂਫ ਚਿੰਤਨ ਠਰ ਗਿਆ।

ਦਿਲ ਦੇ ਤਲ ’ਤੋਂ ਬਿਰਖ ਸੁੱਕੇ ਪਿਆਰ ਦੇ,
ਇਸ਼ਕ ਦਾ ‘ਸਿੱਧੂ’ ਧਰਾਤਲ ਖਰ ਗਿਆ।
•

❑

ਇਹ ਹੱਦਾਂ 'ਤੇ ਹਲਚਲ ਤੇ ਖ਼ਬਰਾਂ 'ਚ ਸਾਜ਼ਿਸ਼।
ਤੇ ਚੋਣਾਂ ਦੁਆਲੇ ਬਰੂਦਾਂ ਦੀ ਬਾਰਿਸ਼।

ਅਸਾਡਾ ਤੁਹਾਡਾ ਹੈ ਹਾਕਮ ਕਸਾਈ,
ਇਦ੍ਹੇ ਬੋਲ ਜ਼ਹਿਰੀ ਤੇ ਅੱਖਾਂ 'ਚ ਆਤਿਸ਼।

ਅਦਾਕਾਰ ਦਾ ਇੱਕ ਇਸ਼ਾਰਾ ਹੀ ਕਾਫੀ,
ਮੇਰੀ ਬੇਅਸਰ ਹੈ ਮੁਸਲਸਲ ਗੁਜ਼ਾਰਿਸ਼।

ਤੁਰੀ ਗੰਗ ਉਲਟੀ ਹੈ ਗੰਗੋਤਰੀ ਨੂੰ,
ਬਨੌਟੀ ਖਰੇ ਦੀ ਕਰੇ ਆਜ਼ਮਾਇਸ਼।

ਇਹ ਸਾਹਿਤ ਸਭਾਵਾਂ 'ਚ ਸਨਮਾਨ ਵਿਕਦੇ,
ਇਹ ਨਿਰਭਰ ਕਰੇ ਕੌਣ ਕਿਸਦੀ ਸਿਫ਼ਾਰਿਸ਼।

ਕਮਲ ਫੁੱਲ ਬਗੀਚੀ 'ਚ ਪੈਦਾ ਨਾ ਹੁੰਦੇ,
ਨਾ ਮੋਤੀ ਹੀ ਮੋਤੀ ਦੀ ਹੁੰਦੇ ਪਦਾਇਸ਼।

ਫ਼ਰੇਬਾਂ ਜ਼ਫਾਵਾਂ 'ਚ ਹੁੰਦੇ ਉਹ ਮਾਹਿਰ,
ਵਫ਼ਾ ਦੀ ਹਮੇਸ਼ਾ, ਜੋ ਕਰਦੇ ਨੁਮਾਇਸ਼।

ਵਿਛੋੜਾ ਸਹਾਂਗਾ ਤੇਰਾ ਮੈਂ ਉਮਰ ਭਰ,
ਨਾ ਵਸਲੋਂ ਉਰ੍ਹਾਂ ਹੈ ਕੋਈ ਵੀ ਖਵਾਹਿਸ਼।

•



❑

ਤਸੱਵਰ ਮੁਸੱਵਰ ਦਾ ਰੰਗਾਂ ਸਹਾਰੇ।
ਸਿਆਸਤ ਫਰੇਬਾਂ ਤੇ ਦੰਭਾਂ ਸਹਾਰੇ।

ਅਸਾਨੂੰ ਅਮਲ ਹੋ ਗਿਆ ਧੋਖਿਆਂ ਦਾ,
ਰਹੇ ਜੀਅ ਦਮੂੰਹੇਂ ਭੁਜੰਗਾਂ ਸਹਾਰੇ।

ਉਡਾਰੀ ਦੀ ਚਾਹਤ ਤੇ ਜਜ਼ਬਾ ਵੀ ਰੱਖੀਂ,
ਨਾ ਉੱਡੀਂ ਇਕੱਲੇ ਤੂੰ ਖੰਭਾਂ ਸਹਾਰੇ।

ਇਹ ਸੱਚਾ ਤੇ ਝੂਠਾ ਨੇ ਦੋਵੇਂ ਮੁਨੱਵਰ,
ਲੁਕਣਗੇ ਨਾ ਸੌਂਹਾਂ ਸੁਗੰਧਾਂ ਸਹਾਰੇ।

ਅਸਾਡੇ ਸਿਰਾਂ 'ਤੋਂ ਉਹ ਛੱਤਾਂ ਚੁਰਾ ਕੇ,
ਵਸੋ ਕਹਿਣ ਸਾਨੂੰ ਇਹ ਕੰਧਾਂ ਸਹਾਰੇ।

ਤਜ਼ਾਰਤ ਬਰੂਦਾਂ ਦੀ, ਰੋਜ਼ੀ ਜਿਨ੍ਹਾਂ ਦੀ,
ਉਨ੍ਹਾਂ ਦਾ ਮੁਨਾਫਾ, ਹੈ ਜੰਗਾਂ ਸਹਾਰੇ।

ਇਹ ਕੋਰੇ ਸਫੇ ਸੀ ਜੋ ਪੁਸਤਕ ਬਣਾਏ,
ਕਵੀ ਨੇ ਖਿਆਲਾਂ, ਉਮੰਗਾਂ ਸਹਾਰੇ।

ਮਕਾਨਾਂ 'ਚ ਅਣਹੋਂਦ ਅਕਸਰ ਇਨ੍ਹਾਂ ਦੀ,
ਉਹ ਘਰ ਨੇ ਜੋ ਵਿਗਸਣ, ਸਬੰਧਾਂ ਸਹਾਰੇ।

ਗੁਨ੍ਹਾਗਾਰ 'ਸਿੱਧੂ' ਝੁਕੇ ਹੋ ਕੇ ਦੂਹਰਾ,
ਇਬਾਦਤ ਨਾ ਹੋਵੇ ਪਖੰਡਾਂ ਸਹਾਰੇ।

•

❑

ਮੌਸਮ ਸਾਡੇ ਨਾਲ ਸਿਆਸਤ ਕਰਦੇ ਰਹੇ।
ਮਕਤਲ ਕਾਤਲ ਦੀ ਵਕਾਲਤ ਕਰਦੇ ਰਹੇ।

ਹਿਜਰਤ ਕਰ ਗਏ ਪੰਛੀ ਚੋਗਾ ਲੱਭਣ ਲਈ,
ਆਲ੍ਹਣਿਆਂ ਦੀ ਬੋਟ ਹਿਫ਼ਾਜ਼ਤ ਕਰਦੇ ਰਹੇ।

ਤੱਕਿਆ ਰੋਗੀ ਜਦੋਂ ਮਸੀਹਾ ਤਾਂ ਹੀ ਤਾਂ,
ਟੁੱਟੇ ਦਿਲ ਦੀ ਆਪ ਮੁਰੰਮਤ ਕਰਦੇ ਰਹੇ।

ਦਲਬਦਲੂ ਹੁਣ ਓਸੇ ਦੇ ਗੁਣ ਗੌਂਦੇ ਨੇ,
ਜਿਸਦੀ ਉਹ ਭਰਪੂਰ ਮੁਜ਼ੰਮਤ ਕਰਦੇ ਰਹੇ।

ਕਾਤਲ ਸਾਡਾ ਬੈਠਾ ਉੱਚੇ ਅਹੁਦੇ 'ਤੇ,
ਹੇਠਲਿਆਂ 'ਚੋਂ ਅਸੀਂ ਸ਼ਨਾਖਤ ਕਰਦੇ ਰਹੇ।

ਹੁਸਨ, ਜਵਾਨੀ, ਸ਼ੋਖੀ ਹੋਰਾਂ ਕੋਲ਼ ਵੀ ਨੇ,
ਤੇਰੇ ਜਲਵੇ ਅਸੀਂ ਕਿਆਮਤ ਕਰਦੇ ਰਹੇ।

ਸਾਰਾ ਚਾਨਣ ਚੰਦ ਕੋਲ਼ੇ ਕਿਉਂ ਪੁੰਨਿਆ ਨੂੰ,
ਤਾਰੇ ਸੂਰਜ ਕੋਲ ਸ਼ਿਕਾਇਤ ਕਰਦੇ ਰਹੇ।

ਪਾਣੀ ਪਾ ਉਹ ਪਾਣੀ ਮਾਰੇ ਪੌਦੇ ਨੂੰ,
ਪਾਣੀਓਂ ਪਤਲੀ ਸਾਡੀ ਹਾਲਤ ਕਰਦੇ ਰਹੇ।

ਬੰਦੇ ਆਖਣ ਕੁੱਤਾ ਵੈਰੀ ਕੁੱਤੇ ਦਾ,
ਆਦਮ ਜਾਏ ਸੱਚ ਕਹਾਵਤ ਕਰਦੇ ਰਹੇ।
•



❑

ਯਾਰੀ ਦਾ ਸਤਿਕਾਰ ਬੜਾ ਹੈ।
ਯਾਰਾਂ ਨਾਲ ਪਿਆਰ ਬੜਾ ਹੈ।

ਮੌਕੇ ਦੀ ਉਹ ਭਾਲ਼ 'ਚ ਰਹਿੰਦਾ,
ਸਾਨੂੰ ਪਰ ਇਤਬਾਰ ਬੜਾ ਹੈ।

ਤੇਰਾ ਇਜ਼ਹਾਰ-ਏ-ਮੁਹੱਬਤ,
ਵਾਹ-ਵਾਹ! ਪਰ ਵਲ਼ਦਾਰ ਬੜਾ ਹੈ।

ਵਸਲਾਂ ਦੀ ਮੰਜ਼ਲ ਸੁਖਦਾਇਕ,
ਰਸਤਾ ਗੁੰਝਲਦਾਰ ਬੜਾ ਹੈ।

ਲੋਭੀ ਨੂੰ ਹਮਰਾਜ਼ ਬਣਾ ਕੇ,
ਮੇਰੇ ਦਿਲ 'ਤੇ ਭਾਰ ਬੜਾ ਹੈ।

ਹੌਕੇ, ਗ਼ਮ ਤੇ ਪੀੜਾਂ ਦੇ ਕੇ,
ਕੀਤਾ ਤੂੰ ਉਪਕਾਰ ਬੜਾ ਹੈ।

'ਵੱਡਾ ਰੁੱਖ' ਧਰਤੀ 'ਤੇ ਡਿਗਕੇ,
ਕਰਦਾ ਨਰ-ਸੰਘਾਰ ਬੜਾ ਹੈ।

ਭੁੱਲ ਜਾਹ ਅਪਣੇ ਹੋਰ ਵਿਸ਼ੇਸ਼ਣ,
ਹੁਸਨਾਂ ਦੀ ਸਰਕਾਰ ਬੜਾ ਹੈ।

ਲੈਣਾ ਦਿਲ ਤੇ ਦੇਣੇ ਦੁਖੜੇ,
ਤੇਰਾ ਕਾਰੋਬਾਰ ਬੜਾ ਹੈ।
•

❑

ਫੇਰ ਦੁਬਾਰਾ ਸੀਨੇ ਹੋਈ ਹਰਕਤ ਹੁਣੇ-ਹੁਣੇ।
ਆਣ ਜਗਾਈ ਕਿਸਨੇ ਸੁੱਤੀ ਕਿਸਮਤ ਹੁਣੇ-ਹੁਣੇ।

ਆਪ ਗੁਆਚੇ ਰਹਿਬਰ ਆਖੇ ਅੱਖਾਂ ਮੀਚ ਲਈਆਂ,
ਫੇਰ ਅਸੀਂ ਅਜਮਾਈ ਅਪਣੀ ਕਿਸਮਤ ਹੁਣੇ-ਹੁਣੇ।

ਸਾਫ ਇਸ਼ਾਰਾ ਹੈ ਹਰ ਹੀਲੇ ਚੋਣਾਂ ਜਿੱਤਣ ਦਾ,
ਫੈਲੀ ਜੋ ਲੋਕਾਈ ਦੇ ਵਿੱਚ ਦਹਿਸ਼ਤ ਹੁਣੇ-ਹੁਣੇ।



ਪੌਣ ਵਿਸ਼ੈਲੀ ਹੋਈ ਫਿਰਕੂ ਜੁਮਲੇ ਸੁਣ ਸੁਣ ਕੇ,
ਕੋਰੇ ਮਨ ਵਿਚ ਪੈਦਾ ਹੋਈ ਨਫ਼ਰਤ ਹੁਣੇ-ਹੁਣੇ।

ਖੇਡ ਰਹੇ ਨੇ ਫਿਰਕੂ ਪੱਤਾ ਹੁਣ ਦੀ ਵਾਰੀ ਵੀ,
ਜਗ ਜਾਹਰ ਹਾਕਮ ਦੀ ਹੋਈ ਫ਼ਿਤਰਤ ਹੁਣੇ-ਹੁਣੇ।

ਪੈੜ ਸਿੱਧੀ ਹੈ ਜਾਂਦੀ ਮਹਿਲੀਂ ਰਾਜਨੇਤਾਵਾਂ ਦੇ,
ਕੌਣ ਸਾੜ ਕੇ ਬਸਤੀ ਹੋਇਆ ਚੰਪਤ ਹੁਣੇ-ਹੁਣੇ।

ਅੱਜ ਵੀ ਬੰਦਾ ਸੁਰਗਾਂ ਖਾਤਰ ਆਪ ਜਿਬ੍ਹਾ ਹੋਵੇ,
ਧਰਮ ਸਥਾਨੀਂ ਚਲਦਾ ਡਿੱਠਾ ਕਰਵਤ ਹੁਣੇ-ਹੁਣੇ।

ਮੀਂਹ ਤੇ ਸੋਕਾ ਦੋਵੇਂ ਨੈਣਾਂ ਅੰਦਰ ਝਲਕ ਰਹੇ,
ਕਰਕੇ ਹਟਿਆ ਬਾਬਲ ਧੀ ਨੂੰ ਰੁਖ਼ਸਤ ਹੁਣੇ-ਹੁਣੇ।

ਸਾਥ ਨਿਭਾਊ ਤੇਰਾ ਕੁਦਰਤ ਹਿੰਮਤ ਹਾਰੀਂ ਨਾ,
ਪਾਸੇ ਹੋਇਆ ਮੇਰੇ ਰਾਹੋਂ ਪਰਬਤ ਹੁਣੇ-ਹੁਣੇ।

ਸ਼ੇਅਰਬਾਜ਼ੀ ਦਾ ਸ਼ੌਕ ਅਸੀਂ ਹੁਣ ਪਾਲ਼ ਰਹੇ 'ਸਿੱਧੂ',
ਮਿਲ਼ੀ ਅਸਾਨੂੰ ਰੁਜ਼ਗਾਰਾਂ ਤੋਂ ਫ਼ੁਰਸਤ ਹੁਣੇ-ਹੁਣੇ।
•

❑

ਖਿਆਲਾਂ ਤੇ ਖ਼ੁਆਬਾਂ ਵਿੱਚ ਗ਼ਜ਼ਲ ਇੱਕ ਤੜਫਦੀ ਰਹਿੰਦੀ।
ਹਰਿਕ ਮਿਸਰਾ, ਸ਼ਿਅਰ, ਮਤਲਾ ਤੇ ਮਕਤਾ ਪਰਖਦੀ ਰਹਿੰਦੀ।

ਅਮੂਮਨ ਮਾਸ ਦਾ ਟੁਕੜਾ ਚਲੌਂਦਾ ਹੈ ਸਰੀਰਾਂ ਨੂੰ,
ਕਿ ਦਿਲ ਬਣ ਕੇ ਸੁਖਨਵਰ ਦਾ ਗ਼ਜ਼ਲ ਇੱਕ ਧੜਕਦੀ ਰਹਿੰਦੀ।

ਜਿਵੇਂ ਬਾਲਣ ਮਿਟਾਵੇ ਨਾ ਕਦੀ ਵੀ ਤਿਸ਼ਨਗੀ ਅੱਗ ਦੀ,
ਨਫ਼ਾਸਤ ਵਾਸਤੇ ਰਾਣੀ ਗ਼ਜ਼ਲ ਵੀ ਸੁਲਘਦੀ ਰਹਿੰਦੀ।

ਅਦਾਵਾਂ ਦੇ ਇਹ ਪਾ ਗਹਿਣੇ ਨਜ਼ਾਕਤ ਦੀ ਹਿਨਾ ਲਾ ਕੇ,
ਗ਼ਜ਼ਲ ਮਹਿਬੂਬ ਬਣ ਮੇਰੀ ਸਫੇ ’ਤੇ ਮਟਕਦੀ ਰਹਿੰਦੀ।

ਬਿਰ੍ਹੋਂ ਵਿਹੜੇ ਜਦੋਂ ਪੀੜਾਂ ਅਲ੍ਹੌਣੀ ਛੇੜ ’ਤੀ ਆ ਕੇ,
ਕਲਮ ਮੇਰੀ ਦੀ ਜੀਭੀ ’ਤੇ ਗ਼ਜ਼ਲ ਇੱਕ ਥਿਰਕਦੀ ਰਹਿੰਦੀ।

ਪਰ੍ਹਾਂ ਹੋਣਾ ਹਮੇਸ਼ਾ ਹੀ ਨਹੀਂ ਹੈ ਮਾਪਦਾ ਦੂਰੀ,
ਕਦੀ ਗਲ਼ਵੱਕੜੀ ਪਾਈ ਮਿਲਣ ਨੂੰ ਤਰਸਦੀ ਰਹਿੰਦੀ।

ਗ਼ਜ਼ਲ ਵਿਚ ਨਾਜ਼ ਤੇ ਨਖਰਾ ਅਦਾ ਇਸ ਦੀ ਹਰਿਕ ਕੋਮਲ,
ਕਰਾਂ ਜੇ ਜ਼ੋਰ ਅਜਮਾਈ ਪਰ੍ਹਾਂ ਨੂੰ ਸਰਕਦੀ ਰਹਿੰਦੀ।

ਖਫਾ ਹੋਵੇ, ਬੜਾ ਭਵਕੇ, ਰੁਦਨ ਸੁਣਕੇ ਇਹ ਰੁਕਨਾਂ ਦਾ,
ਖਿਆਲਾਂ ਨਾਲ ਬਹਿਰਾਂ ਨੂੰ ਲੜਨ ਤੋਂ ਵਰਜਦੀ ਰਹਿੰਦੀ।

ਗ਼ਜ਼ਲ ‘ਸਿੱਧੂ’ ਫ਼ਿਜ਼ਾਵਾਂ ਵਿੱਚ ਰਹੇਗੀ ਘੋਲ਼ਦੀ ਮਿਸ਼ਰੀ,
ਹੁਨਰ ਵੀ ਹੈ ਸਿਫਰ, ਜੇ ਨਾ ਨਵਾਜਿਸ਼ ਹਰਫ ਦੀ ਰਹਿੰਦੀ।
•



❑

ਜ਼ਿੰਦਗੀ ਦਾ ਸਿਰਫ ਇੱਕੋ ਇੱਕ ਹੈ ਹਾਸਲ ਮੇਰਾ।
ਜ਼ਿੰਦਗੀ ਨੂੰ ਸਮਝਦਾ ਹੁਣ ਜ਼ਿੰਦਗੀ ਕਾਤਲ ਮੇਰਾ।

ਆਰਜਾ ਕਿਸ ਕੰਮ ਤੈਥੋਂ ਦੂਰ ਹੋ ਕੇ ਪ੍ਰੀਤਮਾ,
ਧੜਕਦਾ ਹੈ ਪਰ ਨਾ ਹੋਵੇ ਦਿਲ ਕਦੀ ਬਿਹਬਲ ਮੇਰਾ।

ਜੁਗਨੂੰਆਂ ਨੂੰ ਨਾਲ਼ ਲੈ ਮੈਂ ਘੂਰਿਆ ਸੂਰਜ ਜਦੋਂ,
ਬਸਤੀਆਂ ਦੇ ਵਿੱਚ ਹੋਣਾ ਹੈ ਮਨ੍ਹਾਂ ਦਾਖਲ ਮੇਰਾ।

ਹੇਰਵਾ ਜੜ੍ਹ ਦਾ ਤਦੇ ਹੀ ਕੂਕਦੀ ਹੈ ਬੰਸਰੀ,
ਪੱਥਰਾਂ ਦਾ ਸ਼ਹਿਰ ਲੈ ਕੇ, ਮੋੜ ਦੇ ਜੰਗਲ ਮੇਰਾ।

ਭਟਕਣਾ ਆਪੇ ਚੁਣੀ ਮੈਂ ਖ਼ੁਦ ਨੂੰ ਖੋਜਣ ਦੇ ਲਈ,
ਯਾਤਰਾ ਦਾ ਹੈ ਪੜਾਅ ਇਹ ਘਰ ਨਹੀਂ ਮੰਜ਼ਲ ਮੇਰਾ।

ਕਰ ਖੁਸ਼ਾਮਦ ਤੂੰ ਜੇ ਕਰਨੀ ਹੈ ਵਿਰੋਧੀ ਸੋਚ ਦੀ,
ਕਿਉਂ ਕਹਾਂ ਸ਼ੁਹਰਤ ਲਈ ਮੈਂ, ਮਾਸ਼ਰਾ ਜਾਹਲ ਮੇਰਾ।

ਚੰਦ ਛੂਹਣਾ, ਤੋੜਨੇ ਤਾਰੇ ਸਿਖਾਵੀਂ ਪਰ ਅਜੇ,
ਆਪਣਾ ਆਪਾ ਨਹੀਂ ਹੈ ਏਸ ਦੇ ਕਾਬਲ ਮੇਰਾ।

ਹੋ ਗਈ ਗ਼ਜ਼ਲਾਂ ’ਚ ਸ਼ਾਮਲ ਦੇਖ ਲੈ ਰਚਨਾ ਮੇਰੀ,
ਨਾਓਂ ਗ਼ਜ਼ਲਕਾਰਾਂ ’ਚ ਭਾਵੇਂ ਕਰ ਨਾ ਕਰ ਸ਼ਾਮਲ ਮੇਰਾ।

ਫੂਕ ਅਪਣਾ ਘਰ ਤਮਾਸ਼ਾ ਦੇਖਦਾ ‘ਸਿੱਧੂ’ ਰਿਹਾ,
ਦਿਲਜਲਾ, ਮਜਨੂੰ, ਦਿਵਾਨਾ, ਰੱਖ ਨਾਂ ਪਾਗਲ ਮੇਰਾ।
•

❑

ਜ਼ਿੰਦਗੀ 'ਚੋਂ ਜ਼ਿੰਦਗੀ ਹੈ ਲਾਪਤਾ।
ਬੁੱਲ੍ਹੀਆਂ 'ਚੋਂ ਮੁਸਕਣੀ ਹੈ ਲਾਪਤਾ।

ਦਿਲ ਧੜਕਦਾ ਹੈ ਪਰੰਤੂ ਜ਼ਿੰਦਗੀ,
ਧੜਕਣਾਂ 'ਚੋਂ ਧੜਕਦੀ ਹੈ ਲਾਪਤਾ।

ਉਂਜ ਤਾਂ ਕਵਿਤਾ ਅਜੋਕੀ ਚਮਕਦੀ,
ਪਰ ਇਹਦੇ 'ਚੋਂ ਖ਼ੁਦ ਕਵੀ ਹੈ ਲਾਪਤਾ।



ਇਸਤਰੀ 'ਚੋਂ ਇਸਤਰੀ ਦੇ ਗੁਣ ਘਟੇ,
ਮਰਦ 'ਚੋਂ ਮਰਦਾਨਗੀ ਹੈ ਲਾਪਤਾ।

ਰੱਬ ਨੂੰ ਸਭ ਮੰਨ ਖਿਡੌਣਾ ਖੇਡਦੇ,
ਕਿਰਤ ਵਾਲ਼ੀ ਬੰਦਗੀ ਹੈ ਲਾਪਤਾ।

ਜਗਦਿਖਾਵੇ ਜ਼ਿੰਦਗੀ ਭਰਪੂਰ ਹੈ,
ਸ਼ੁੱਧਤਾ ਤੇ ਸਾਦਗੀ ਹੈ ਲਾਪਤਾ।

ਜੋ ਸਮੁੰਦਰ ਵੱਲ ਨਿਰੰਤਰ ਸੀ ਵਗੀ,
ਉਸ ਨਦੀ ਦੀ ਤਿਸ਼ਨਗੀ ਹੈ ਲਾਪਤਾ।

ਭੌਰ ਹੁਣ ਗੇੜੀ ਨਾ ਲੌਂਦੇ ਬਾਗ ਦੀ,
ਜੋ ਕਲੀ ਸੀ ਮਹਿਕਦੀ ਉਹ ਲਾਪਤਾ।

ਹਰ ਸਮੇਂ ਗੰਭੀਰਤਾ ਸ਼ਰਮਿੰਦਗੀ,
ਹਾਸਾ-ਠੱਠਾ ਮਸ਼ਕਰੀ ਹੈ ਲਾਪਤਾ।

ਹਰ ਕਲਾ ਵਿੱਚ ਲੱਛਮੀ ਦਾ ਵਾਸ ਹੈ,
ਪਰ ਕਲਾ 'ਚੋਂ ਸੁਰਸਤੀ ਹੈ ਲਾਪਤਾ।

ਇਹ ਗ਼ਜ਼ਲ ਸ਼ਿੰਗਾਰ ਬਿਨ ਇੱਕ ਨਾਰ ਵਾਂਗ,
ਜੇ ਅਰੂਜ਼ੀ ਪੁਖ਼ਤਗੀ ਹੈ ਲਾਪਤਾ।

•

❑
ਮੁਸਕਰਾ ਲੈਂਦਾ ਹੈ ਉਹ ਤਸਵੀਰ ਵਿੱਚ।
ਹੱਸਣਾ ਹੈ ਨਈਂ ਜਿਦ੍ਹੀ ਤਕਦੀਰ ਵਿੱਚ।

ਰਹਿ ਸਥਿਰ ਤੇ ਸ਼ਾਂਤ ਕਰ ਮਨ ਅਪਣਾ,
ਆਤਮਾ ਤੱਕ ਦੀਦਿਆਂ ਦੇ ਨੀਰ ਵਿੱਚ।

ਭੈਣ ਜਾਂ ਧੀ ਨੂੰ ਵੀ ਸੱਸੀ ਹੋਣ ਦੇ,
ਦੇਖਣੀ ਮਹਿਬੂਬ ਜੇ ਤੂੰ ਹੀਰ ਵਿੱਚ।

ਆਬਰੂ ਨੀਲਾਮ ਤੇਰੀ ਹੋ ਰਹੀ,
ਫਾਸਲਾ ਕਿਉਂ ਹੱਥ ਤੇ ਸ਼ਮਸ਼ੀਰ ਵਿੱਚ।



ਕਰ ਲਵੇ ਹਿਕਮਤ ਦੁਆ ਸ਼ਾਮਿਲ ਜਦੋਂ,
ਦੋ ਗੁਣੀ ਤਾਸੀਰ ਉਸ ਅਕਸੀਰ ਵਿੱਚ।

ਰੋਕ ਦਿੰਦੀ ਸਫਲਤਾ ਵੀ ਸਿਰਜਣਾ,
ਜਕੜਿਆ ਜਾਵੀਂ ਨਾ ਇਸ ਜ਼ੰਜੀਰ ਵਿੱਚ।

ਖਾਨਦਾਨੀ ਸਾਂਭ ਲੈ ਪੁਰਖੇ ਤੇਰੇ,
ਲਾ ਗਏ ਉਮਰਾਂ ਇਦ੍ਹੀ ਤਾਮੀਰ ਵਿੱਚ।

ਪਾ ਰਵਾਨੀ, ਫਲਸਫਾ, ਅੰਦਾਜ਼ ਵੀ,
ਸ਼ਬਦ ਹੀ ਕਾਫੀ ਨਹੀਂ ਤਕਰੀਰ ਵਿੱਚ।

ਹੋਰ ਕੀ ਹੈ ਜ਼ਿੰਦਗੀ ਇਸ ਦੇ ਸਿਵਾ,
ਜੰਗ ਇੱਕ ਤਕਦੀਰ ਤੇ ਤਦਬੀਰ ਵਿੱਚ।

ਜ਼ਿੰਦਗੀ ਤ੍ਰਿਕੋਨ ਵੀ ਤੇ ਵਰਗ ਵੀ,
ਰਾਜ਼ ਸਾਰਾ ਦਫਨ ਇੱਕ ਲਾਕੀਰ ਵਿੱਚ।

ਸਾਮਰਾਜੀ ਗਿਰਝ ਚੂੰਡੇ ਮਿਹਨਤਾਂ,
ਢਾਲ਼ ਥੌੜਾ ਦਾਤਰੀ ਸ਼ਮਸ਼ੀਰ ਵਿੱਚ।

ਦੇਖਣੇ ਨੂੰ ਸ਼ਾਂਤ ਦੋਵੇਂ ਹੀ ਬੜੇ,
ਫਰਕ 'ਸਿੱਧੂ' ਮੌਨ ਤੇ ਗੰਭੀਰ ਵਿੱਚ।
•

❑

ਮਾਸਾ ਮਾਸਾ ਕਰਕੇ ਮੁੱਕਦੇ ਜਾਂਦੇ ਨੇ।
ਆਪੇ ਇਹ ਫੁੱਲ ਡਾਲ੍ਹੋਂ ਟੁੱਟਦੇ ਜਾਂਦੇ ਨੇ।

ਭੋਲ਼ੇ ਨੇ ਪੰਜਾਬੀ ਲਾਈਲੱਗ ਬੜੇ,
ਚੁਟਕੀ ਮੰਗੇ ਕੋਈ ਲੱਪ ਦੇ ਜਾਂਦੇ ਨੇ।

ਬੇਗੀ, ਬਾਦਾ, ਯੱਕਾ, ਦੇ ਕੇ ਗੋਲੇ ਨੂੰ,
ਦੁੱਕੀਤਿੱਕੀ ਮੂਹਰੇ ਝੁਕਦੇ ਜਾਂਦੇ ਨੇ।

ਨਿੱਘੀ ਗੋਦੀ ਛੱਡਕੇ ਅਪਣੀ ਅੰਮੜੀ ਦੀ,
ਗ਼ੈਰਾਂ ਦੀ ਬੁੱਕਲ਼ ਵਿੱਚ ਲੁਕਦੇ ਜਾਂਦੇ ਨੇ।

ਅਪਣੇ ਹਿੱਸੇ ਆਉਂਦਾ ਅੰਬਰ ਸਾਂਭ ਲਵੋ,
ਹੌਲ਼ੀ-ਹੌਲ਼ੀ ਤਾਰੇ ਟੁੱਟਦੇ ਜਾਂਦੇ ਨੇ।

ਪਿਆਰ ਦਾ ਪਾਣੀ ਲਾ ਕੇ ਸਿੰਜ ਪਨੀਰੀ ਨੂੰ,
ਫਸਲ ਦੀ ਖਾਤਿਰ ਬੂਟੇ ਸੁੱਕਦੇ ਜਾਂਦੇ ਨੇ।

ਸਾਨੂੰ ਕੀ ਹੈ ? ਕਹਿੰਦੇ ਪਰ ਪੰਜਾਬ ਦੀਆਂ,
ਖਬਰਾਂ ਸੁਣ ਸੁਣ ਸਾਹ ਵੀ ਰੁਕਦੇ ਜਾਂਦੇ ਨੇ।

ਮਿਹਨਤ ਦੀ ਅੰਬੀ ਇਹ ਭੋਲ਼ੇ ਕਿਰਤੀ ਦੀ,
ਤੋਤਿਆਂ ਵਾਂਗੂੰ ਬਾਬੇ ਟੁੱਕਦੇ ਜਾਂਦੇ ਨੇ।

•



❑

ਸੰਗ-ਦਿਲਾਂ ਸੰਗ ਰਹਿ ਕੇ ਸ਼ੀਸ਼ਾ-ਦਿਲ ਪੱਥਰ ਹੋ ਜਾਣਾ ਹੈ।
ਸੰਗ-ਤਰਾਸ਼ਾਂ ਸੰਗ ਪੱਥਰ ਵੀ ਸ਼ਿਵ ਸ਼ੰਕਰ ਹੋ ਜਾਣਾ ਹੈ।

ਮੇਰੇ ਮਨ ਮੰਦਰ ਵਿੱਚ ਕਿਸ ਨੇ ਹਰਫਾਂ ਦੀ ਲੋਅ ਕਰ ਦਿੱਤੀ,
ਮੈਨੂੰ ਜਾਪਣ ਲੱਗ ਪਿਆ ਹੁਣ ਮੈਂ ਸ਼ਾਇਰ ਹੋ ਜਾਣਾ ਹੈ।

ਮੈਦਾਨ-ਏ-ਜੰਗ ਦੇ ਵਿੱਚ ਜਾ ਕੇ ਲੜ ਨਹੀਂ ਸਕਦੇ ਮੰਨਦੇ ਹਾਂ,
ਸੁਖਨਵਰਾਂ ਦਾ ਹਾਨੀਕਾਰਕ ਪਰ ਕਾਇਰ ਹੋ ਜਾਣਾ ਹੈ।

ਸਾਂਭ ਸਕੇ ਨਾ ਜੇ ਪੰਜਾਬੀ ਪਾਣੀ ਪੰਜ ਦਰਿਆਵਾਂ ਦੇ,
ਦੇਖਦਿਆਂ ਹੀ ਚੜ੍ਹਦਾ ਲਹਿੰਦਾ ਸਭ ਬੰਜਰ ਹੋ ਜਾਣਾ ਹੈ।

ਨੀਰ ਨਿਵਾਣਾ ਵੱਲ ਨੂੰ ਵਹਿੰਦਾ ਭਾਫ ਬਣੇ ਸਿਰ ਚੜ੍ਹ ਜਾਵੇ,
ਭੁੱਖ ਦੀ ਅੱਗ ਵਿੱਚ ਦਾਤੀ ਰੰਬਾ ਢਲ਼ ਖੰਜਰ ਹੋ ਜਾਣਾ ਹੈ।

ਸਿਮਟਾਂ ਤਾਂ ਬੰਬੀਹਾ ਲੋਚੇ, ਫੈਲਾਂ ਤਾਂ ਦਰਿਆ ਚਾਹੁੰਦੇ,
ਇੱਕ ਪਲ ਬੂੰਦ ਸਵਾਂਤੀ ਅਗਲੇ ਪਲ ਸਾਗਰ ਹੋ ਜਾਣਾ ਹੈ।

ਤੋਲ ਪਰਾਂ ਨੂੰ ਹਿੰਮਤ ਕਰਕੇ ਇੱਛਾ ਸ਼ਕਤੀ ਟੁੰਬ ਜਗਾਅ,
ਮਾਰ ਉਡਾਰੀ ਉੱਡਣ ਸੀਮਾ ਨੇ ਅੰਬਰ ਹੋ ਜਾਣਾ ਹੈ।

ਦਿਲ ਦੇ ਨੇੜ੍ਹੇ ਕੋਨੇ ਵਿੱਚੋਂ ਖੁਦ ਨੂੰ ਖੋਜਣ ਲਈ 'ਸਿੱਧੂ',
ਗ਼ਜ਼ਲਾਂ ਦੇ ਸ਼ਿਅਰਾਂ ਨੇ ਚਾਨਣ ਦੀ ਕਾਤਰ ਹੋ ਜਾਣਾ ਹੈ।

•

❑

ਅੱਜ ਦੇਖਣਾ ਮੈਂ ਚੜ੍ਹਦਾ ਮਾਹਤਾਬ ਹੌਲ਼ੀ ਹੌਲ਼ੀ।
ਮੁੱਖ ਤੋਂ ਹਟਾਈਂ ਲਟ ਦਾ ਤੂੰ ਨਕਾਬ ਹੌਲ਼ੀ ਹੌਲ਼ੀ।

ਕਾਹਲ਼ੀ ਸ਼ਤਾਨੀ ਕਾਰਾ ਸਹਿਜ ਰੂਪ ਹੁੰਦਾ ਰੱਬ ਦਾ,
ਪੜ੍ਹਨੀ ਹੁਸੀਨ ਮੁੱਖ ਦੀ ਮੈਂ ਕਿਤਾਬ ਹੌਲ਼ੀ ਹੌਲ਼ੀ।

ਮੋਮੀ ਬਦਨ ਲੈ ਆਂਵਾਂ ਕਿੰਝ ਕੋਲ਼ ਤੇਰੇ ਯਕ ਦਮ,
ਮੈਂ ਹੁਸਨ ਦਾ ਛੋਹਾਂਗਾ ਆਫਤਾਬ ਹੌਲ਼ੀ ਹੌਲ਼ੀ।

ਸ਼ਿਕਵੇ, ਸ਼ਕੈਤਾਂ, ਰੋਸੇ ਅੱਜ ਨਾ ਕਰੀਂ ਤੂੰ ਯਾਰਾ,
ਫਿਰ ਕਰ ਲਵਾਂਗੇ ਆਪਾਂ ਇਹ ਹਿਸਾਬ ਹੌਲ਼ੀ ਹੌਲ਼ੀ।

ਧੜਕਣ ਵਿਹੂਣੇ ਦਿਲ ਨੂੰ ਜ਼ਿੰਦਗੀ ਦੇ ਸੀਨੇ ਲਾ ਲੈ,
ਮਿਟ ਪੀੜ ਜਾਵੇ ਦਿਲ ਦੀ ਬੇਹਿਸਾਬ ਹੌਲ਼ੀ ਹੌਲ਼ੀ।

ਜੀਹਦੇ 'ਚ ਤੇਰਾ ਘੁਲ਼ਿਆ ਹੈ ਸ਼ਬਾਬ ਜਾਨੇ ਜਾਨਾ,
ਮਦਹੋਸ਼ ਹੋਵਾਂ ਪੀ ਕੇ ਮੈਂ ਸ਼ਰਾਬ ਹੌਲ਼ੀ ਹੌਲ਼ੀ।

•



❑

ਡਰੀ-ਡਰੀ ਹੈ ਪੌਣ ਕਿਉਂ? ਪਤਾ ਕਰੋ!
ਬਿਨਾ ਝੜੀ ਇਹ ਸੌਣ ਕਿਉਂ? ਪਤਾ ਕਰੋ!

ਕਿਨ੍ਹੇ ਚੁਰਾਏ ਏਹ ਸਵਾਲ ਜਿਹਨ ਚੋਂ,
ਕਿਵੇਂ, ਕਦੋਂ, ਕੀ, ਕੌਣ, ਕਿਉਂ? ਪਤਾ ਕਰੋ!

ਕਿਹਾ ਉਨ੍ਹੇ ਕਿ ਰਾਮ ਰਾਜ ਏਸ ਥਾਂ,
ਗਲ਼ੀ-ਗਲ਼ੀ ਹੈ ਰੌਣ ਕਿਉਂ? ਪਤਾ ਕਰੋ!

ਪਰ੍ਹਾਂ ਰਹੇ ਜੋ ਅਜਨਬੀ ਬਣੇ ਰਹੇ,
ਉਰ੍ਹਾਂ-ਉਰ੍ਹਾਂ ਉਹ ਔਣ ਕਿਉਂ? ਪਤਾ ਕਰੋ!

ਨਿਮਰ ਸੁਭਾਅ ਕਿ ਪਾਪ ਦਾ ਇਹ ਭਾਰ ਹੈ,
ਝੁਕੀ-ਝੁਕੀ ਹੈ ਧੌਣ ਕਿਉਂ? ਪਤਾ ਕਰੋ!

ਹਵਾ 'ਚ ਜ਼ਹਿਰ ਘੋਲਦੇ ਰਹੇ ਨੇ ਜੋ,
ਸੁਰਾਂ 'ਚ ਗੁਣਗੁਣੌਣ ਕਿਉਂ? ਪਤਾ ਕਰੋ!

ਲਹੂ ਲੁਹਾਣ ਦੇਖ ਕੇ ਹਰਿਕ ਕਲੀ,
ਇਹ ਭੌਰ ਮੁਸਕਰੌਣ ਕਿਉਂ? ਪਤਾ ਕਰੋ!

ਅਸੀਂ ਨਾ ਸੀ ਖਰੇ ਕਦੀ ਜਿਨ੍ਹਾਂ ਲਈ,
ਚੁਫੇਰ ਯਾਰ ਭੌਣ ਕਿਉਂ? ਪਤਾ ਕਰੋ!

•

❑

ਸੁਰਤ ਜਮੀਂ ਵਿੱਚ ਸ਼ਬਦ ਬਨਸਪਤ ਜਦ ਵੀ ਮੌਲਣ ਲੱਗੇ।
ਰੂਹਾਂ ਜਿਸਮਾਂ ਵਿੱਚ ਢਲ਼ ਜਾਵਣ ਚਮੜੀ ਪਹਿਰਣ ਲੱਗੇ।

ਮਨ ਦੀ ਭੋਇੰ ’ਚੋਂ ਮਾਲਣ ਕਵਿਤਾ ਨਫਰਤ ਕੰਡੇ ਚੁਗਦੀ,
ਦਿਲ ਦੇ ਵਿਹੜੇ ਮਿਲਵਰਤਣ ਦੇ ਗੁੰਚੇ ਟਹਿਕਣ ਲੱਗੇ।

ਨਿੱਘੇ ਹਰਫਾਂ ਦੀ ਗਲ਼ਵੱਕੜੀ ਮਾਣਨ ਠਰੀਆਂ ਰੀਝਾਂ,
ਸੁਖਨਵਰਾਂ ਦੀ ਸੰਗਤ ਕਰਕੇ ਜਜ਼ਬੇ ਖੌਲਣ ਲੱਗੇ।



ਹੰਝੂ, ਹਓਕੇ, ਹਿਜਰ, ਵਿਛੋੜਾ, “ਕਰਕ ਕਰੇਜੇ ਮਾਹਿ”,
ਮੇਰੇ ਅਪਣੇ ਕੀ ਕੀ ਤੋਹਫੇ ਦੇ ਗਏ ਖਿਸਕਣ ਲੱਗੇ।

ਝਿੜਕ ਕਿਹਾ ਉਸ, ਜਾਹ ਪਰ੍ਹੇ ਮਰ ! ਆਸ਼ਕ ਥਾਂਏਂ ਮੋਇਆ,
ਬੇਦਰਦੀ ਨੂੰ ਤਰਸ ਨਾ ਆਇਆ ਮੈਨੂੰ ਝਿੜਕਣ ਲੱਗੇ।

ਉਲਟੇ ਬਾਂਸ ਬਰੇਲੀ ਵੱਲ ਨੂੰ ਗੰਗ ਤੁਰੀ ਗੰਗੋਤਰ,
ਜੀਂਦੇ ਰਾਵਣ ਕੱਠੇ ਹੋ ਕੇ ਪੁਤਲਾ ਫੂਕਣ ਲੱਗੇ।

ਤੂੰ ਅੰਨ੍ਹੀ, ਤੂੰ ਬਿਨ ਅਹਿਸਾਸੋਂ ਤੇ ਤੂੰ ਡਾਹਢੀ ਕੌੜੀ,
ਸ਼ਰਧਾ, ਤਰਕ, ਹਕੀਕਤ ਤਿੰਨੇ ਉਲਝਣ ਗੁਲਝਣ ਲੱਗੇ।

ਰਾਵੀ ਲੰਘ ਬਿਆਸਾ ਲੋਚੇ ਨੀਰ ਝਨਾਂ ਦਾ ਪੀਣਾ,
ਇੱਕ ਮਿੱਕ ਹੋਣ ਲਈ ਹੁਣ ਸਤਿਲੁਜ ਜੇਲ੍ਹਮ ਸ਼ੂਕਣ ਲੱਗੇ।

ਇੱਕ ਪਲ ਦੂਰੀ ਦੂਜੇ ਨੇੜੇ ਤੇਰੇ ਹਾਂ ਮੈਂ ਇਸ ਲਈ,
ਮੈਨੂੰ ਉੱਤਲ ਅਵਤਲ ਤੇਰੇ ਦਿਲ ਦਾ ਦਰਪਣ ਲੱਗੇ।

ਸਾਥ ਤੇਰੇ ਦੀ ਮੈਨੂੰ ਆਦਤ ਅਕਸ ਤੇਰੇ ਦੀ ਉਸਨੂੰ,
ਵਿਛੜਨ ਵੇਲੇ ਮੈਂ ਤੇ ਸ਼ੀਸ਼ਾ ਦੋਵੇਂ ਤਿੜਕਣ ਲੱਗੇ।
•

❑

ਵਸਲੀ ਪਲਾਂ ਵਿੱਚ ਇਸ਼ਕ ਦਾ ਹੋ ਵਲਵਲਾ ਕਵਿਤਾ ਤੁਰੀ।
ਤਨਹਾਈਆਂ ਦੇ ਦੌਰ ਵਿੱਚ ਬਣ ਕਾਫਲਾ ਕਵਿਤਾ ਤੁਰੀ।

ਮੈਂ ਭਟਕਦਾ ਥਾਂ ਥਾਂ ਰਿਹਾ ਚਿਰਕਾਲ ਤੋਂ ਜਿਸ ਵਾਸਤੇ,
ਸ਼ਬਦਾਂ 'ਚ ਉਸਦੇ ਰੂਪ ਦਾ ਬਣ ਮਰਹਲਾ ਕਵਿਤਾ ਤੁਰੀ।

ਊਣਾ ਇਹ ਦਿਲ ਸੀ ਪਿਆਰ ਤੋਂ, ਤਾਂ ਹਰਫ਼ ਵੀ ਰੁੱਸੇ ਰਹੇ,
ਹੋਇਆ ਮੁਹੱਬਤ ਦਾ ਸ਼ੁਰੂ ਜਦ ਸਿਲਸਲਾ ਕਵਿਤਾ ਤੁਰੀ।



ਦਿੰਦੇ ਮੁਬਾਰਕ ਲੋਕ ਜਦ ਵੀ ਹੁੰਦੀਆਂ ਧੀਆਂ ਵਿਦਾ,
ਡੋਲੀ ਸਮੇਂ ਇੱਕ ਅਸ਼ਕ ਬਣਕੇ ਬਾਬਲਾ ਕਵਿਤਾ ਤੁਰੀ।

ਸ਼ਰਧਾਂਜਲੀ ਦੀ ਅਰਘ ਖਾਤਰ ਮਰਸੀਏ ਦਾ ਰੂਪ ਹੋ,
ਸਰਹਿੰਦ ਤੋਂ ਚਮਕੌਰ ਤੇ ਫਿਰ ਕਰਬਲਾ ਕਵਿਤਾ ਤੁਰੀ।

ਜਦ ਇਸ਼ਟ ਨੂੰ ਦਸਮੇਸ਼ ਨੇ ਮਿੱਤਰ ਪਿਆਰਾ ਸੀ ਕਿਹਾ,
ਤਾਂ ਕਾਵਿ ਸਾਗਰ ਵਿੱਚ ਉਦੋਂ ਬਣ ਜ਼ਲਜ਼ਲਾ ਕਵਿਤਾ ਤੁਰੀ।

ਪੌਣਾਂ ਅਲਾਪੀ ਰਾਗਣੀ ਤੇ ਰਕਸ ਕਰਦੀ ਮੇਦਨੀ,
ਸੁਰਤਾਲ ਊਣਾ ਨਾ ਰਹੇ ਹੋ ਕਲਕਲਾ ਕਵਿਤਾ ਤੁਰੀ।

ਸਿਰ ਕਲਮ ਕਰਵਾਕੇ ਕਲਮ ਹੋ ਸੁਰਖਰੂ ਕੁੱਝ ਲਿਖ ਸਕੀ,
ਸੂਲ਼ੀ ਨੂੰ ਪਰਖਣ ਵਾਸਤੇ ਹੀ ਕਾਤਲਾ ਕਵਿਤਾ ਤੁਰੀ।

ਮਕਤਲ ਵੰਗਾਰੇ ਜਾਣਗੇ ਕਾਤਲ ਵੀ ਘੂਰੇ ਜਾਣਗੇ,
ਹਰਫ਼ਾਂ 'ਚ ਭਰ ਚੜ੍ਹਦੀ ਕਲਾ ਤੇ ਹੌਸਲਾ ਕਵਿਤਾ ਤੁਰੀ।

ਸਾਗਰ 'ਚ ਮਿਲਣੇ ਅੰਤ ਨੂੰ ਦਰਿਆ ਵਗਣ ਰਾਹ ਆਪਣੇ,
ਤਾਂ ਵਾਰਤਕ ਤੋਂ ਰੱਖ ਹਮੇਸ਼ਾ ਫਾਸਲਾ ਕਵਿਤਾ ਤੁਰੀ।

ਜਦ ਸ਼ਬਦ ਸਾਗਰ ਉਛਲਿਆ ਕੋਰੇ ਸਫੇ 'ਤੇ ਵਿਛ ਗਿਆ,
ਆਲਮ ਸਮੇਟੀ ਬੂੰਦ ਵਿੱਚ ਸੱਲ-ਏ-ਅਲਾ ਕਵਿਤਾ ਤੁਰੀ।

•

❑

ਤੇਰੇ ਬਗੈਰ ਸੁੰਨਾ ਅੰਬਰ ਨਿਹਾਰਦਾ ਹਾਂ।
ਮੇਰੇ ਹਜ਼ੂਰ ਆਵੋ ਦਿਲ ’ਤੋਂ ਪੁਕਾਰਦਾ ਹਾਂ।

ਛੇੜੇ ਹਵਾ ਪੁਰੇ ਦੀ ਪੱਛੋਂ ਮਖੌਲ ਕਰਦੀ,
ਨਫਰਤ ਨਹੀਂ ਖ਼ਿਜਾਂ ਤੋਂ ਆਸ਼ਕ ਬਹਾਰ ਦਾ ਹਾਂ।

ਬਿਰਹਾ ਨਾ ਬਾਜ ਆਵੇ ਮੰਨੇ ਨਾ ਇਸ਼ਕ ਭੈੜਾ,
ਸੁੱਤਾ ਨਾ ਹੁਸਨ ਜਾਗੇ ਬਾਹਾਂ ਉਲਾਰਦਾ ਹਾਂ।

ਗਮ ਨੇ ਗੁਲੇਲ ਸੇਧੀ ਰੀਝਾਂ ਮਸੂਮ ਵੱਲ ਨੂੰ,
ਮੈਂ ਪ੍ਰੀਤ ਦਾ ਪਰਿੰਦਾ ਫਿਰ ਵੀ ਉਡਾਰਦਾ ਹਾਂ।

ਜੀਵਨ ਕਿਤਾਬ ਵਿੱਚੋਂ ਪੜ੍ਹਿਆ ਇਹ ਪਾਠ ਕੇਹਾ,
ਯਾਦਾਂ ’ਚ ਸਾਂਭ ਤੈਨੂੰ ਖ਼ੁਦ ਨੂੰ ਵਿਸਾਰਦਾ ਹਾਂ।

ਨੈਣਾਂ ’ਚ ਨੀਰ ਮੇਰੇ ਸਮਝੀਂ ਨਾ ਰੋ ਰਿਹਾ ਹਾਂ,
ਹੰਝੂਆਂ ’ਚ ਢਾਲ਼ ਪੀੜਾਂ ਦਿਲ ’ਚੋਂ ਬੁਹਾਰਦਾ ਹਾਂ।

‘ਗੁਰਮੀਤ’ ਨੂੰ ਭਰੋਸਾ ਇੱਕ ਦਿਨ ਮਿਲਾਪ ਹੋਣੈ,
ਹੋ ਆਸਵੰਦ ਸੇਜਾ ਦਿਲ ਦੀ ਸੁਆਰਦਾ ਹਾਂ।

•



❑

ਜੰਗਲ, ਪਰਬਤ, ਦਰਿਆ, ਪੰਛੀ, ਝੀਲ ਅਤੇ ਇੱਕ ਝਰਨਾ ਹੈ।
ਇਸ ਮੰਜਰ ’ਚੋਂ ਸ਼ੋਖ ਗ਼ਜ਼ਲ ਦਾ ਮਤਲਾ ਪਰਗਟ ਕਰਨਾ ਹੈ।

ਕਾਵਿ ਖੇਤ ਵਿੱਚ ਮਿਸਰਾ ਮਿਸਰਾ ਫ਼ਸਲ ਗ਼ਜ਼ਲ ਦੀ ਲਹਿਰਾਉਣੀ,
ਸ਼ਬਦ ਰੂਪ ਹੋ ਸਤਰ ਸਿਆੜੀਂ ਕਿਰਨਾਂ ਦਾ ਬੀਅ ਕਿਰਨਾ ਹੈ।

ਆਤਿਸ਼ ਹੈ ਤਾਸੀਰ ਉਹਦੀ ਵਿੱਚ ਵਸਤਰ ਮੇਰੇ ਬਰਫ਼ਾਂ ਦੇ,
ਬਰਫ਼ਾਂ ਦੀ ਜਿਦ ਲਟ ਲਟ ਬਲਣਾ ਅਗਨ ਕਹੇ ਮੈਂ ਠਰਨਾ ਹੈ।

“ਘਟਿ ਘਟਿ ਵਸਹਿ ਜਾਣਹਿ ਥੋਰਾ॥ ਹੈ ਕੋਈ ਸਾਜਣੁ ਪਰਦਾ ਤੋਰਾ॥”
ਹਾਂ ਜੀ ਹੈ! ਪਰ ਉਸਨੂੰ ਪੈਂਦਾ ਸੀਸ ਤਲ਼ੀ ’ਤੇ ਧਰਨਾ ਹੈ।

ਗਫਲਤ, ਗੁਰਬਤ, ਦੁਰਮਤ, ਜ਼ੁਲਮਤ, ਡਾਰ ਹੋ ਜਾਣੇ ਸ਼ਬਦਾਂ ਦੀ,
ਨੇੜ੍ਹੇ ਪਰਬਤ ਨਾਲ ਜਦੋਂ ਖਹਿ ਚਾਨਣ ਚੰਬਾ ਭੁਰਨਾ ਹੈ।

ਬਿਫਰੇ ਇਸ਼ਕ ਝਨਾਂ ਦੇ ਵਿੱਚ ਤੂੰ ਠਿੱਲ੍ਹਣ ਤੋਂ ਪਹਿਲਾਂ ਸੋਚੀਂ,
ਡਰਨਾ ਛੱਡਕੇ ਸਿੱਖ ਜਰਨਾ ਤੇ ਠਰਨਾ ਜੇਕਰ ਤਰਨਾ ਹੈ।

ਜੀਵਨ-ਮਿਰਤੂ, ਸੱਚਾ-ਝੂਠਾ, ਪੁੰਨੀ-ਪਾਪੀ, ਜਾਣਾਂ ਕੀ?
ਜ਼ਿੰਦਗੀ ਜ਼ਿੰਦਾਬਾਦ ਸਲਾਮਤ ਬਾਕੀ ਮਨ ਦਾ ਫੁਰਨਾ ਹੈ।

ਜੀਂਦੇ ਮਰਨਾ, ਮਰ ਕੇ ਜੀਣਾ, ਪਤਾ ਨਹੀਂ! ਪਰ ‘ਸਿੱਧੂ’ ਨੇ,
ਜੀਣਾ ਹੈ ਤਾਂ ਜੀਣਾ ਹੈ ਬਸ ਮਰਨਾ ਹੈ ਤਾਂ ਮਰਨਾ ਹੈ।

•

❑

ਇਹ ਸਾਹਿਤਕਾਰ ਵਿਕਿਆ ਹੈ ਤੇ ਪੱਤਰਕਾਰ ਵਿਕਿਆ ਹੈ।
ਅਜਬ ਤਹਿਜ਼ੀਬ ਦੀ ਮੰਡੀ ਭਲਾ ਕਿਰਦਾਰ ਵਿਕਿਆ ਹੈ।

ਹਰਿਕ ਸੁਰਖੀ ਲਹੂ ਲਿਬੜੀ ਲਤੀਫੇ ਰਾਜਧਾਨੀ ਦੇ,
ਇਨ੍ਹਾਂ ਹੀ ਖ਼ੂਬੀਆਂ ਸਦਕਾ ਤਾਂ ਇਹ ਅਖਬਾਰ ਵਿਕਿਆ ਹੈ।

ਦਰੋਂ ਦੁਰਕਾਰ ਕੇ ਉਹ ਯੋਗਤਾ ਪਾਲ਼ੇ ਲਿਹਾਜਾਂ ਨੂੰ,
ਪੜ੍ਹੀ ਹੋਈ ਜਵਾਨੀ ਦਾ ਇਵੇਂ ਰੁਜ਼ਗਾਰ ਵਿਕਿਆ ਹੈ।

ਕਿਤੇ ਵਾਅਦਾ ਦਿਸੇ ਨਕਲੀ ਕਿਤੇ ਲਾਰਾ ਵੀ ਹੈ ਅਸਲੀ,
ਮੇਰਾ ਇਕਰਾਰ ਵੀ ਖੋਟਾ ਤੇਰਾ ਇਨਕਾਰ ਵਿਕਿਆ ਹੈ।



ਪੜ੍ਹਾਇਆ ਪਾਠ ਮੈਨੂੰ ਜਿਸਨੇ, ਰੱਬ ਤੋਂ ਕਾਸ ਦਾ ਪਰਦਾ!
ਮੇਰਾ ਰਹਿਬਰ ਨਹੀਂ ਝੂਠਾ ਸਰ-ਏ-ਬਾਜ਼ਾਰ ਵਿਕਿਆ ਹੈ।

ਬਜ਼ੁਰਗਾਂ ਜਿਸ ਦਿਆਂ ਠੋਕਰ 'ਤੇ ਸੀ ਰੱਖਿਆ ਨਵਾਬੀ ਨੂੰ,
ਮੇਰੇ ਮੌਲਾ ਕਰੀਂ ਖ਼ੈਰਾਂ ਉਹੀ ਸਰਦਾਰ ਵਿਕਿਆ ਹੈ।

ਮਧੋਲ਼ੀ ਹਰ ਕਲੀ ਜਿਸਨੇ, ਮਰੋੜੀ ਸੀ ਹਰਿਕ ਸ਼ਾਖਾ,
ਸੁਆਗਤ ਵਾਸਤੇ ਉਸਦੇ ਗੁਲ-ਓ-ਗੁਲਜ਼ਾਰ ਵਿਕਿਆ ਹੈ।

ਫਰਿਸ਼ਤਾ ਮੌਤ ਦਾ ਅੰਤਰ ਕਰੇ ਨਾ ਰੰਗ ਨਸਲਾਂ ਦਾ,
ਵਪਾਰੀ ਦਾ ਹਰਿਕ ਥਾਂ ਫਿਰ ਵੀ ਹਰ ਹਥਿਆਰ ਵਿਕਿਆ ਹੈ।

ਵਿਕੇ ਨੇ ਲਾਲਚੀ ਨੇਤਾ ਇਹ ਵੇਚਣ ਆਬਰੂ ਅਪਣੀ,
ਹਰਾ ਉਰਵਾਰ ਆ ਵਿਕਿਆ ਤਿਰੰਗਾ ਪਾਰ ਵਿਕਿਆ ਹੈ।

ਕਿਸੇ ਨੇ ਵੇਚਿਆ ਪੁੱਤਰ ਅਸੀਂ ਡਿੱਠਾ ਕਿਤੇ ਬਾਬਲ,
ਵਿਆਹੁਣ ਵਾਸਤੇ ਧੀਆਂ ਸਣੇ ਪਰਿਵਾਰ ਵਿਕਿਆ ਹੈ।

ਵਿਦੇਸ਼ੀ ਨਾਗਰਿਕਤਾ ਲੈ ਕੇ ਮੌਜਾਂ ਮਾਣਦੇ ਲੋਕੋ,
ਨਵੇਂ ਆਏ ਜਿਹੜੇ ਪੁੱਛੋ ਕਿਵੇਂ ਘਰ ਬਾਰ ਵਿਕਿਆ ਹੈ।

ਭੁਲਾ ਕੇ ਕਿਰਤ ਦਾ ਮਾਰਗ ਸਰਾਲ਼ਾਂ ਬਣ ਗਏ ਮੋਮਨ,
ਅਡੰਬਰ ਹੋ ਰਹੇ 'ਸਿੱਧੂ' ਧਰਮ ਪਰਚਾਰ ਵਿਕਿਆ ਹੈ।

•

❑

ਵਿਵੇਕੀ ਸਾਣ ’ਤੇ ਲਾ ਕੇ ਲਵੋ ਸੰਭਾਲ ਸ਼ਬਦਾਂ ਨੂੰ।
ਕਰੋ ਹਥਿਆਰ ਹੱਲੇ ਦੇ ਬਚਾਅ ਦੀ ਢਾਲ ਸ਼ਬਦਾਂ ਨੂੰ।

ਇਹ ਮਤ ਅਹਿਰਣ, ਹਥੌੜਾ ਗਿਆਨ, ਚਲਦੇ ਨੇ ਨਿਰੰਤਰ ਹੀ,
ਤੇਰੇ ਮੱਥੇ ’ਚ ਹੈ ਜਿਹੜੀ ਘੜੇ ਟਕਸਾਲ ਸ਼ਬਦਾਂ ਨੂੰ।

ਤਜਰਬੇ, ਹਾਦਸੇ ਤੋਂ ਆਠਰੇ ਫੱਟ ਹੀ ਸਿਆਣਪ ਨੇ,
ਇਹ ਸਾਂਚੇ ਵਿੱਚ ਖਿਆਲਾਂ ਦੇ ਲਵੀਂ ਤੂੰ ਢਾਲ਼ ਸ਼ਬਦਾਂ ਨੂੰ।



ਪਸੰਦੀਦਾ ਪੜ੍ਹੋ ਪੁਸਤਕ ਸਮਾਂ ਨਾ ਵਿਹਲਿਆਂ ਬੀਤੇ,
ਨਹੀਂ ਤਾਂ ਖਾ ਲਵੇਗਾ ਲੱਗ ਕੇ ਜੰਗਾਲ ਸ਼ਬਦਾਂ ਨੂੰ।

ਇਹ ਕਿਉਂ ਪੰਜਾਬ ਨਾ ਹੋਇਆ ਭਲਾ ਸੰਸਾਰ ਦਾ ਹਾਣੀ,
ਇਦ੍ਹਾ ਕਾਰਨ ਕਿ ਮੰਨਦੇ ਹਾਂ ਅਸੀਂ ਜੰਜਾਲ ਸ਼ਬਦਾਂ ਨੂੰ।

ਹਨੇਰਾ ਫੈਲਦਾ ਜਾਵੇ, ਸਤਾਵੇ ਥੋੜ੍ਹ ਚਾਨਣ ਦੀ,
ਇਹ ਧੁੰਦੂਕਾਰ ਮਿਟ ਜਾਣਾ ਲਵੋਂ ਜੇ ਬਾਲ਼ ਸ਼ਬਦਾਂ ਨੂੰ।

ਕਿਤੇ ਮਾਪੇ ਕਿਤੇ ਦਿਲਬਰ ਕਿਤੇ ਹਮਸ਼ੀਰ ਹੋ ਜਾਂਦੇ,
ਕਦੀ ਗੋਦੀ ਖਿਡਾਉਂਦਾ ਹਾਂ ਬਣਾ ਕੇ ਬਾਲ ਸ਼ਬਦਾਂ ਨੂੰ।

ਅਜੇਹਾ ਹੈ ਇਹ ਸਰਮਾਇਆ ਜਿਦ੍ਹੀ ਚੋਰੀ ਨਹੀਂ ਹੁੰਦੀ,
ਨਾ ਜਲ ਡੋਬੇ, ਨਾ ਅੱਗ ਸਾੜੇ, ਨਾ ਪੋਹੇ ਕਾਲ਼ ਸ਼ਬਦਾਂ ਨੂੰ।

ਕਰਾਂ ਸੰਪਰਕ ਅੱਖਾਂ ਦਾ ਜਦੋਂ ਮੈਂ ਨਾਲ ਹਰਫ਼ਾਂ ਦੇ,
ਲਿਖਾਂ ਕਵਿਤਾ ਸੁਤੇ-ਸਿਧ ਹੀ ਹਵਾ ’ਚੋਂ ਭਾਲ਼ ਸ਼ਬਦਾਂ ਨੂੰ।

ਤੇਰੇ ਹੱਥ ਰਹਿਣਗੇ ਅੱਡੇ ਕਫਨ ਦੀ ਜੇਬ੍ਹ ਨਾ ਕੋਈ,
ਲਿਜਾਣਾ ਨਾਲ ਕੁੱਝ ਚਾਹਵੇਂ ਤਾਂ ਲੈ ਜਾ ਨਾਲ ਸ਼ਬਦਾਂ ਨੂੰ।

ਇਸ਼ਾਰਾ ਕਰ ਗਈ ਕੁਦਰਤ ਕਿ ‘ਸਿੱਧੂ’ ਵਕਤ ਹੈ ਥੋੜ੍ਹਾ,
ਤਦੇ ਹੀ ਮੈਂ ਰਹਾਂ ਕਰਦਾ ਸਦਾਂ ਸੁਰਤਾਲ ਸ਼ਬਦਾਂ ਨੂੰ।

•

❑

ਅੱਖਰ ਧਾਗਾ, ਸ਼ਬਦ ਕਸੀਦਾ, ਸੁਰਤੀ ਕੱਢਣ ਲੱਗ ਪੈਂਦੀ।
ਆਪ-ਮੁਹਾਰ ਗ਼ਜ਼ਲ ਇੱਕ ਦਿਲ ਦਾ ਕੋਨਾ ਮੱਲਣ ਲੱਗ ਪੈਂਦੀ।

ਤਾਰੇ, ਜੁਗਨੂੰ ਬੇਸ਼ਕ ਰਾਤਾਂ ਪੂਰਨ ਨਹੀਂ ਰੁਸ਼ਨਾਅ ਸਕਦੇ,
ਸੋਚ ਉਨ੍ਹਾਂ ਦੀ ਰੌਸ਼ਨੀਆਂ ਦੇ ਵਾਰਿਸ ਜੰਮਣ ਲੱਗ ਪੈਂਦੀ।

ਘੱਟਗਿਣਤੀ ਦੇ ਘਾਣ ਲਈ ਉਹ ਪੱਜਲ਼ ਹੋ ਕੇ ਕਹਿੰਦੇ ਨੇ,
'ਜੇਕਰ ਵੱਡਾ ਰੁੱਖ ਗਿਰੇ ਤਾਂ' ਧਰਤੀ ਕੰਬਣ ਲੱਗ ਪੈਂਦੀ।

ਮੇਰਾ ਕੁੜਤਾ ਟਾਕੀ ਵਾਲਾ ਲੀਰੋ ਲੀਰ ਪੁਸ਼ਾਕ ਤੇਰੀ,
ਦੌਲਤ ਹੈ ਪ੍ਰਦਰਸ਼ਣ ਕਰਦੀ ਗੁਰਬਤ ਕੱਜਣ ਲੱਗ ਪੈਂਦੀ।



ਕਰ ਦੁਸ਼ਵਾਰੀ ਦੀ ਅਸਵਾਰੀ ਜੇ ਤੂੰ ਛੂਹਣਾ ਅੰਬਰ ਨੂੰ,
ਹਾਰੇ ਬੰਦੇ ਨੂੰ ਦੁੱਖਾਂ ਦੀ ਮਿੱਟੀ ਦੱਬਣ ਲੱਗ ਪੈਂਦੀ।

ਪੀਰ-ਫਕੀਰਾਂ ਆਖੇ ਅਪਣਾ ਅੜੀਅਲ ਮਨ ਤਾਂ ਸਾਧ ਲਵਾਂ,
ਹੱਥ ਨਹੀਂ ਰੁਕਦੇ ਅੰਤੜੀਆਂ ਨੂੰ ਭੁੱਖ ਜਦ ਸੱਲਣ ਲੱਗ ਪੈਂਦੀ।

ਸ਼ਰਧਾ ਵੱਸ ਜਦ ਵੀ ਇਹ ਜਨਤਾ ਮੰਡੀ ਦੀ ਗਾਹਕ ਬਣਦੀ,
ਕੋਕੋਨਟ ਜਿਹੇ ਅੰਮ੍ਰਿਤ ਫਲ਼ ਵੀ, ਕੂੜੇ ਸੁੱਟਣ ਲੱਗ ਪੈਂਦੀ।

ਬਚਪਨ, ਜੋਬਨ ਫੇਰ ਬੁਢਾਪਾ ਚੱਲਣਹਾਰਾ ਜਗ ਸਾਰਾ,
ਮਘਦੇ ਸੂਰਜ 'ਚੋਂ ਤਿਰਕਾਲ਼ੀਂ ਕਾਲਖ ਉੱਗਣ ਲੱਗ ਪੈਂਦੀ।

ਹਉਮੈ ਰੋਗ ਬੜਾ ਹੈ ਦੀਰਘ ਇਸ ਵਿੱਚ ਇਸਦਾ ਦਾਰੂ ਵੀ,
ਸ਼ਬਦ ਸਹਾਰੇ ਬੁੱਧ ਵਿਵੇਕੀ ਸੰਜਮ ਭਾਲਣ ਲੱਗ ਪੈਂਦੀ।

ਜੇ ਲੇਖਕ ਦਾ ਲੀਡਰ ਤੇ ਵਿਉਪਾਰੀ ਨਾਲ ਯਰਾਨਾ ਹੈ,
ਮੂੰਹ ਖਾਵੇ ਤੇ ਅੱਖ ਸ਼ਰਮਾਵੇ ਉਲਝਣ ਉਪਜਣ ਲੱਗ ਪੈਂਦੀ।

ਤਸ਼ਬੀਹਾਂ ਤਮਸੀਲਾਂ ਨੇ ਸਭ ਸੁਰਖੀ ਬਿੰਦੀ ਗ਼ਜ਼ਲਾਂ ਦੀ,
ਬਿੰਬ ਮੁਖੌਟੇ ਹੇਠ ਹਕੀਕਤ ਅਕਸਰ ਤੜਫਣ ਲੱਗ ਪੈਂਦੀ।

ਸਿਨਫ਼ ਗ਼ਜ਼ਲ ਦੀ ਨਾਜ਼ਕ ਹੈ ਪਰ ਤੌਬਾ ਨੇ ਉਸਤਾਦ ਇਦ੍ਹੇ,
ਚਰਚਾ ਕਰਦੇ ਕਰਦੇ 'ਸਿੱਧੂ' ਹਉਮੈ ਮੁਸ਼ਕਣ ਲੱਗ ਪੈਂਦੀ।

•

❑

ਜੁਗਨੂੰਆਂ ਤੇ ਦੀਵਿਆਂ ਨੇ ਰੌਸ਼ਨਾਇਆ ਰਾਤ ਨੂੰ।
ਪੀ ਗਿਆ ਸੂਰਜ ਉਨ੍ਹਾਂ ਦਾ ਚਾਨਣਾ ਪ੍ਰਭਾਤ ਨੂੰ।

ਤਰਕ ਦਾ ਮੁੱਲ ਤਖਤ ਨਿਸਚਿਤ ਸੀ ਉਦੋਂ ਹੀ ਕਰ ਗਿਆ,
ਵਿਸ਼-ਕਟੋਰਾ ਪੈ ਗਿਆ ਪੀਣਾ ਜਦੋਂ ਸੁਕਰਾਤ ਨੂੰ।

ਅਕਸ ਹਰ ਪਲ ਰੂਪ ਬਦਲੇ ਅਸਲ ਅਪਣੀ ਥਾਂ ਖੜ੍ਹਾ,
ਤੂੰ ਬਦਲ ਕੇ ਹੈਸੀਅਤ ਕਿਉਂ ਘੂਰਦੈਂ ਔਕਾਤ ਨੂੰ।



ਸ਼ੁਹਰਤਾਂ, ਹੀਰੇ, ਜਵਾਹਰ, ਲੋੜਵੰਦਾਂ ਸੀ ਚੁਣੇ,
ਗਹਿ ਲਿਆ ਬਗਲੀ ਮੇਰੀ ਨੇ ਸੁਖਨ ਦੀ ਸੌਗਾਤ ਨੂੰ।

ਦਾਲ ਆਟਾ ਭੀਖ ਦੇ ਕੇ ਖੋਹ ਮੇਰਾ ਸਵੈਮਾਣ ਨਾ,
ਹਾਕਮਾ ਠੋਕਰ ’ਤੇ ਰੱਖਦੀ ਕਿਰਤ ਹੈ ਖ਼ੈਰਾਤ ਨੂੰ।

ਤੈਰਨਾ ਸਿੱਖੇ ਬਿਨਾਂ ਮੈਂ ਸਾਗਰਾਂ ਵਿੱਚ ਠਿੱਲ੍ਹ ਪਿਆ,
ਦੋਸ਼ ਦੇਵਾਂ ਕਿਉਂ ਭਲਾ ਹੁਣ ਸੂਰਤ-ਏ-ਹਾਲਾਤ ਨੂੰ।

ਹਰਫ਼ ਤੋਂ ਸੂਖਮ ਪਸਾਰਾ ਹੋਰ ਕੀ ਬ੍ਰਹਿਮੰਡ ਵਿੱਚ,
ਕਾਵਿ ਬਣਕੇ ਲੰਘ ਜਾਣਾ ਮੈਂ ਤਾਂ ਪੁਲਸਾਰਾਤ ਨੂੰ।

ਰਾਕਸ਼ਾਂ ਉਪਦੇਸ਼ ਤੇਰਾ ਸੁਣ ਕਮਾਇਆ ਨਾਨਕਾ,
ਚੂੰਡਦੇ ਭਾਗੋ ਅਜੇ ਵੀ ਲਾਲੋਆਂ ਦੀ ਜ਼ਾਤ ਨੂੰ।

ਮੇਲ਼ ਹੋਇਆ ਹੈ ਜਦੋਂ ਵੀ ਸ਼ਬਦ ਤੇ ਅਹਿਸਾਸ ਦਾ,
ਪਾਰ ਲੰਘੀ ਹੈ ਇਹ ਸ਼ਕਤੀ ਚੀਰ ਕੇ ਇਸਪਾਤ ਨੂੰ।

ਜੀਭ ਦੀ ਥਾਂ ਸ਼ਬਦ ਨੱਚਦੇ ਆਣਕੇ ਸਕਰੀਨ ’ਤੇ,
ਜਾਪਦੈ ਪੀੜ੍ਹੀ ਅਜੋਕੀ ਭੁੱਲ ਗਈ ਗੱਲਬਾਤ ਨੂੰ।

ਲੈ ਪਹਾੜਾਂ ’ਚੋਂ ਰਿਹਾਈ ਝੀਲ ਬਣ ਝਰਨਾ ਤੁਰੀ,
ਵਲਗਣਾਂ ਨੂੰ ਤੋੜ ‘ਸਿੱਧੂ’ ਵਹਿਣ ਦੇ ਜਜ਼ਬਾਤ ਨੂੰ।
•

❑

ਸੁੱਕਾ ਸਰਵਰ, ਪੀਲੇ ਪੱਤਰ, ਸੁੰਨ-ਮ-ਸੁੰਨੀ ਡਾਲ ਦਿਸੇ।
ਪਰਵਿਰਤਣ ਦੇ ਰਾਹ ਨਵਜੀਵਨ ਤੁਰਦਾ ਅਪਣੀ ਚਾਲ ਦਿਸੇ।

ਸ਼ਬਦ ਤਲਾਸ਼ਣ ਫੇਰ ਤਰਾਸ਼ਣ ਸਾਂਚੇ ਪਾ ਕੇ ਸਤਰਾਂ ਦੇ,
ਮੈਨੂੰ ਹਰ ਇੱਕ ਸ਼ਾਇਰ ਅੰਦਰ ਸ਼ਬਦਾਂ ਦੀ ਟਕਸਾਲ ਦਿਸੇ।

ਕਾਗਜ਼ ਦੀ ਰਣਭੂਮੀ ਉੱਪਰ ਲੜਦੇ ਜੰਗ ਵਿਚਾਰਾਂ ਦੀ,
ਹਰ ਸ਼ਾਇਰ ਦੀ ਕਾਨੀ ਸ਼ਸਤਰ, ਤੇਜ਼ ਤਖਈਅਲ ਢਾਲ਼ ਦਿਸੇ।



ਉਠਤ, ਬੈਠਤ, ਸੋਵਤ, ਜਾਗਤ, ਹਰਫ਼ ਮੇਰੇ ਹਮਸਾਏ ਨੇ,
ਸਾਹਾਂ ਦੇ ਵਿੱਚ ਘੁਲ਼ਕੇ ਚਲਦੀ ਕਵਿਤਾ ਨਾਲੋ ਨਾਲ਼ ਦਿਸੇ।

ਔਰਤ ਨੂੰ ਕਮਜ਼ੋਰ ਸਮਝ ਨਾ ਬਦਲ ਨਜ਼ਰੀਆ ਅਪਣਾ ਤੂੰ,
ਤੈਨੂੰ ਡਾਰ ਕੂੰਜਾਂ ਦੀ ਮੈਨੂੰ ਸ਼ੇਰਨੀਆਂ ਦੀ ਪਾਲ਼ ਦਿਸੇ।

"ਮਾਂ ਵਾਰੀ, ਮਾਂ ਸਦਕੇ" ਕਹਿ ਕੇ ਲੈ ਲਏ ਅੱਲ ਬਲ਼ਾਵਾਂ ਨੂੰ,
ਬੁੱਢੀ ਮਾਂ ਨੂੰ ਮੇਰੇ ਵਿੱਚੋਂ ਅੱਜ ਵੀ ਨਟਖਟ ਬਾਲ ਦਿਸੇ।

ਤੇਰੀ ਫਸਲ ਸਮੇਂ ਕਿਰਸਾਨਾਂ ਕੀਮਤ ਗਰਕ ਪਤਾਲ ਗਈ,
ਜਿਣਸ ਗੁਦਾਮੀਂ ਪਹੁੰਚ ਗਈ ਤਾਂ ਮੰਡੀ ਵਿੱਚ ਉਛਾਲ ਦਿਸੇ।

ਸੜਦੀ ਪਗੜੀ, ਬੇਪਤ ਚੁੰਨੀ, ਢੇਰ ਲਾਵਾਰਿਸ ਲਾਸ਼ਾਂ ਦੇ,
ਭਾਰਤ ਮਾਂ ਦੇ ਮੱਥੇ ਖ਼ੂਨੀ ਤਿਲਕ ਚੁਰਾਸੀ ਸਾਲ ਦਿਸੇ।

ਬਸਤੀ ਬਸਤੀ ਰੋਮ ਬਣੀ ਹੁਣ ਰਾਜੇ ਵਾਰਿਸ ਨੀਰੋ ਦੇ,
ਮਿੱਠੀ ਵੰਝਲੀ ਤਾਂਡਵ ਕਰਦੀ ਹੋ ਪੂਰੀ ਸੁਰਤਾਲ ਦਿਸੇ।

ਅੱਜ ਕੱਲ੍ਹ ਚਾਰੇ ਪਾਸੇ ਝੱਖੜ ਝੁੱਲਦਾ ਸੱਜੇ ਪੱਖੀਆਂ ਦਾ,
ਇਸ ਵਰਤਾਰੇ 'ਚੋਂ 'ਸਿੱਧੂ' ਨੂੰ ਕਾਲ਼ ਵਿਛਾਉਂਦਾ ਜਾਲ਼ ਦਿਸੇ।

•

❑

ਕਰੋੜਾਂ ਜਲਕਣਾਂ ਭਰਿਆ ਅਕਾਸ਼ੀਂ ਮੇਘਲਾ ਤੁਰਦਾ।
ਕਵੀ ਦੇ ਨਾਲ ਕਵਿਤਾਵਾਂ ਦਾ ਨੂਰੀ ਕਾਫਲਾ ਤੁਰਦਾ।

ਸੁਬ੍ਹਾ ਮੇਰੀ ਦੇ ਪਿੰਡੇ 'ਤੇ ਫਫੋਲੇ ਸ਼ਾਮ ਧੁਖਦੀ ਦੇ,
ਦਿਨੇ ਮੈਂ ਸੂਰਜਾਂ ਦੇ ਨਾਲ਼ ਫਿਰ ਵੀ ਸ਼ਰਤ ਲਾ ਤੁਰਦਾ।

ਜ਼ਰੂਰਤ ਹੈ ਇਹਨੂੰ ਰੁਜ਼ਗਾਰ ਦੀ, ਤਾਂਹੀ ਤਾਂ ਕੰਨੋਂ ਲਹਿ,
ਖੁਦਾਇਆ ਘੁੰਗਰੂ ਬਣ ਜਾਣ ਲਈ ਹੈ ਕੋਕਲਾ ਤੁਰਦਾ।



ਸਫੀਨਾ ਡੋਬ ਦੇਣਾ ਸੀ ਮਲਾਹਾਂ ਚਾਤਰਾਂ ਮੇਰਾ,
ਕਿਨਾਰੇ ਲੌਣ ਲਈ ਜੇਕਰ ਨਾ ਅਹਿਮਕ ਜ਼ਲਜ਼ਲਾ ਤੁਰਦਾ।

ਉਹ ਪਾਣੀ ਦੀ ਸਤ੍ਹਾ ਉੱਤੇ ਹੈ ਲੜਦਾ ਜੰਗ ਜੀਵਨ ਦੀ,
ਨਿਰੰਤਰ ਚੋਟ ਲਹਿਰਾਂ ਦੀ ਤੋਂ ਬਚ-ਬਚ ਬੁਲਬੁਲਾ ਤੁਰਦਾ।

ਉਦੋਂ ਕੌਮੀ ਜਾਂ ਪਰਿਵਾਰਿਕ ਭਲੇ ਦੀ ਆਸ ਨਾ ਹੁੰਦੀ,
ਜਦੋਂ ਇੱਕ ਰਾਹਦਸੇਰਾ ਹੋ ਰਤਾ ਵੀ ਘੇਸਲਾ ਤੁਰਦਾ।

ਬੁਰਾ ਸੋਚੇ ਕਿਸੇ ਦਾ ਨਾ ਉਹ ਬੰਦਾ ਖਾਬ ਦੇ ਵਿੱਚ ਵੀ,
ਜੋ ਮਨ ਵਿੱਚ ਧਾਰਕੇ ਹੈ "ਕਰ ਭਲਾ ਤਾਂ ਹੋ ਭਲਾ" ਤੁਰਦਾ।

ਮਦਾਰੀ ਵਾਂਗ ਜਦ ਬੰਦੇ ਨਚਾਉਂਦੀ ਮਿਰਗ ਤ੍ਰਿਸ਼ਨਾ ਤਾਂ,
ਉਨ੍ਹਾਂ ਨੂੰ ਜਾਪਦਾ ਪਾਣੀ ਬਵੰਡਰ ਰੇਤਲਾ ਤੁਰਦਾ।

ਇਹ ਅਦਬੀ ਮਹਿਫਲਾਂ ਅੰਦਰ ਮੈਂ ਊਣਾ ਤੇ ਉਹ ਪੂਰਾ ਹੈ,
ਉਹ ਫਿਰ ਕਿਉਂ ਤਿਲਮਿਲਾ ਉੱਠਦਾ ਤੇ ਮੈਂ ਹਾਂ ਝਿਲਮਿਲਾ ਤੁਰਦਾ।

ਕਿਵੇਂ ਬੁੱਝਾਂ ਉਦ੍ਹੀ ਹਾਂ ਹੈ ਕਿ ਨਾਂਹ ਕੁੱਝ ਸਮਝ ਨਾ ਆਵੇ,
ਕਦੀ ਸੱਜੇ, ਕਦੀ ਖੱਬੇ ਉਹ ਝੱਲਾ ਸਿਰ ਹਿਲਾ ਤੁਰਦਾ।

ਥਕੇਵਾਂ ਹੋਣ 'ਤੇ ਚੁੱਪ-ਚਾਪ ਨਾ ਬਹਿ ਗੀਤ ਗਾਉਂਦਾ ਰਹੁ,
ਇਹ ਨਗਮਾ ਹਮਸਫ਼ਰ ਬਣਕੇ ਰਹੇਗਾ ਐ ਦਿਲਾ ਤੁਰਦਾ।
•

❑
ਬਾਹਰ ਮੇਲੇ ਰੌਣਕਾਂ ਅੰਦਰ ਸੁੰਨ-ਮਸਾਣ।
ਜੀਂਦੇ ਜੀਅ ਕਿਉਂ ਆਪਣਾ ਮਨ ਕੀਤਾ ਜੀਰਾਣ।

ਦਿਲ ਦਰਵਾਜ਼ੇ ਰਹਿਣ ਦੇ ਮਾੜੀ ਮੋਟੀ ਕਾਣ,
ਸ਼ਾਇਦ ਮਿੱਠੇ ਬੋਲ ਕੁੱਝ, ਵਿਰਲਾਂ 'ਚੋਂ ਆ ਜਾਣ।

ਕੜਕ ਵਜਾਵੇ ਦਾਮਨੀ ਮੇਘਾਂ ਦਾ ਮ੍ਰਿਦੰਗ,
ਪੌਣਾਂ ਛੇੜੀ ਰਾਗਣੀ ਬੂਹੇ ਉੱਤੇ ਆਣ।



ਮਸਤੀ ਵਿੱਚ ਹੈ ਝੂਮਦੀ ਕੁਦਰਤ ਰਾਣੀ ਦੇਖ,
ਜੀ ਆਇਆਂ ਨੂੰ ਆਖਦੀ ਫੁੱਲਾਂ ਲੱਦੀ ਟਾਹਣ।

ਅੰਦਰ ਬੁੱਸੀ ਜਾ ਰਿਹੈਂ ਬਾਹਰ ਵੱਲ ਵੀ ਝਾਕ,
ਦਰ ਤੇਰੇ 'ਤੇ ਆਣਕੇ ਪੰਛੀ ਨਗਮੇ ਗਾਣ।

ਥੰਮ ਜਾਂਦਾ ਹੈ ਵਕਤ ਵੀ ਧਰਤ ਗਤੀ ਦੇ ਨਾਲ,
ਬਹਿੰਦਾ ਹੈ ਆਗੋਸ਼ ਵਿੱਚ ਜਦ ਹਾਣੀ ਦੇ ਹਾਣ।

ਸ਼ਬਦਾਂ ਦਾ ਛੱਡ ਸਾਥ ਨਾ ਭੁੱਲੇ ਵਿੱਸਰੇ ਟੋਲ੍ਹ,
ਕਵਿਤਾ ਵਿੱਚ ਹਰ ਸ਼ਬਦ ਨੂੰ ਦੇਵੀਂ ਬਣਦਾ ਮਾਣ।

ਸੁੱਤੇ ਸ਼ਬਦ ਨੂੰ ਕਲਮ ਦੇ ਚੁੰਮਣ ਨਾਲ ਉਠਾਲ,
ਸੌਣ ਨਾ ਦੇਣੇ ਫੇਰ ਇਹ ਮਨ ਅਪਣੇ ਵਿੱਚ ਠਾਣ।

ਵੱਖਰਾ ਇਦ੍ਹਾ ਮੁਹਾਵਰਾ ਵੱਖਰੀ ਇਸਦੀ ਚਾਲ,
ਪੰਜਾਬੀ ਦੀ ਜਗਤ ਵਿੱਚ ਤਾਂ ਹੀ ਅੱਡ ਪਛਾਣ।

ਮਹਿਫਲ ਮਹਿਫਲ ਜਾ ਚੁਗਾਂ ਬੀਜਣ ਸੁਖਨ ਅਦੀਬ,
'ਸਿੱਧੂ' ਅਦਬੀ ਲੋਕ ਹੀ ਸ਼ਬਦਾਂ ਦੀ ਨੇ ਖਾਣ।
•

❑

"ਪੁਰਾਬ ਖਾਮ ਕੂਜੈ" ਵਰਗੀ ਇਹ ਜ਼ਿੰਦਗੀ।
ਉਧਾਰ ਸਵਾਸ ਸਮਝੇ ਨਕਦੀ ਇਹ ਜ਼ਿੰਦਗੀ।

ਨਾ ਝੀਲ ਨਾ ਸਰੋਵਰ ਦੇ ਵਾਂਗ ਹੈ ਰੁਕੀ,
ਕਿ ਝਰਨਿਆਂ ਦੇ ਵਾਂਗੂੰ ਝਰਦੀ ਇਹ ਜ਼ਿੰਦਗੀ।

ਨਦੀ ਜਿਵੇਂ ਤੁਰੀ ਇੱਕ ਸਾਗਰ ਮਿਲਾਪ ਨੂੰ,
ਬਿਨਾ ਰੁਕੇ ਨਿਰੰਤਰ ਚਲਦੀ ਇਹ ਜ਼ਿੰਦਗੀ।



ਸਿਆਣਪਾਂ ਲਿਆਕਤ ਚੋਟਾਂ ਬਗੈਰ ਨਾ,
ਕਿ ਹਾਦਸਾਤ ਕੋਲ਼ੋਂ ਸਿੱਖਦੀ ਇਹ ਜ਼ਿੰਦਗੀ।

ਸਿਧਾਂਤ ਇੱਕ ਅਟਲ ਹੈ ਉਪਜੇ ਨੇ ਬਿਨਸਣਾ,
ਗੁਲਾਮ ਹੋ ਉਸੇ ਰਾਹ ਤੁਰਦੀ ਇਹ ਜ਼ਿੰਦਗੀ।

ਮਧੁਰ ਮਿਲਨ ਮਲਕ ਉਲ ਕਰਦਾ ਆ ਮਲਕੜੇ,
ਮਚਕ ਮਚਕ ਮਟਕਦੀ ਮਿਲਦੀ ਇਹ ਜ਼ਿੰਦਗੀ।

ਪਿਤਾ ਇਹ ਨੀਰ ਸਾਡਾ ਮਾਤਾ ਇਹ ਧਰਤ ਹੈ,
ਪਵਨ ਗੁਰੂ ਸਹਾਰੇ ਪਲ਼ਦੀ ਇਹ ਜ਼ਿੰਦਗੀ।

ਸਲਾਮ ਦੂਰ ਤੋਂ ਹੀ ਸ਼ੁਹਰਤ ਨੂੰ ਮੈਂ ਕਹੀ,
ਕਲਮ ਤੇ ਕਾਵਿ ਸਦਕਾ ਫਲ਼ਦੀ ਇਹ ਜ਼ਿੰਦਗੀ।

ਵਧੀਕ ਭਾਰ ਲਾਹ ਕੇ ਰਿਸ਼ਤੇ ਹਰੇਕ ਦਾ,
ਵਿਵੇਕ ਰਾਹ ਅਖੀਰੀ ਚੁਣਦੀ ਇਹ ਜ਼ਿੰਦਗੀ।

ਗੁਲਾਮ ਬਹਿਰ ਦੀ ਨਾ ਕਰ ਲਈਂ ਗ਼ਜ਼ਲ ਕਿਤੇ,
ਖਿਆਲ ਵਿੱਚ ਗ਼ਜ਼ਲ ਦੇ ਵਸਦੀ ਇਹ ਜ਼ਿੰਦਗੀ।

ਇਹ ਸ਼ਬਦ ਸ਼ਬਦ ਪੜ੍ਹ ਲੈ 'ਸਿੱਧੂ' ਤੂੰ ਏਸ ਦਾ,
ਕਿ ਹਰਫ਼ ਹਰਫ਼ ਹੋ ਫਿਰ ਕਿਰਦੀ ਇਹ ਜ਼ਿੰਦਗੀ।

•

❑

ਲਹੂ ਪੰਜਾਬ ਦੇ ਕੋਲੋਂ ਬਗ਼ਾਵਤ ਛੱਡ ਨਹੀਂ ਹੁੰਦੀ।
ਬੜੇ ਬਦਲੇ ਅਸੀਂ ਭਾਵੇਂ ਇਹ ਆਦਤ ਛੱਡ ਨਹੀਂ ਹੁੰਦੀ।

ਨਾ ਭੁਰਦੀ ਹੈ ਨਾ ਖੁਰਦੀ ਹੈ ਮੇਰੇ ਪੰਜਾਬ ਦੀ ਮਿੱਟੀ,
ਇਦ੍ਹੇ ਤੋਂ ਏਸਦੀ ਜਾਂਬਾਜ਼ ਖਸਲਤ ਛੱਡ ਨਹੀਂ ਹੁੰਦੀ।

ਤੂੰ ਵਾਹ ਦੱਬ ਕੇ ਤੇ ਖਾਹ ਰੱਜ ਕੇ ਇਹ ਪੱਲੇ ਬੰਨ੍ਹ ਕੇ ਨਿਕਲੇ ਹਾਂ,
ਇਹ ਮਦਿਰਾ ਵੀ ਜੋ ਹੈ ਬੇਸ਼ਕ ਵਿਵਰਜਿਤ ਛੱਡ ਨਹੀਂ ਹੁੰਦੀ।



ਦਿਨੇ ਰਾਤੀਂ ਸੁਬ੍ਹਾ ਸ਼ਾਮੀ ਹਰਿਕ ਵੇਲੇ ਐ ਰੱਬ ਤੇਰੀ,
ਅਸਰ ਅੰਦਾਜ਼ ਹੈ ਜਾਂ ਨਹੀਂ ਇਬਾਦਤ ਛੱਡ ਨਹੀਂ ਹੁੰਦੀ।

ਘਰੋਂ ਬੇਘਰ ਅਸੀਂ ਹੋਏ ਇਹ ਹਾਕਮ ਦੇ ਨੇ ਹੱਥਕੰਡੇ,
ਵਿਛੜ ਪੰਜਾਬ ਤੋਂ ਉਸਦੀ ਮੁਹੱਬਤ ਛੱਡ ਨਹੀਂ ਹੁੰਦੀ।

ਗੁਲਾਮੀ ਜਗਦਿਖਾਵੇ ਦੀ ਰਿਹਾ ਕਰ ਮਾਸ਼ਰਾ ਸਾਡਾ,
ਰਫਾਕਤ ਹੈ ਪੁਰਾਣੀ ਤਾਂ ਅਲਾਮਤ ਛੱਡ ਨਹੀਂ ਹੁੰਦੀ।

ਕਰੇਂ ਬਦਨਾਮ ਤੂੰ ਮੈਨੂੰ ਹਰਿਕ ਥਾਂ ’ਤੇ ਮਗਰ ਮੈਥੋਂ,
ਮੇਰੀ ਖਸਲਤ ਮੇਰੀ ਫਿਤਰਤ ਸ਼ਰਾਫਤ ਛੱਡ ਨਹੀਂ ਹੁੰਦੀ।

ਗੁਰੂਘਰ, ਕਾਰਪੋਰੇਸ਼ਨ ਤੇ ਜਾਂ ਲੇਖਕ ਸਭਾਵਾਂ ਵਿੱਚ,
ਸਦਾਕਤ ਟੰਗੀਏ ਛਿੱਕੇ ਸਦਾਰਤ ਛੱਡ ਨਹੀਂ ਹੁੰਦੀ।

ਇਹ ਸ਼ੁਭਚਿੰਤਕ ਮੇਰੇ ਆਖਣ ਤਰੰਨਮ ਵਿੱਚ ਨਾ ਪੜ੍ਹ ਗ਼ਜ਼ਲਾਂ,
ਖੁਦਾ ਬਖਸ਼ੇ ਪਤਾ ਨਹੀਂ ਕਿਉਂ ਹਿਮਾਕਤ ਛੱਡ ਨਹੀਂ ਹੁੰਦੀ।

ਜਿਹਦੇ ਛੜਯੰਤਰਾਂ ਸਦਕਾ ਉਹ ਦੇਸੀ ਵੀ ਵਿਦੇਸ਼ੀ ਹੈ,
ਕਨੇਡਾ ਵਿੱਚ ਵੀ ‘ਸਿੱਧੂ’ ਤੋਂ ਸਿਆਸਤ ਛੱਡ ਨਹੀਂ ਹੁੰਦੀ।

•

❑

ਅਨਾਹਦ ਨਾਦ ਰੁੱਖਾਂ ਦਾ ਉਨ੍ਹਾਂ ਦੇ ਕੋਲ ਜਾ ਕੇ ਸੁਣ।
ਮੈਂ ਦਿਲ ਨੂੰ ਜੀਭ ਲਾ ਬੋਲਾਂ ਤੂੰ ਦਿਲ ਨੂੰ ਕੰਨ ਲਾ ਕੇ ਸੁਣ।

ਪਰ੍ਹੇ ਭਗਵਾਨ ਜਾ ਖੜ੍ਹਿਆ ਫਿਰੇ ਸ਼ੈਤਾਨ ਵੀ ਡਰਿਆ,
ਸਲ੍ਹਾਬੇ ਚੁੱਲ੍ਹਿਆਂ ’ਚੋਂ ਚਾਂਭੜੀ ਭੁੱਖ ਦੇ ਠਹਾਕੇ ਸੁਣ।

ਤੇਰਾ ਰੌਲ਼ਾ ਸਤਾਉਂਦਾ ਹੈ ਤੇ ਭੁੱਖ ਦੇ ਜਿੰਨ ਜਗਾਉਂਦਾ ਹੈ,
ਦਿਹਾੜੀਦਾਰ ਬੰਦੇ ਦੀ ਕਹਾਣੀ ਟਿਕ-ਟਿਕਾ ਕੇ ਸੁਣ।



ਇਹ ਪੂਜਾ ਪਾਠ ਦੇ ਰੌਲ਼ੇ ਕਦੀ ਤੂੰ ਸ਼ਬਦ ਨਾ ਗੌਲ਼ੇ,
ਓ ਧਰਮੀ ਬੰਦਿਆ ਬਾਣੀ ਨੂੰ ਖ਼ੁਦ ਹੀ ਗੁਣਗੁਣਾ ਕੇ ਸੁਣ।

ਅਜਾਦੀ ਦਾ ਹੈ ਕੀ ਮਾਅਨਾ ਜੇ ਸੁਣਿਆਂ ਤੂੰ ਅਜੇ ਤੱਕ ਨਾ,
ਪਰਾਂ ਦੀ ਫੜਫੜਾਹਟ ਨੂੰ ਜਰਾ ਪੰਛੀ ਉਡਾ ਕੇ ਸੁਣ।

ਉਹ ਰੱਬੀ ਗੀਤ ਕੀ ਹੁੰਦੈ ਤੇ ਸੁਰ ਸੰਗੀਤ ਕੀ ਹੁੰਦੈ,
ਤੂੰ ਭੁੱਖੇ ਡੁਸਕਦੇ ਇੱਕ ਬਾਲ ਰੋਂਦੇ ਨੂੰ ਹਸਾ ਕੇ ਸੁਣ।

ਮੁਹੱਬਤ ਦੇ ਤਰਾਨੇ ਨੂੰ ਮਨੁੱਖਤਾ ਦੇ ਫਸਾਨੇ ਨੂੰ,
ਜੇ ਸੁਣਨਾ ਹੈ ਤਾਂ ਨਫਰਤ ਦੀ ਉਸਾਰੀ ਕੰਧ ਢਾਹ ਕੇ ਸੁਣ।

ਕਦੀ ਟੁੱਟੇ ਨਾ ਦਿਲ ਜੁੜਦੇ ਉਹਨੂੰ ਆਖੋ ਇਹ ਜੋ ਸੋਚੇ,
ਕਿ ਜਾ ਕੇ ਫੇਰ ਖਿਦਰਾਣੇ ਉਹ ਬੇਦਾਵਾ ਪੜ੍ਹਾ ਕੇ ਸੁਣ।

ਕਰੇ ਇਨਸਾਫ ਇਉਂ ਹਾਕਮ, ਜਿਵੇਂ ਪੀੜਤ ਹੀ ਹੈ ਮੁਜਰਿਮ,
ਤੂੰ ਕਤਲੇਆਮ ਪਿੱਛੋਂ ਵਿਲਕਦੇ ਬੀਤੇ ਦਹਾਕੇ ਸੁਣ।

ਇਹ ਪਤਨੀ ਧਰਮ ਪਤਨੀ ਨਹੀਂ ਸਗੋਂ ਅਰਧਾਂਗਣੀ ਤੇਰੀ,
ਇਦ੍ਹੇ ਬਿਨ ਅਰਧ ਤੂੰ ‘ਸਿੱਧੂ’, ਇਹਨੂੰ ਦਿਲ ਵਿੱਚ ਬਿਠਾ ਕੇ ਸੁਣ।
•

❑

ਗੁਰੂ ਨਾਨਕ ਨੂੰ ਕਾਦਰ ਲਿਖ ਤੇਰੀ ਮਰਜ਼ੀ ਤੂੰ ਰਹਿਬਰ ਲਿਖ।
ਕਲਮ ਵਿੱਚ ਜੋਰ ਭਰ ਕਵੀਆ ਤੂੰ ਬਾਬਰ ਨੂੰ ਤਾਂ ਜਾਬਰ ਲਿਖ।

ਇਰਾਦੇ ਤਾੜ ਹਾਕਮ ਦੇ ਕਸੀਦੇ ਪਾੜ ਹਾਕਮ ਦੇ,
ਕਿਸੇ ਨੂੰ ਵੀ ਡਰਾਵੀਂ ਨਾ ਤੇ ਖੁਦ ਵੀ ਹੋ ਸੁਤੰਤਰ ਲਿਖ।

ਪਜੇਬਾਂ ਹਾਰ ਤੇ ਗਜਰਾ ਲਿਖੀਂ ਤੂੰ ਮਾਂਗ ਤੇ ਕਜਰਾ,
ਬਣੀ ਮਜਬੂਰ ਹੋ ਜੋ ਜੇਵੜੀ ਓਹ ਵੀ ਤਾਂ ਝਾਂਜਰ ਲਿਖ।



ਜੋ ਛੱਡਦਾ ਮਾਣ ਕੇ ਇਸ਼ਰਤ ਓਹਦੀ ਹਰ ਇੱਕ ਜਗ੍ਹਾ ਉਸਤਤ,
ਹਰਿਕ ਵੇਲੇ ਜੋ ਗੁਰਬਤ ਵਿੱਚ ਸਬਰ ਰੱਖੇ ਉਹ ਸਾਬਰ ਲਿਖ।

ਉਹਦੇ ਚਾਵਾਂ ’ਤੇ ਤਣਦੀ ਹੈ ਕਫ਼ਨ ਜੀਂਦੇ ਜੀਅ ਬਣਦੀ ਹੈ,
ਰਜ਼ਾਮੰਦੀ ਬਿਨਾਂ ਵਿਧਵਾ ’ਤੇ ਪੈਂਦੀ ਹੈ ਜੋ ਚਾਦਰ ਲਿਖ।

ਮੈਂ ਕੌੜਾ ਨਿੰਮ, ਧਤੂਰਾ, ਅੱਕ, ਤੂੰ ਮੈਨੂੰ ਕਹਿਣ ਤੋਂ ਨਾ ਜੱਕ,
ਦਵੇ ਠੰਢਕ ਹਮੇਸ਼ਾ ਜੋ ਤੂੰ ਉਸਨੂੰ ਤਾਂ ਮਲਾਗਰ ਲਿਖ।

ਤਰੀਕਾਂ ਜੋ ਕਲੰਕਤ ਸਭ ਅਸਾਡੇ ਦਿਲ ’ਤੇ ਅੰਕਤ ਸਭ,
ਗ਼ਜ਼ਲਕਾਰਾ ਗ਼ਜ਼ਲ ਅੰਦਰ ਚੁਰਾਸੀ ਦਾ ਨਵੰਬਰ ਲਿਖ।

ਇਹ ਜਾਤੀਵਾਦ ਹੈ ਅਜਗਰ ਇਦ੍ਹੇ ਕੁੰਡਲ ਨੇ ਤਾਕਤਵਰ,
ਰਿਸ਼ੀ ਸ਼ੰਭੂਕ ਦੀ ਗਾਥਾ ’ਚੋਂ ਓਹ ਨਸਲੀ ਅਡੰਬਰ ਲਿਖ।

ਬੜੇ ਨੇ ਧਰਤੀਆਂ ਅੰਬਰ ਬੜੇ ਪਾਤਾਲ ਤੇ ਸਾਗਰ,
ਤੂੰ ਇੱਕ ਹਿੰਮਤੀ ਉਡਾਰੀ ਦੀ ਇਹ ਸੀਮਾ ਹੁਣ ਨਾ ਅੰਬਰ ਲਿਖ।

ਸਿਆਸਤ ਦੀ ਬਸੰਤਰ ਵਿੱਚ ਅਖੌਤੀ ਲੋਕਤੰਤਰ ਵਿੱਚ,
ਤੂੰ ਸਾਖਰ ਹੋ ਵਿਚਰ ‘ਸਿੱਧੂ’ ਹਰਿਕ ਮੱਥੇ ’ਤੇ ਅੱਖਰ ਲਿਖ।

•

❑
ਜ਼ੁਲਮ ਕਰਕੇ ਸੋਚ ਨਾ ਤੂੰ ਮੈਂ ਤੇਰੇ ਤੋਂ ਡਰ ਗਿਆ।
ਹੁਣ ਤਾਂ ਮੇਰੀ ਜ਼ਿੰਦਗੀ 'ਚੋਂ ਮਰਨ ਦਾ ਡਰ ਮਰ ਗਿਆ।

ਦਾਲ਼ ਆਟਾ ਭੀਖ ਨਾ ਮੰਗ ਹੋ ਕੇ ਸਾਖਰ ਹੱਕ ਲਵੀਂ,
ਸ਼ੇਰ ਵੀ ਕਰਦਾ ਗੁਲਾਮੀ ਹੋ ਜਦੋਂ ਨਿਰਭਰ ਗਿਆ।

ਫਿਕਰ ਨਾ ਕਰ ਹਰ ਘੜਾ ਹੀ ਊਣ ਭੂਣਾ ਛਲਕਦਾ,
ਟਿਕ ਟਿਕਾ ਮੈਂ ਬੈਠ ਜਾਣਾ ਸ਼ਬਦ ਜਲ ਜਦ ਭਰ ਗਿਆ।



ਫਿਤਰਤਾਂ ਦੀ ਖੇਡ ਹੈ ਬਸ ਉਸ ਘੜੇ ਸਿਰ ਦੋਸ਼ ਕਿਉਂ?
ਸੀ ਉਹ ਕੱਚਾ! ਆਪਣੀ ਫਿਤਰਤ ਮੁਤਾਬਕ ਖਰ ਗਿਆ।

ਫੈਸਲਾ ਹੈ ਮਾਅਸ਼ਰੇ ਦਾ ਰੱਖ ਸਰੀਰਕ ਫਾਸਲਾ,
ਕਰ ਸਕੇ ਦੁਸ਼ਮਣ ਵੀ ਨਾ ਜੋ ਇੱਕ ਜਿਵਾਣੂ ਕਰ ਗਿਆ।

ਖੁਦ ਬ ਖੁਦ ਹੀ ਟੁੱਟ ਗਈ ਸਹੁੰ ਸੱਤ ਜਨਮ ਦੇ ਸਾਥ ਦੀ,
ਜਦ ਕਰੋਨੇ ਦੇ ਡਰੋਂ ਸੀ ਹੋ ਅਲਗ ਬਿਸਤਰ ਗਿਆ।

ਘਨਹਰਾਂ ਨੇ ਸਰਵਰਾਂ ਦਾ ਪੱਖ ਸਦਾ ਹੀ ਪੂਰਿਆ,
ਇੱਕ ਸਵਾਂਤੀ ਬੂੰਦ ਲਈ ਮੈਂ ਤਰਸਦਾ ਹੀ ਮਰ ਗਿਆ।

ਖੌਫ ਤੇ ਮੋਹ ਦੇ ਵਿਚਾਲ਼ੇ ਚਲ ਪਈ ਇੱਕ ਕਸ਼ਮਕਸ਼,
ਬਾਪ ਜਦ ਲੱਭਦਾ ਡਗੋਰੀ ਬੇਟਿਆਂ ਦੇ ਘਰ ਗਿਆ।

ਰੋਜ਼ ਸੂਰਜ ਨੇ ਉਦੇ ਹੋ ਅਸਤਣਾ! ਛੱਡ ਆਸ ਨਾ,
ਨਵਸਵੇਰਾ ਆ ਰਿਹਾ ਹੈ ਆਖ ਇਉਂ ਅੰਬਰ ਗਿਆ।

ਬਾਲ ਕੱਲ੍ਹਾ! ਮਾਂ ਦਿਹਾੜੀ, ਹਿਰਸ ਜਾਂ ਮਜਬੂਰੀਆਂ,
ਪਰਵਰਿਸ਼ 'ਚੋਂ ਹੋ ਨਫੀ ਹੁਣ ਬੰਦਿਆ ਪਰਵਰ ਗਿਆ।

•

❑

ਬੇਸ਼ਕ ਮੇਰੇ ਤੋਂ ਮਾਰੂਥਲ ਤਰ ਕਰ ਨਹੀਂ ਹੋਣਾ।
ਇੱਕ ਬੂੰਦ ਲਈ ਓਹ ਤਰਸਦਾ ਵੀ ਜਰ ਨਹੀਂ ਹੋਣਾ।

ਦੁੱਖਾਂ ਦਾ ਦਿਲ ਆਦੀ ਤੇ ਸੁੱਖਾਂ ਦੀ ਤਮੰਨਾ ਵੀ,
ਸੁੱਖਾਂ ਨੂੰ ਝੋਲ਼ੀ ਪਾ ਇਹ ਦੁੱਖ ਪਰਹਰ ਨਹੀਂ ਹੋਣਾ।

ਖੰਭ ਭਾਰ ਬਣ ਜਾਂਦੇ ਇਹ ਪੰਛੀ ਦੇ ਜਦੋਂ ਤੀਕਰ,
ਅੰਬਰ 'ਚ ਉੱਡਣ ਲਈ ਪਰਾਂ ਤਤਪਰ ਨਹੀਂ ਹੋਣਾ।

ਘਰ ਬਾਰ ਛੱਡਕੇ ਮੈਂ ਕਦੀ ਬੁੱਧ ਵੀ ਬਣਾਂ ਸ਼ਾਇਦ,
ਐਪਰ ਸਿਧਾਰਥ ਤੋਂ ਇਹਦੇ ਲਈ ਮਰ ਨਹੀਂ ਹੋਣਾ।

ਕੱਢ ਜਾਨ ਹੀ ਮੇਰੀ ਲਈ ਜਾਨੇ ਜਾਂ ਮੇਰੀ ਨੇ,
ਇਹ ਦੋਸ਼ ਮੇਰੇ ਤੋਂ ਉਹਦੇ ਸਿਰ ਧਰ ਨਹੀਂ ਹੋਣਾ।

ਕੁਦਰਤ ਤੁਵਾਜਨ ਖ਼ੂਬ ਰੱਖਦੀ ਹੈ ਸਰਿਸ਼ਟੀ ਦਾ,
ਜੇ ਜਲ ਬਣੇਂ ਨਾ ਭਾਫ ਸਰਵਰ ਭਰ ਨਹੀਂ ਹੋਣਾ।

ਸਾਹ ਘੁਟ ਰਿਹੈ ਤੇ ਪੰਛੀਆਂ ਪਰਵਾਸ ਕੀਤਾ ਹੈ,
ਵਿਹੜੇ ਦੇ ਵਿੱਚ ਦਰਵੇਸ ਇੱਕ ਤਰਵਰ ਨਹੀਂ ਹੋਣਾ।

'ਸਿੱਧੂ' ਕਿਸੇ ਨੇ ਕੋਈ ਵੀ ਸੂਤਰ ਸਿਖਾਉਣਾ ਨਈਂ,
ਦਿਲ ਤੋਂ ਗ਼ਜ਼ਲ ਕਹਿ ਬਹਿਰ 'ਤੇ ਨਿਰਭਰ ਨਹੀਂ ਹੋਣਾ।

•



❑

ਕਿਰਤੀ ਸਮੇਟੇ ਦੱਸ ਕਿਵੇਂ ਭੁਰਦਾ ਜਿਸਮ।
ਫ਼ਾਕਾਕਸ਼ੀ ਨਾਲ ਰੋਜ਼ ਹੀ ਮਰਦਾ ਜਿਸਮ।

ਸੁਰਤੀ 'ਚ ਭੁੱਖ ਤੇ ਖਾਬ ਪਾਉਂਦੇ ਨੇ ਸ਼ੋਰ,
ਸੁਫ਼ਨੇ ਦਬਾਅ ਭੁੱਖ ਵਾਸਤੇ ਤੁਰਦਾ ਜਿਸਮ।

ਸਾਡੇ ਲਹੂ ਨੂੰ ਜਾਣ ਕੇ ਅਪਣਾ ਨੁਕਲ,
ਸਰਕਾਰ ਨਿੱਘਾ ਕਰ ਰਹੀ ਠਰਦਾ ਜਿਸਮ।

ਘਰ ਜੀਂਦਿਆਂ ਦੇ ਨਾਲ ਪਰ ਜਦ ਵੀ ਮਰਨ,
ਰੱਖਦਾ ਨਾ ਮਰਿਆ ਘਰ ਕੋਈ ਘਰ ਦਾ ਜਿਸਮ।

ਸਰਮਾਏਦਾਰੀ ਜੋਕ ਨਾ ਰੱਖਦੀ ਫਰਕ,
ਮਾਦਾ ਬਿਚਾਰੀ ਦਾ ਕਿ ਹੈ ਨਰ ਦਾ ਜਿਸਮ।

ਇੱਕ ਵੀ ਬਰੇਤੀ ਲੋੜ ਦੀ ਹੋਈ ਨਾ ਪਾਰ,
ਥੋੜਾਂ ਦਾ ਸਾਗਰ ਅੱਜ ਵੀ ਤਰਦਾ ਜਿਸਮ।

ਔਹ ਤੁਰ ਪਿਆ ਹੈ ਹੋਣ ਲਈ ਅੱਜ ਫਿਰ ਦਫ਼ਨ,
ਅਪਣੇ ਘਰੋਂ ਮਜ਼ਦੂਰ ਦਾ ਮੁਰਦਾ ਜਿਸਮ।

'ਸਿੱਧੂ' ਨਫ਼ਸ ਦੀ ਕੈਦ ਵਿੱਚ ਕਰਦਾ ਮਕਰ,
ਰੱਖ ਜਿਸਮ ਤੋਂ ਹੀ ਜਿਸਮ ਦਾ ਪਰਦਾ ਜਿਸਮ।

•

❑

"ਇੱਕ ਚੁੱਪ ਸੌ ਸੁੱਖ" ਦੀ ਵੀ ਉਂਜ ਤਾਂ ਰੀਤ ਭਲੀ ਹੈ।
ਇੱਧਰ ਸੁੱਖ ਪਰ ਉੱਧਰ ਲਹੂਲੁਹਾਣ ਕਲੀ ਹੈ।

ਇੱਕੋ ਵਾਰ ਅਚਾਨਕ ਕੁੱਪਾ ਹੋ ਕੇ ਰੁੜ੍ਹਦੀ,
ਪੂੰਜੀ ਬੰਦਿਆਂ ਜੋੜ ਲਈ ਜੋ ਪਲ਼ੀ-ਪਲ਼ੀ ਹੈ।

ਤੇਰੇ ਦਰ 'ਤੋਂ ਆਸ ਮੇਰੀ ਨੂੰ ਬੂਰ ਪਿਆ ਨਾ,
ਗ਼ੈਰਾਂ ਦੀ ਮੈਂ ਸੁਣਿਆਂ ਉੱਥੇ ਦਾਲ ਗਲ਼ੀ ਹੈ।

ਨਸਲੀ ਨਫਰਤ ਨੇ ਦਮ ਇੱਕ ਦਾ ਘੁੱਟਿਆ ਸੀ ਹੁਣ,
"ਮੈਂ ਸਾਹ ਨਹੀਂ ਲੈ ਸਕਦਾ" ਨਾਰ੍ਹਾ ਗਲ੍ਹੀ-ਗਲ੍ਹੀ ਹੈ।

ਵਧੇ ਫੁੱਲੇ ਹਰ ਕੌਮ ਰਾਜ ਦੀ ਸ਼ਕਤੀ ਸਦਕਾ,
ਰਾਜ ਬਿਨਾਂ ਹਰ ਕੌਮ ਜਿਊਂਦੀ ਦਲ਼ੀ-ਮਲ਼ੀ ਹੈ।

ਤੂੰ ਸੋਚੇਂ ਇਹ ਬੰਦਾ ਉੱਤਮ ਸਭ ਜੂਨਾਂ ਤੋਂ,
ਮੈਂ ਆਖਾਂ ਨਹੀਂ! ਰੰਗ ਬਰੰਗੀ ਇੱਕ ਤਿਤਲੀ ਹੈ।

ਕਾਰੋਬਾਰ ਬਰੂਦਾਂ ਦਾ ਘਟ ਜਾਵੇ ਸ਼ਾਇਦ,
ਰੰਗਾਂ ਦਾ ਵਿਓਪਾਰ ਕਰਨ ਤਿਤਲੀ ਨਿਕਲੀ ਹੈ।

ਰਾਤੀਂ ਸਿਫਤਾਂ ਕਰਦੇ ਸੀ ਜੋ ਕਹਿਣ ਸਵੇਰੇ,
ਵਹਿਮ ਕਰੀਂ ਨਾ! ਗਲਤੀ ਨਾਲ ਜ਼ੁਬਾਂ ਫਿਸਲੀ ਹੈ।

ਕਾਵਿ ਸਮੁੰਦਰ ਦੀ 'ਸਿੱਧੂ' ਤੋਂ ਥਾਹ ਨਹੀਂ ਪੈਣੀ,
ਅਕਸਰ ਪੱਥਰ ਚੱਟ ਕੇ ਹੀ ਮੁੜਦੀ ਮਛਲੀ ਹੈ।

•



❑

ਕੰਡਿਆਂ ਦੇ ਵਸਤਰਾਂ ਵਿੱਚ ਫੁੱਲ ਨਜ਼ਾਕਤ ਕਿਉਂ ਲੁਕਾਵੇ।
ਬਾਪ ਅੱਜ ਔਲਾਦ ਤੋਂ ਕੀਤੀ ਵਸੀਅਤ ਕਿਉਂ ਲੁਕਾਵੇ।

ਰਾਮ ਜੀ ਦੇ ਰਾਜ ਦਾ ਹੀ ਪੈ ਰਿਹਾ ਰੌਲ਼ਾ ਚੁਫੇਰੇ,
ਰਾਮ ਹੀ ਫਿਰ ਰਾਵਣਾਂ ਤੋਂ ਅੱਜ ਤਰੀਮਤ ਕਿਉਂ ਲੁਕਾਵੇ।

ਅਨਪੜ੍ਹਾਂ ਨੂੰ ਰਾਜਨੀਤੀ ਤੋਂ ਪਰ੍ਹੇ ਜੇ ਲੋਕ ਰੱਖਣ,
ਤਾਂ ਵਜ਼ਾਰਤ ਕਰ ਵਕਾਲਤ ਏਹ ਜ਼ਹਾਲਤ ਕਿਉਂ ਲੁਕਾਵੇ।

ਰੌਸ਼ਨੀ ਦੇ ਪਰਦਿਆਂ ਵਿੱਚ ਘੁੱਪ ਨੇਰ੍ਹੇ ਦਾ ਟਿਕਾਣਾ,
ਦੀਪ ਹੀ ਹਮਰਾਜ਼ ਬਣ ਉਸਦੀ ਹਕੀਕਤ ਕਿਉਂ ਲੁਕਾਵੇ।

ਹੁਣ ਅਮਾਨਤ ਵਿੱਚ ਖ਼ਿਆਨਤ ਦੀ ਕਹਾਵਤ ਕੌਣ ਸੁਣਦਾ,
ਚੋਰ ਦਾ ਮਨ ਆਪਣੀ ਚੋਰੀ ਦੀ ਆਦਤ ਕਿਉਂ ਲੁਕਾਵੇ।

ਹੁਸਨ ਬੇਪਰਦਾ ਹੋ ਜਲਵੇ ਜੇ ਬਿਖੇਰੇਗਾ ਇਵੇਂ ਹੀ,
ਇਸ਼ਕ ਵੀ ਪਰਦੇ 'ਚ ਅਪਣੀ ਫਿਰ ਸ਼ਰਾਰਤ ਕਿਉਂ ਲੁਕਾਵੇ।

ਪਾਠ, ਪੂਜਾ, ਅਰਚਨਾ ਕਰ ਮਨ 'ਚ ਪਾਲ਼ੇ ਦੁਸ਼ਮਣੀ ਜੋ,
ਇਸ ਤਿਲਾਵਤ ਪਾਕ ਥੱਲੇ ਉਹ ਅਦਾਵਤ ਕਿਉਂ ਲੁਕਾਵੇ।

ਫੈਸਲੇ ਵਿੱਚ ਦੇਰ ਨੂੰ ਇਨਸਾਫ ਨਈਂ ਇਨਕਾਰ ਸਮਝੋ,
ਕਾਗਜ਼ਾਂ ਹੇਠਾਂ ਨਹੀਂ ਤਾਂ ਓਹ ਅਦਾਲਤ ਕਿਉਂ ਲੁਕਾਵੇ।

ਜੇ ਗ਼ਜ਼ਲ ਉਸਦੀ ਨੁਮਾਇਆ ਹੋ ਰਹੀ ਹੈ ਮਹਿਫਲਾਂ ਵਿੱਚ,
ਆਪਣੀ 'ਸਿੱਧੂ' ਭਲਾ ਦੱਸ ਫਿਰ ਸ਼ਨਾਖਤ ਕਿਉਂ ਲੁਕਾਵੇ।

•

❑

ਮੈਂ ਮਘਦੇ ਅਹਿਸਾਸ ਲਿਆਵਾਂ ਧਾਰ ਲੁਆ ਤੂੰ ਖੰਜਰ ਦੀ।
ਫੁੱਲਾਂ ਤੋਂ ਤਸਦੀਕ ਕਰਾਈਏ ਇੱਕ ਦੂਜੇ ਦੇ ਅੰਦਰ ਦੀ।

ਬੇਝਿਜਕ ਆਓ ਗੁਰੂਦੁਆਰੇ, ਮੈਂ ਨਿਡਰ ਹੋ ਮਸਜਿਦ ਜਾਵਾਂ,
ਚੱਲ ਫਿਰ ਆਪਾਂ ਰਲ਼ਕੇ ਕਰੀਏ ਪਰਿਕਰਮਾ ਸ਼ਿਵ ਮੰਦਰ ਦੀ।

ਮਜ਼ਦੂਰਾਂ ਦੇ ਵਾਰਿਸ ਜੰਮਣ, ਵਿਛਿਆ ਧਰਤ ਵਿਛੌਣਾ ਹੈ,
ਜੱਚਾ ਖੁਦ ਹੀ ਬਣ ਗਈ ਦਾਈ ਓਟ ਅਕਾਸ਼ੀ ਚਾਦਰ ਦੀ।

ਮੈਨੂੰ ਅਪਣੀ ਡੀਲ-ਡੌਲ ’ਤੇ ਭੋਰਾ ਵੀ ਨਾ ਮਾਣ ਰਿਹਾ,
ਬਸਤੀ ਵਿੱਚ ਆ ਜੰਗਲ ਨੇ ਜਦ ਕਥਾ ਸੁਣਾਈ ਖੰਡਰ ਦੀ।

ਕਾਤਲ ਤੰਤਰ ਦੇ ਕਲਪੁਰਜ਼ੇ ਉਮਰ ਵਿਹਾਜੀ ਬਦਲੇਂ ਤੂੰ,
ਬਦਲ ਸਕੇਂ ਤਾਂ ਢਾਂਚਾ ਬਦਲੀਂ ਚਾਹੀਦੀ ਨਹੀਂ ਹਮਦਰਦੀ।

ਮੈਂ ਹਰਗਿਜ਼ ਨਹੀਂ ਤੇਰਾ ਹਿੱਸਾ, ਝੂਠਾ ਕਿਉਂ ਪ੍ਰਚਾਰ ਕਰੇਂ ?
ਤੇਰੀ ਮੂਰਤ ਪੱਥਰ ਦੀ ਹੈ, ਮੇਰੀ ਮੂਰਤ ਅੱਖਰ ਦੀ।

ਬੇਪੀੜੇ ਸ਼ਾਇਰ ਦੇ ਦਿਲ ’ਚੋਂ ਫੁੱਟਦੇ ਨਹੀਂ ਅਹਿਸਾਸ ਕਦੇ,
ਇਹੀ ਕਹਾਣੀ ਮਾਰੂਥਲ ਦੀ ਇਹੀ ਕਹਾਣੀ ਬੰਜਰ ਦੀ।

ਕਵਿਤਾਵਾਂ ਦੀ ਇਸ ਮੰਡੀ ਵਿੱਚ ਮੈਂ ਅਣਛਪਿਆ ਸ਼ਾਇਰ ਹਾਂ,
ਜੇ ਤੂੰ ਮੇਰੀ ਕਵਿਤਾ ਪੜ੍ਹਨੀ, ਪੜ੍ਹ ਲੈ ਪੁਸਤਕ ਅੰਬਰ ਦੀ।

ਗੋਪੀ ਦੇ ਉਹ ਵਸਤਰ ਚੁੱਕੇ, ਪਾਂਚਾਲੀ ਦੀ ਇੱਜਤ ਕੱਜੇ,
‘ਸਿੱਧੂ’ ਦੀ ਬੁੱਧੀ ਦੇ ਘੇਰੇ ਵਿੱਚ ਨਹੀਂ ਲੀਲ੍ਹਾ ਗਿਰਧਰ ਦੀ।

•



❑

ਇਸ਼ਕ ਤੇਰਾ ਹੋਇਆ ਫਿਰੇ ਬੇਮੁਹਾਰਾ।
ਖੋਰ ਦਰਿਆ ਅਪਣਾ ਰਿਹਾ ਹੈ ਕਿਨਾਰਾ।

ਕਰ ਗਿਆ ਜਦ ਵਾਅਦਾ ਉਹ ਮੁੜਕੇ ਮਿਲਣ ਦਾ,
ਗਰਦਿਸ਼ਾਂ ’ਚੋਂ ਫਿਰ ਚਮਕ ਉੱਠਿਆ ਸਿਤਾਰਾ।

ਇਸ਼ਕ ਦੀ ਅੱਗ ਸੀ, ਇਹ ਕਰਾਮਾਤ ਕੋਈ,
ਮਘ ਪਈ ਯੱਖ ਸ਼ਬਨਮ ਵੀ ਬਣਕੇ ਸ਼ਰਾਰਾ।

ਖੋਜ ਰੋਜਾਨਾ ਦਿਲ, ਕਿ ਦਿਲ ਵਿੱਚ ਹੀ ਵਸਦੇ,
ਚਰਚ, ਮਸਜਿਦ, ਮੰਦਰ ਅਤੇ ਗੁਰਦੁਆਰਾ।

ਜਾਣ ਦਿੱਤੀ ਨਾ ਮੈਂ ਤੇਰੀ ਯਾਦ ਦਿਲ ’ਚੋਂ,
ਇਸ ਤਰ੍ਹਾਂ ਸੀ ਕੀਤਾ ਜੁਦਾ ਰਹਿ ਗੁਜ਼ਾਰਾ।

ਪੌਣ ਜਿਸ ਪਾਤਰ ਵਿੱਚ ਉਹ ਆਕਾਰ ਉਸਦਾ,
ਜ਼ਿੰਦਗੀ ਕੁਝ ਨਈਂ ਬਸ ਹਵਾ ਦਾ ਗੁਬਾਰਾ।

ਸੋਚ ’ਤੇ ਸੀ ਜਾਲ਼ੇ ਅਤੇ ਰੂਹ ਹਨੇਰੀ,
ਹਰਫ਼ ਮਘ ਪਏ ਤਾਂ ਮਿਟ ਗਿਆ ਧੁੰਦਕਾਰਾ।

ਸ਼ਬਦ ਹੀਰੇ, ਅਹਿਸਾਸ ਗਹਿਣੇ ’ਤੇ ‘ਸਿੱਧੂ’,
ਤੂੰ ਜੜੇ ਤਾਂ ਹੋਈ ਗ਼ਜ਼ਲ ਆਸ਼ਕਾਰਾ।

•

❑

ਮਨੁੱਖੀ ਦਿਲੋਂ ਮੋਹ ਕਣੀ ਗ਼ੈਰਹਾਜ਼ਰ।
ਤੇ ਪਤਨੀ ਚੋਂ ਅਰਧਾਂਗਣੀ ਗ਼ੈਰਹਾਜ਼ਰ।

ਪੁਜਾਰੀ ਹੀ ਸੱਤਾ ਨੂੰ ਬੈਠਾ ਸੰਭਾਲੀ,
ਇਹ ਸਰਕਾਰ ਸੀ ਜੋ ਚੁਣੀ ਗ਼ੈਰਹਾਜ਼ਰ।

ਜ਼ੁਬਾਨਾਂ ’ਤੇ ਗੂੰਜੇ ਸਵੇਰੇ ਤੇ ਸ਼ਾਮੀਂ,
ਅਸਾਡੇ ਦਿਲੋਂ ਸੁਖਮਣੀ ਗ਼ੈਰਹਾਜ਼ਰ।



ਜ਼ਰੂਰੀ ਵਿਆਹ ਪਿਆਰ ਨਾਲੋਂ ਜੇ ਕੇਸ਼ਵ,
ਕਹਾਣੀ ’ਚੋਂ ਕਿਉਂ ਰੁਕਮਣੀ ਗ਼ੈਰਹਾਜ਼ਰ।

ਤੇਰੀ ਰਹਿਬਰੀ ਤੋਂ ਕਿਨਾਰਾ ਜਾਂ ਕੀਤਾ,
ਉਦੋਂ ਦੀ ਹੀ ਰਹਿਮਤ ਸੁਣੀ ਗ਼ੈਰਹਾਜ਼ਰ।

ਤੂੰ ਦੇਹ ਦਰਦ ਏਨਾ ਕਿ ਮੁੜ ਪਰਤ ਆਵੇ,
ਮੇਰੇ ਨੇਤਰੀਂ ਕਿਣ ਮਿਣੀ ਗ਼ੈਰਹਾਜ਼ਰ।

ਗਦਾਰਾਂ ਚਲਾਇਆ ਉਹੀ ਦੁਸ਼ਮਣਾਂ ਵੱਲ,
ਜਿਹੜੇ ਤੀਰ ਉੱਪਰੋਂ ਅਣੀ ਗ਼ੈਰਹਾਜ਼ਰ।

ਘੜੀ ਫੈਸਲੇ ਦੀ ਤੇ ਮੁਨਸਿਫ਼ ਦੁਚਿੱਤਾ,
ਕਿ ਹਾਜ਼ਰ ਹੈ ਸ਼ਾਹ ਤੇ ਰਿਣੀ ਗ਼ੈਰਹਾਜ਼ਰ।

ਸਮਾਂ ਲੈ ਜਦੋਂ ਮੈਂ ਮਿਲਣ ਤੈਨੂੰ ਆਇਆ,
ਉਦੋਂ ਸੀ ਸਮਾਂ ਸਾਰਣੀ ਗ਼ੈਰਹਾਜ਼ਰ।

ਉਨ੍ਹਾਂ ਵਿੱਚ ਤੇਰਾ ਬੋਲਬਾਲਾ ਹੈ ‘ਸਿੱਧੂ’,
ਜਿਨ੍ਹਾਂ ਮਹਿਫਲਾਂ ਚੋਂ ਗੁਣੀ ਗ਼ੈਰਹਾਜ਼ਰ।

•

❑

ਸਾਡਾ ਇਹ ਵੇਲਾ ਮਿਲਣ ਦਾ ਨਈਂ ਆਖਰੀ! ਫਿਰ ਮਿਲਾਂਗੇ।
ਯੁਗ ਯੁਗ ਸਲਾਮਤ ਰਹੇਗੀ ਏਹ ਦੋਸਤੀ! ਫਿਰ ਮਿਲਾਂਗੇ।

ਹਾਰੇ ਨਾ ਦੀਵੇ, ਬੁਝੇ ਨੇ, ਫਿਰ ਲੈ ਨਵੀਂ ਊਰਜਾ ਇੱਕ,
ਤੈਨੂੰ ਅਸੀਂ ਬਾਲ਼ ਆਪਾ, ਐ ਤੀਰਗੀ! ਫਿਰ ਮਿਲਾਂਗੇ।

ਨੇਤਾ ਇਹ ਆਵਾਮ ਨੂੰ ਜਦ ਸੰਕੋਚਦੇ ਨੇ ਮਿਲਣ ਤੋਂ,
ਨੀਤੀ ਇਹ ਕਹਿੰਦੇ ਨਵੀਂ ਹੈ, ਸਰਕਾਰ ਦੀ! ਫਿਰ ਮਿਲਾਂਗੇ।

ਜ਼ਾਲਿਮ ਬੜੀ ਐ ਜ਼ਮਾਨੇ, ਤੇਰੀ ਅਦਾ ਇਹ ਮਿਲਣ ਦੀ,
ਫੁੱਲ ਸਾੜ ਕੇ ਕਹਿ ਰਹੀ ਹੈ ਇੱਕ ਫੁਲਝੜੀ! ਫਿਰ ਮਿਲਾਂਗੇ।

ਵਾਅਦਾ ਮਿਲਣ ਦਾ ਕਰੇਂ, ਤੇ ਹੱਸ ਵੀ ਰਿਹੈਂ ਮੁਸਕੜੀਂ ਤੂੰ,
ਇਕਰਾਰ ਕਰਦੈਂ ਜਾਂ ਫਿਰ ਕਰਦੈਂ ਮਸ਼ਕਰੀ! ਫਿਰ ਮਿਲਾਂਗੇ।

ਦਿਲ ਤੋੜ ਨਾ, ਕਹਿ ਖੁਦਾ ਹਾਫ਼ਿਜ਼, ਅੱਧ ਵਿਚਾਲੇ ਸਫ਼ਰ ਦੇ,
ਸਫ਼ਰੀ ਕਹੇ ਹਮਸਫ਼ਰ ਨੂੰ, ਇਉਂ ਨਾ ਕਦੀ! ਫਿਰ ਮਿਲਾਂਗੇ।

ਐ ਜ਼ਿੰਦਗੀ ਫੇਰ ਕਰ ਇੱਕ ਵਾਅਦਾ ਅਸਾਨੂੰ ਮਿਲਣ ਦਾ,
ਲੈ ਕੇ ਅਸੀਂ ਸਾਦਗੀ ਤੇ ਸੰਜੀਦਗੀ! ਫਿਰ ਮਿਲਾਂਗੇ।
•



❑

ਜਦੋਂ ਵੀ ਮੈਂ ਤੈਨੂੰ ਸਨਮ ਦੇਖਦਾ ਹਾਂ।
ਮੈਂ ਸਤਿਅਮ, ਸ਼ਿਵਮ, ਸੁੰਦਰਮ ਦੇਖਦਾ ਹਾਂ।

ਤੂੰ ਇਕਰਾਰ ਨੂੰ ਵੀ ਕਹੇਂ ਸਖਤ ਲਹਿਜ਼ਾ,
ਮੈਂ ਇਨਕਾਰ 'ਚੋਂ ਵੀ ਹਿਲਮ ਦੇਖਦਾ ਹਾਂ।

ਕਲੀ 'ਚੋਂ ਵੀ ਤੈਨੂੰ ਸ਼ਰਰ ਹੀ ਦਿਸੇ ਕਿਉਂ,
ਤੇ ਮੈਂ ਪੱਥਰਾਂ 'ਚੋਂ ਕੁਸੁਮ ਦੇਖਦਾ ਹਾਂ।

ਫਰੇਬੀ ਦਾ ਰੁਤਬਾ ਮੇਰੇ ਨਾਂ ਤੂੰ ਕੀਤਾ,
ਤੇਰੇ 'ਚੋਂ ਮੈਂ ਇੱਕ ਮੁਹਤਰਮ ਦੇਖਦਾ ਹਾਂ।

ਇਹ ਬਸਤੀ ਦੇ ਨਲ਼ਕੇ 'ਚ ਤੁਪਕਾ ਨਾ ਪਾਣੀ,
ਤੇ ਹਰ ਆਦਮੀ ਤਰ-ਚਸ਼ਮ ਦੇਖਦਾ ਹਾਂ।

ਵਤਨ ਵੇਚਦੇ ਲੀਡਰਾਂ ਹੱਥ ਤਿਰੰਗਾ,
ਤੇ ਜੇਬ੍ਹੀ 'ਚ ਮੈਂ, ਮਾਤਰਮ ਦੇਖਦਾ ਹਾਂ।

ਜਦੋਂ ਮਾਦਾਪ੍ਰਸਤੀ ਮੈਂ ਸਮਝੀ ਉਦੋਂ ਦਾ,
ਕਰਮ ਦੀ ਜਗ੍ਹਾ 'ਤੇ ਰਕਮ ਦੇਖਦਾ ਹਾਂ।

ਦਿਸੇ ਕਿਉਂ ਨਾ ਤੇਰੇ ਇਹ ਮੱਥੇ 'ਤੇ 'ਸਿੱਧੂ',
ਤੇਰੀ ਪਾਤਲੀ ਜੋ ਪਦਮ ਦੇਖਦਾ ਹਾਂ।
•

❑

ਕਦਮ ਕਲਮ, ਸੜਕ ਸਫਾ, ਗ਼ਜ਼ਲ ਤੁਰੀ।
ਗ਼ਜ਼ਲਗੋਆ ਸੰਭਲ ਜਰਾ ਗ਼ਜ਼ਲ ਤੁਰੀ।

ਨਦੀ, ਪਹਾੜ, ਬਿਰਖ, ਫੁੱਲ ਇਹ ਤਿਤਲੀਆਂ,
ਇਨ੍ਹਾਂ ਨੂੰ ਦੇਖ ਪੈਲ ਪਾ ਗ਼ਜ਼ਲ ਤੁਰੀ।

ਹਰਫ਼-ਹਰਫ਼ ਮੈਂ ਜਿਹਨ ਵਿੱਚ ਕਸ਼ੀਦਿਆ,
ਤਾਂ ਸ਼ਬਦ-ਸ਼ਬਦ ਹੋ ਨਸ਼ਾ ਗ਼ਜ਼ਲ ਤੁਰੀ।

ਖਿਆਲ ਜਲ ਤੋਂ ਭਾਫ ਹੋ ਗਗਨ ਚੜ੍ਹੇ,
ਤੇ ਸਤਰ-ਸਤਰ ਬਣ ਘਟਾ ਗ਼ਜ਼ਲ ਤੁਰੀ।

ਇਹ ਚਾਰ ਚਾਂਦ ਲਾਉਣ ਕਾਵਿ ਰੂਪ ਨੂੰ,
ਸਜੀ-ਧਜੀ ਇਹ ਅਪਸਰਾ ਗ਼ਜ਼ਲ ਤੁਰੀ।

ਜਦੋਂ ਕਰੇ ਵਧੀਕੀਆਂ ਸਥਾਪਤੀ,
ਉਦੋਂ ਹੀ ਮਾਰ ਲਲਕਰਾ ਗ਼ਜ਼ਲ ਤੁਰੀ।

ਕਰੇ ਫਰੇਬ ਪਿਆਰ ਵਿੱਚ ਜਦੋਂ ਕੋਈ,
ਉਦ੍ਹਾ ਹੈ ਕਰਨ ਤਬਸਰਾ ਗ਼ਜ਼ਲ ਤੁਰੀ।

ਕਦੀਮ ਤੋਂ ਅਜਾਦ ਹੁਣ ਗੁਲਾਮ ਹੈ,
ਇਹ ਹਾਲ ਤੱਕ ਪੰਜਾਬ ਦਾ ਗ਼ਜ਼ਲ ਤੁਰੀ।

ਉਦਾਸ ਦਿਲ ਤੇ ਨੈਣ ਨਿੰਦ੍ਰਾਵਲੇ,
ਕਲਮ ਉਠਾ ਸੁਖਨਵਰਾ ਗ਼ਜ਼ਲ ਤੁਰੀ।

•



❑

ਯਾਰ ਜਦ ਬਹਿ ਆਥਣੇ, ਮਹਿਫਲ ਸਜਾਇਆ ਕਰਨਗੇ।
ਗੀਤ ਮੇਰੇ ਵੀ ਉਹ ਨਾਲ਼ੇ, ਗੁਣਗੁਣਾਇਆ ਕਰਨਗੇ।

ਜੇਸਦੀ ਅੱਖ ਵਿੱਚ ਜੀਂਦੇ-ਜੀਅ ਰਿਹਾ ਮੈਂ ਰੜਕਦਾ,
ਓਸਦੇ ਨੈਣੀਂ ਵੀ ਹੰਝੂ ਛਲਕ ਆਇਆ ਕਰਨਗੇ।

ਹਿੱਸਾ-ਪੱਤੀ ਪਾ ਕੇ ਬੋਤਲ ਜੇ ਉਨ੍ਹਾਂ ਨੇ ਲੈ ਲਈ,
ਮੇਰੇ ਹਿੱਸੇ ਆਉਂਦੇ ਪੈਸੇ ਵੰਡ ਕੇ ਪਾਇਆ ਕਰਨਗੇ।

ਜੋ ਗਰੀਬੀ ਦੇਖ ਮੇਰੀ, ਕੱਸਦੇ ਸੀ ਤਨਜ਼ ਓਹ,
ਮਰਨ ਮਗਰੋਂ ਸਾਦਗੀ ਦਾ ਮੁੱਲ ਪਾਇਆ ਕਰਨਗੇ।

ਯਾਦ ਮੈਨੂੰ ਕਰਨ ਦੀ ਵੱਖਰੀ ਅਦਾ ਇਹ ਹੋਵੇਗੀ,
ਜਾਮ ਮੇਰਾ ਲਵਲੀ-ਲਵਲੀ ਕਰ, ਪੀ ਜਾਇਆ ਕਰਨਗੇ।

ਗੀਤ ਮੇਰੇ ਜੇ ਕਿਸੇ ਨੇ ਮਰਨ ਪਿੱਛੋਂ ਗਾ ਲਏ,
ਆ ਮੜ੍ਹੀ ਮੇਰੀ ’ਤੇ ਉਹ, ਮੈਨੂੰ ਸੁਣਾਇਆ ਕਰਨਗੇ।

ਭਰ ਕੇ ਗੱਚ ਜਦ ਕਹਿਣਗੇ, ਚੀਅਰਜ਼ ਓ ‘ਸਿੱਧੂ’ ਬੇਲੀਆ,
ਰੋਣਗੇ ਖੁਦ, ਨਾਲ਼ ਮੇਰੀ ਰੂਹ ਰਵਾਇਆ ਕਰਨਗੇ।

•

❑

ਇਹ ਤੇਰਾ ਹੁਸਨ ਪਰਦੇ ਵਿੱਚ ਵੀ ਤਾਂ ਬਦਨਾਮ ਹੋਇਆ ਹੈ।
ਮੈਂ ਅਪਣਾ ਇਸ਼ਕ ਦੁਨੀਆਂ ਤੋਂ ਤਦੇ ਹੀ ਨਾ ਲੁਕੋਇਆ ਹੈ।

ਇਹ ਦੇਹੀ ਰਾਖ ਹੋ ਜਾਣੀ ਤੇ ਨੈਣਾਂ ਜਗਦਿਆਂ ਰਹਿਣਾ,
ਇਨ੍ਹਾਂ ਵਿੱਚ ਦੀਦ ਤੇਰੀ ਦਾ ਮੈਂ ਇੱਕ ਸੁਪਨਾ ਸਜੋਇਆ ਹੈ।

ਗੁਲਿਸਤਾਂ ਸਾੜ ਕੇ ਸਾਰਾ ਉਹ ਚਾਹੁੰਦਾ ਰਾਜ ਗਾਲ੍ਹੜ ਦਾ,
ਇਸੇ ਖਾਤਰ ਉਨ੍ਹੇ ਸਾਡੇ 'ਚ ਫਿਰਕੂ ਬੀਜ ਬੋਇਆ ਹੈ।



ਹਰਿਕ ਜੰਤੂ ਲਿਖਾ ਕੁਕਨੂਸ ਦੀ ਕਿਸਮਤ ਨਹੀਂ ਆਉਂਦਾ,
ਜਨੂੰਨੀ ਜੁਗਨੂੰਆਂ ਫਿਰ ਵੀ ਇਹ ਦੀਪਕ ਰਾਗ ਛੋਹਿਆ ਹੈ।

ਦੁਆਲ਼ੇ ਧੌਣ ਤੇਰੀ ਦੇ ਇਹ ਗਾਨੀ ਪਿਆਰ ਨਜ਼ਰਾਨਾ,
ਸ਼ਮਾਂ ਦੀ ਲਾਟ ਦੀ ਡੋਰੀ ਪਤੰਗੇ ਦਿਲ ਪਰੋਇਆ ਹੈ।

ਇਹ ਇੱਕ ਮਾਸੂਮ ਕਿਲਕਾਰੀ ਸਹਾਰੇ ਹੀ ਤੁਰੇ ਜੀਵਨ,
ਕਿਆਮਤ ਹੀ ਕਿਆਮਤ ਹੈ ਜੇ ਹੱਸਦਾ ਬਾਲ ਰੋਇਆ ਹੈ।

ਸਿਲਾ ਮੇਰੀ ਮੁਹੱਬਤ ਦਾ ਤੂੰ ਮੈਨੂੰ ਇਸ ਤਰ੍ਹਾਂ ਦੇਵੇਂ,
ਕਿ ਦਿੱਲੀ ਨੇ ਜਿਵੇਂ ਪੰਜਾਬ ਕੁੱਟਿਆ ਫਿਰ ਵਰੋਇਆ ਹੈ।

ਘਰੀਂ ਚਾਨਣ ਕਰੇਂ ਤੇ ਖ਼ੁਦਕਸ਼ੀ ਵੀ! ਬਾਲ਼ ਕੇ ਜੰਗਲ,
ਇਨ੍ਹਾਂ ਦਰਵੇਸ਼ ਰੁੱਖਾਂ ਵਿੱਚ ਤੇਰਾ ਹਰ ਸਾਹ ਸਮੋਇਆ ਹੈ।

ਕਮਲ ਫੁੱਲ ਹੀ ਰਹੇ ਖਿੜਿਆ ਉਨ੍ਹਾਂ ਮਿਥਿਆ ਇਹੀ ਟੀਚਾ,
ਜੜ੍ਹੀਂ ਸਭ ਹੋਰ ਫੁੱਲਾਂ ਦੇ ਤਾਂ ਕੌੜਾ ਤੇਲ ਚੋਇਆ ਹੈ।

ਨਾ ਬਿਨਸੇ ਊਰਜਾ ਸ਼ਬਦੀ ਇਹ ਅਪਣਾ ਰੂਪ ਹੀ ਬਦਲੇ,
ਗ਼ਜ਼ਲ ਜਨਮੇਂ ਉਦੋਂ 'ਸਿੱਧੂ' ਜਦੋਂ ਵੀ ਖਾਬ ਮੋਇਆ ਹੈ।

•

❑

ਤੇਰੇ 'ਚੋਂ ਕਿਉਂ ਹਨੇਰੇ ਕਾਲ਼ ਦਾ ਚੱਕਰ ਨਹੀਂ ਜਾਂਦਾ।
ਲਮੇਰੀ ਰਾਤ ਦਾ ਮਤਲਬ ਇਹ ਸੂਰਜ ਠਰ ਨਹੀਂ ਜਾਂਦਾ।

ਇਹ ਉਛਲੇਗਾ ਤੇ ਮਚਲੇਗਾ ਤੇਰੇ ਦੀਦਾਰ ਦਾ ਪਿਆਸਾ,
ਕਿ ਦਿਲ ਦਰਿਆ ਜਦੋਂ ਤੀਕਰ ਵੀ ਪੂਰਾ ਭਰ ਨਹੀਂ ਜਾਂਦਾ।

ਘਰਾਂ ਵਿੱਚ ਰਹਿ ਕੇ ਬੇਘਰ ਨੇ ਸਤਾਏ ਮੌਰਗੇਜਾਂ ਦੇ,
ਗਿਲਾ ਤੈਨੂੰ ਇਹ ਫਿਰ ਵੀ ਹੈ ਕਿ ਮੈਂ ਕਿਉਂ ਘਰ ਨਹੀਂ ਜਾਂਦਾ।

ਅਟੱਲ ਹੈ ਮੌਤ ਲੇਕਿਨ ਜ਼ਿੰਦਗੀ ਵੀ ਖੂਬਸੂਰਤ ਹੈ,
ਸਫਰ ਮੁੱਕਣ ਦਾ ਡਰ ਮੇਰੇ ਦਿਲੋਂ ਬਾਹਰ ਨਹੀਂ ਜਾਂਦਾ।

ਮੁਹੱਬਤ ਨਾਮ ਨਈਂ ਚੜ੍ਹਨੀ ਵਸੀਅਤ ਨਾ-ਮੁਕੰਮਲ ਹੈ,
ਜੇ ਪਿੰਡੇ ਹੁਸਨ ਦੇ ਕਰ ਇਸ਼ਕ ਹਸਤਾਖਰ ਨਹੀਂ ਜਾਂਦਾ।

ਮੈਂ ਡਿੱਗਦਾ ਹਾਂ ਤੇ ਉੱਠ ਪੈਂਦਾਂ, ਸੰਭਲ ਕੇ ਫੇਰ ਤੁਰਦਾ ਹਾਂ,
ਰਹੂੰ ਜੀਂਦਾ ਤੇਰੀ ਨਜ਼ਰੋਂ ਮੈਂ ਜੇਕਰ ਗਿਰ ਨਹੀਂ ਜਾਂਦਾ।

ਨਹੀਂ ਉਹ ਦਿਲ, ਬਦਨ ਵਿੱਚ ਮਾਸ ਦਾ ਟੁਕੜਾ ਧੜਕਦਾ ਹੈ,
ਪਰਾਈ ਪੀੜ ਜੋ ਮਹਿਸੂਸ ਕਰ ਪੰਘਰ ਨਹੀਂ ਜਾਂਦਾ।

ਦਿਲਾਂ ਦੇ ਪਰਦਿਆਂ ਹੀ ਚੀਨ ਦੀ ਦੀਵਾਰ ਬਣ ਜਾਣਾ,
ਜੇ ਤੂੰ ਏਧਰ ਨਹੀਂ ਆਉਂਦਾ ਤੇ ਮੈਂ ਓਧਰ ਨਹੀਂ ਜਾਂਦਾ।
•



❑

ਰੇਤਲਾ ਹੈ ਬੇਸ਼ਕ ਧਰਾਤਲ ਗਿਰਾਂ ਦਾ।
ਦੋਸਤਾਨਾ ਵੀ ਹੈ ਨਦੀ ਤੇ ਘਰਾਂ ਦਾ।

ਦੁਸ਼ਮਣੀ ਭੁੱਲ ਗਈ ਸਾਹਮਣੇ ਜਦ ਸੀ ਆਏ,
ਪਹਿਨ ਜਾਮਾ ਓਹ ਤਿਤਲੀਆਂ ਦੇ ਪਰਾਂ ਦਾ।

ਕਹਿ 'ਅਨਲ ਹੱਕ' ਮੈਂ ਰੂਪ ਰੱਬ ਦਾ ਸੀ ਹੋਣਾ,
ਕੁਫਰ ਸੁਣ ਜੇ ਲੈਂਦਾ ਕਿਤੇ ਕਾਫਰਾਂ ਦਾ।

ਸ਼ਾਖ 'ਤੋਂ ਅੱਜ ਤੀਕਰ ਨਾ ਫੁੱਲ ਤੋੜਿਆ ਮੈਂ,
ਤੋੜ ਦੇਵੇਂ ਦਿਲ ਤੂੰ ਕਿਵੇਂ ਦਿਲਬਰਾਂ ਦਾ।

ਧਾਮ, ਗਿਰਜੇ, ਮੰਦਰ, ਮਸੀਤਾਂ, ਸ਼ਿਵਾਲੇ,
ਨਾਮ ਰੱਬ ਦਾ ਵਿਓਪਾਰ ਹੈ ਸ਼ਾਤਿਰਾਂ ਦਾ।

ਜੇ ਮੁਹੱਬਤ ਦਾ ਗੀਤ ਗਾਵੇਂ ਦਿਲੋਂ ਤੂੰ,
ਸੁਰ ਕਰਾਂਗਾ ਫਿਰ ਸਾਜ਼ ਮੈਂ ਆਂਦਰਾਂ ਦਾ।

ਉਮਰ ਭਰ ਮੁੱਕਦਾ ਹੀ ਨਹੀਂ ਹੈ ਸਫ਼ਰ ਇਹ,
ਦਫਤਰਾਂ ਤੋਂ ਘਰ ਤੇ ਘਰੋਂ ਦਫਤਰਾਂ ਦਾ।

ਧੜਕਦਾ ਮੇਰਾ ਦਿਲ ਇਹ ਇੱਕ ਰਾਗ ਸੁਣਕੇ,
ਛਮ ਛਮਾ ਛਮ ਛਮ ਤੇਰੀਆਂ ਝਾਂਜਰਾਂ ਦਾ।

ਹੁਸਨ ਖੁਦ ਹੀ ਆ ਇਸ਼ਕ ਵਿੱਚ ਮਿਲ਼ ਗਿਆ ਹੈ,
ਰੂਪ ਹੁੰਦੀ ਜਿਉਂ ਹਰ ਨਦੀ ਸਾਗਰਾਂ ਦਾ।
•

❑

ਦੂਰ ਨਾ ਹੁਣ ਹਾਕਮਾ ਤੇਰਾ ਕਿਲਾ ਪੰਜਾਬ 'ਤੋਂ।
ਤੁਰ ਪਿਆ ਮਰਜੀੜਿਆਂ ਦਾ ਕਾਫਲਾ ਪੰਜਾਬ 'ਤੋਂ।

ਦੇਸ 'ਤੇ ਕਾਬਜ਼ ਇਹ ਕਿਉਂ ਸਰਮਾਏਦਾਰੀ ਹੋ ਗਈ,
ਹੁਣ ਸਵਾਲਾਂ ਦਾ ਸ਼ੁਰੂ ਹੈ ਸਿਲਸਿਲਾ ਪੰਜਾਬ 'ਤੋਂ।

ਨ੍ਹੇਰਿਆਂ ਦੇ ਨਾਲ਼ ਤੱਕ ਕੇ ਜੁਗਨੂੰਆਂ ਨੂੰ ਲੜਦਿਆਂ,
ਦੇਸ ਨੀਂਦੋਂ ਜਾਗਿਆ ਲੈ ਹੌਸਲਾ ਪੰਜਾਬ 'ਤੋਂ।

ਲੋਕਤੰਤਰ ਜੇ ਬਚਾਉਣਾ ਜੋਕਤੰਤਰ ਤੋਂ ਤੁਸੀਂ,
ਤਾਂ ਸ਼ਹਾਦਤ ਦੀ ਤੁਸੀਂ ਸਿੱਖੋ ਕਲਾ ਪੰਜਾਬ 'ਤੋਂ।

ਹੋਸ਼, ਹਿੰਮਤ, ਹੌਸਲਾ, ਰਾਖੀ ਇਹਦੀ ਕਰਦੇ ਰਹੇ,
ਹਿੰਦ ਨੂੰ ਮਿਲਦਾ ਰਿਹਾ ਇਹ ਤਿਰਫਲਾ ਪੰਜਾਬ 'ਤੋਂ।



ਰਾਜਹੱਠ ਵਿੱਚ ਮਸਤ ਹਾਕਮ ਦੇ ਵਤੀਰੇ 'ਤੋਂ ਤਪੇ,
ਹਿਰਦਿਆਂ 'ਤੇ ਵਰ੍ਹਨ ਚੜ੍ਹਿਆ ਮੇਘਲਾ ਪੰਜਾਬ 'ਤੋਂ।

ਪੌਣ ਫਿਰਕੂ ਹੋ ਗਈ ਸੀ ਦੇਸ਼ ਮੇਰੇ ਦੀ ਜਦੋਂ,
ਵਾਜ ਗੂੰਜੀ! "ਕਰ ਭਲਾ ਤਾਂ ਹੋ ਭਲਾ" ਪੰਜਾਬ 'ਤੋਂ।

ਮਿਲ ਗਏ ਪੰਜਾਬੀਆਂ ਨੂੰ ਆ ਜਦੋਂ ਹਰਿਆਣਵੀ,
ਜ਼ਮਜ਼ਮਾ ਬਣ ਕੇ ਤੁਰੀ ਇੱਕ ਰਹਿਕਲਾ ਪੰਜਾਬ 'ਤੋਂ।

ਦੇਖ ਅਰਥੀ ਫਸਲ ਦੀ ਤੇ ਮੌਤ ਕਿਰਤੀ ਨਸਲ ਦੀ,
ਜ਼ਿੰਦਗੀ ਲਈ ਉੱਠਿਆ ਇੱਕ ਵਲਵਲਾ ਪੰਜਾਬ 'ਤੋਂ।

ਮੁਨਸਿਫਾਂ ਦੀ ਥਾਂ 'ਤੇ ਮੁਜਰਿਮ ਬਹਿਣ 'ਤੋਂ ਜੇ ਨਾ ਰੁਕੇ,
ਦੇਸ ਹਿੱਤ ਆਵੇਗਾ ਫਿਰ ਇੱਕ ਫੈਸਲਾ ਪੰਜਾਬ 'ਤੋਂ।

ਦੇਸ਼ ਦੀ ਰਾਖੀ ਲਈ ਪੰਜਾਬ ਹੀ ਉੱਠਦਾ ਰਿਹਾ,
ਫਿਰ ਵੀ ਹਾਕਮ ਰੱਖਦੇ ਕਿਉਂ ਫਾਸਲਾ ਪੰਜਾਬ 'ਤੋਂ।

ਹਿੰਦ ਦੀ ਚਾਦਰ ਬਣਾਇਆ ਸੀਸ ਨੂੰ ਜਦ ਪਾਤਸ਼ਾਹ,
ਸਾਗਰਾਂ ਤੱਕ ਫੈਲਿਆ ਇੱਕ ਬੁਲਬੁਲਾ ਪੰਜਾਬ 'ਤੋਂ।

ਤਖਤ ਕੰਬੇ, ਤਾਜ ਡੋਲੇ, ਸੋਚ ਫਿਰਕੂ ਦੱਬ ਗਈ,
ਲੋਕ ਰੋਹ ਦਾ ਉੱਠ ਪਿਆ ਇੱਕ ਜ਼ਲਜ਼ਲਾ ਪੰਜਾਬ 'ਤੋਂ।

•

❑

ਇਰਾਦੇ ਹੋਰ ਹਾਕਮ ਦੇ ਅਦਾ ਕੁਝ ਹੋਰ ਕਹਿੰਦੀ ਹੈ।
ਉਹ ਬੋਲੀ ਹੋਰ ਬੋਲੇ ਤੇ ਨਿਗ੍ਹਾ ਕੁਝ ਹੋਰ ਕਹਿੰਦੀ ਹੈ।

ਦਿਖਾਈ ਸ਼ਾਂਤ ਦਿੰਦਾ ਹੈ ਖਲੋਤਾ ਬਾਂਸ ਦਾ ਜੰਗਲ,
ਜਰਾ ਮਹਿਸੂਸ ਕਰ ਫਿਰਕੂ ਹਵਾ ਕੁਝ ਹੋਰ ਕਹਿੰਦੀ ਹੈ।

ਫਿਰੇ ਹਿੰਦੋਸਤਾਂ ਅੰਦਰ ਸੁਤੰਤਰ ਰੂਹ ਜੋ ਹਿਟਲਰ ਦੀ,
ਉਹ ਤੈਨੂੰ ਰਾਮ ਜਾਪੇ ਮਾਂ ਸੀਆ ਕੁਝ ਹੋਰ ਕਹਿੰਦੀ ਹੈ।



ਕਰੇਂ ਕਿਉਂ ਰਾਮ ਜੀ ਦੇ ਨਾਲ ਅਪਣੇ ਰਾਜ ਦੀ ਤੁਲਣਾ,
ਰਮਾਇਣ ਪੜ੍ਹਕੇ ਦੇਖੀਂ ਤੂੰ ਕਥਾ ਕੁਝ ਹੋਰ ਕਹਿੰਦੀ ਹੈ।

ਇਹ ਕੋਈ ਘਾਟ ਤਕਨੀਕੀ ਕਿ ਰਾਜਾ ਰਾਜ ਧਰਮੀ ਨਈਂ,
ਗੁਨਾਹ ਵੱਖਰਾ, ਅਲਗ ਧਾਰਾ, ਸਜ਼ਾ ਕੁਝ ਹੋਰ ਕਹਿੰਦੀ ਹੈ।

ਇਹ ਘਟਗਿਣਤੀ 'ਤੇ ਅੱਤਿਆਚਾਰ ਦੇ ਬਿਰਤਾਂਤ ਸਿਰਜੇ ਦੀ,
ਵਿਧੀ ਬੇਸ਼ਕ ਕੋਈ ਵੀ ਹੈ ਵਿਧਾ ਕੁਝ ਹੋਰ ਕਹਿੰਦੀ ਹੈ।

ਦਿਖਾਵਾ ਜੋ ਤਰੱਕੀ ਦਾ ਤੇ ਖ਼ੁਸ਼ਹਾਲੀ ਦਿਖਾਵੇ ਦੀ,
ਅਡੰਬਰ ਏਸ ਦੀ ਲੁਕਵੀਂ ਵਜ੍ਹਾ ਕੁਝ ਹੋਰ ਕਹਿੰਦੀ ਹੈ।

ਮਕਾਰੀ, ਜਾਅਲਸਾਜ਼ੀ, ਦੇਸ਼ ਧਰੋਹ ਤੇ ਬੁਜ਼ਦਿਲੀ ਬਿਨ ਵੀ,
ਉਹਦੀ ਮੁਸਕਾਨ ਜ਼ਹਿਰੀਲੀ ਬੜਾ ਕੁਝ ਹੋਰ ਕਹਿੰਦੀ ਹੈ।

ਲਿਖੀ ਤੂੰ ਪਟਕਥਾ ਸੋਹਣੀ ਅਦਾਕਾਰੀ ਵੀ ਹੈ ਡਾਹਡੀ,
ਇਹ ਨਾਟਕ ਮੰਚ ਦੀ ਖਸਤਾ ਦਸ਼ਾ ਕੁਝ ਹੋਰ ਕਹਿੰਦੀ ਹੈ।

ਮੈਂ ਸੋਹਣੀ ਸ਼ਾਮ ਦੇ ਝਾਂਸੇ 'ਚ 'ਸਿੱਧੂ' ਨ੍ਹੇਰ ਨਈਂ ਪਾਲ਼ੇ,
ਕਿ ਉਹਲੇ ਰਾਤ ਦੇ ਰੌਸ਼ਨ ਸੁਬ੍ਹਾ ਕੁਝ ਹੋਰ ਕਹਿੰਦੀ ਹੈ।

•

❑

ਭਟਕੇ ਮੁਸਾਫਰਾਂ ਨੂੰ ਰਸਤਾ ਦਿਖਾਉਣ ਆਵੀਂ।
ਕੋਇਆਂ ਦੀ ਕੈਦ ਵਿੱਚੋਂ ਹੰਝੂ ਛੁਡਾਉਣ ਆਵੀਂ।

ਮੌਜੂਦਗੀ ਤੇਰੀ ਦਾ ਅਹਿਸਾਸ ਮਸਤ ਕਰਦਾ,
ਆਵੀਂ ਜ਼ਰੂਰ ਬੇਸ਼ਕ ਮੌਜੂ ਬਣਾਉਣ ਆਵੀਂ।

ਅਪਣੇ ਮਿਲਣ ਦਾ ਪਲ-ਪਲ ਬਿਰਹਾ ਬਟੋਰ ਲੈਂਦਾ,
ਇੱਕ ਵਾਰ ਕਰਕੇ ਜੇਰਾ ਇਸਨੂੰ ਹਰਾਉਣ ਆਵੀਂ।

ਨਾਟਕ ਇਹ ਜ਼ਿੰਦਗੀ ਹੈ ਪਰਦਾ ਗਿਰਨ ਤੋਂ ਪਹਿਲਾਂ,
ਸ਼ਰਮ-ਓ-ਹਯਾ ਦੇ ਸਾਰੇ ਪਰਦੇ ਹਟਾਉਣ ਆਵੀਂ।

ਕੀ ਹੋ ਗਿਆ ਜੇ ਵਿੱਛੜੇ ਬੀਤੀ ਹਯਾਤ ਅਪਣੀ,
ਵਸਲੀ ਪਲਾਂ ’ਚੋਂ ਪੂਰੀ ਉਮਰਾ ਚੁਰਾਉਣ ਆਵੀਂ।

ਕਣ-ਕਣ ਵਜੂਦ ਤੇਰਾ ਪਲ-ਪਲ ਕਰੀਬ ਹੋਵੇ,
ਸਾਹਾਂ ’ਚ ਮੇਰੇ ਅਪਣੀ ਖੁਸ਼ਬੂ ਮਿਲਾਉਣ ਆਵੀਂ।

ਵਾਅਦਾ ਖਿਲਾਫ ਹੋਇਓਂ ਆਇਓਂ ਨਾ ਲਾ ਕੇ ਲਾਰਾ,
ਦਿਲ ਦਾ ਇਹ ਬਾਲ ਰੁੱਸਿਆ ਇਸਨੂੰ ਵਿਰਾਉਣ ਆਵੀਂ।

ਦਿਲ ਦੀ ਉਮੰਗ, ਸੱਧਰਾਂ, ਰੀਝਾਂ ਤੇ ਚਾਅ ਮਧੋਲ਼ੇ,
ਮਚਲਣ ਇਹ ਫਿਰ ਦੁਬਾਰਾ ਜਜ਼ਬੇ ਜਗਾਉਣ ਆਵੀਂ।

ਫੋਕੇ ਰਿਵਾਜ਼, ਰਸਮਾਂ, ਰੋਕਣ ਮਿਲਣ ਤੋਂ ਸਾਨੂੰ,
ਬਚਕੇ ਸਮਾਜ ਕੋਲ਼ੋਂ, ਬਣਕੇ ਤੂੰ ਪੌਣ ਆਵੀਂ।

•



❑

ਬੰਸਰੀ ਦੀ ਹੂਕ ਸੁਣਕੇ ਸ਼ਾਂਤ ਜੰਗਲ ਤੜਫਿਆ।
ਮੇਰੀਆਂ ਨਾੜਾਂ ’ਚੋਂ ਕੋਈ ਪੌਣ ਬਣਕੇ ਗੁਜ਼ਰਿਆ।

ਮਿਹਨਤਾਂ, ਘਰ, ਪਿਆਰ ਤੇਰਾ ਨਾ ਲੁਭਾਉਂਦੇ ਓਸਨੂੰ,
ਨਾ ਬੁਣੀਂ ਜਾਹ ਅੱਧ-ਅਧੂਰੇ ਆਲ੍ਹਣੇ ਤੂੰ ਬਿਜੜਿਆ।

ਨਾ ਦਿਖਾਵਾਂ ਅਕਸ ਅਸਲੀ ਓਸਦਾ ਉਸਨੂੰ ਕਦੀ,
ਦੇ ਗਿਆ ਹੱਥੀਂ ਉਹ ਮੇਰੇ ਤਾਂ ਹੀ ਸ਼ੀਸ਼ਾ ਤਿੜਕਿਆ।

ਹੁਸਨ ਜਲਵਾਗਰ ਤੇਰਾ ਤੇ ਇਸ਼ਕ ਬੇਕਾਬੂ ਮੇਰਾ,
ਪੁੰਨਿਆਂ ਦੀ ਰਾਤ ਹੁੰਦਾ ਹੈ ਸਮੁੰਦਰ ਬਿਫਰਿਆ।

ਪਿਆਰ ਕਰ ਤੂੰ ਪਿਆਰ ਕਰ ਬਸ ਪਿਆਰ ਹੀ ਤੂੰ ਪਿਆਰ ਕਰ,
ਪਿੰਡ ਤੋਂ ਬ੍ਰਹਿਮੰਡ ਸਭ ਕੁਝ ਪਿਆਰ ’ਚੋਂ ਹੀ ਉਪਜਿਆ।

ਜੇ ਲਹੂ ’ਚੋਂ ਤੂੰ ਮੁਹੱਬਤ ਕਰਕੇ ਮਨਫੀ ਧੜਕਦੈਂ,
ਜੀਣ ਦਾ ਫਿਰ ਵਹਿਮ ਐਵੇਂ ਪਾਲ਼ ਨਾ ਦਿਲ ਮੁਰਦਿਆ।

ਅੱਜ ਖਿਜ਼ਾਂ ਬੇਪਰਦ ਹੈ ਪੌਣਾਂ ਅਲਾਪਣ ਰਾਗਣੀ,
ਇਸ਼ਕ ਝੜਦੇ ਪੱਤਿਆਂ ਦੀ ਤਾਲ ਉੱਪਰ ਥਿਰਕਿਆ।

ਦਿਲ ਦਰੀਚੇ ਦਰਦ ਦਿਸਿਆ ਦੀਪ ਬਾਲ਼ੋ ਜਜ਼ਬਿਓ,
ਫੇਰ ਕੋਈ ਰਾਮ ਅੱਜ ਬਨਵਾਸ ਪਿੱਛੋਂ ਪਰਤਿਆ।

ਨਾ ਮੁਕੰਮਲ ਸ਼ਿਅਰ ਹੁੰਦਾ ਖਾਮ ਖਿਆਲੀ ਝਲਕਦੀ,
ਜੇ ਤੂੰ ਮਿਸਰੇ ਨਾਲ਼ ਆ ਕੇ ਜੁੜ ਨਾ ਜਾਂਦਾ ਮਿਸਰਿਆ।

•

❑

ਨਾ ਕਹਿ ਤਿਰਸ਼ੂਲ ਨੂੰ ਖਤਰਾ ਤੇ ਨਾ ਕਿਰਪਾਨ ਲਈ ਖਤਰਾ।
ਦਿਲਾਂ ਦਾ ਡਰ ਸੁਰੱਖਿਆ ਦੇ ਇਹ ਸਭ ਸਾਮਾਨ ਲਈ ਖਤਰਾ।

ਮੁਹੰਮਦ, ਰਾਮ, ਨਾਨਕ, ਬੁੱਧ, ਜੀਸਸ ਸਭ ਇਹ ਕਹਿੰਦੇ ਨੇ,
ਸਮਰਪਣ ਅੱਧ-ਅਧੂਰਾ ਹੀ ਬਣੇ ਈਮਾਨ ਲਈ ਖਤਰਾ।

ਜੇ ਤੱਤਾਂ ਅੰਤ ਆਪੋ ਆਪਣੇ ਸੋਮੇ 'ਚ ਰਲ਼ ਜਾਣੈ,
ਇਹ ਕਬਰਿਸਤਾਨ ਫਿਰ ਕਿਉਂ ਹੈ ਕਿਸੇ ਸ਼ਮਸ਼ਾਨ ਲਈ ਖਤਰਾ।

ਦਿਖਾਵੇ ਦੀ ਇਬਾਦਤ ਹੈ ਨਾ ਝਲਕੇ ਅਮਲ 'ਚੋਂ ਸਾਡੇ,
ਤਦੇ ਇੱਕ ਦੂਸਰੇ 'ਤੋਂ ਆਰਤੀ ਆਜਾਨ ਲਈ ਖਤਰਾ।

ਨਿਰੰਤਰ ਵਧ ਰਹੀ ਪਾਣੀ ਦੀ ਦੁਰਵਰਤੋਂ ਬਣੀ ਜਾਂਦੀ,
ਇਹ ਹਿੰਦੁਸਤਾਨ ਦੇ ਪੰਜਾਬ ਨਖਲਿਸਤਾਨ ਲਈ ਖਤਰਾ।

ਤਬਾਹ ਓਜੋਨ ਤਹਿ ਕਰਕੇ ਮਿਟਾਵੇਂ ਹਿਰਸ ਤੂੰ ਅਪਣੀ,
ਇਹ ਮੇਰੀ ਧਰਤ ਨੂੰ ਖਤਰਾ ਮੇਰੇ ਅਸਮਾਨ ਲਈ ਖਤਰਾ।

ਲੜਾਅ ਤਿਗੜਮ, ਝੁਕਾਅ ਨਜ਼ਰਾਂ ਲਏ ਸਨਮਾਨ ਕਰਕੇ ਹੀ,
ਤੇਰੇ ਤੋ ਹੋ ਗਿਆ ਪੈਦਾ ਸਹੀ ਸਨਮਾਨ ਲਈ ਖਤਰਾ।

ਇਹ 'ਨਾਂ ਵੱਡੇ ਗਿਰਾਂ ਉੱਜੜੇ' ਬੜਾ ਢੁਕਦਾ ਹੈ ਤੇਰੇ 'ਤੇ,
ਉਬਾਊ ਲਿਖਤ ਮਨਮੋਹਣੇ ਜਿਹੇ ਉਨਵਾਨ ਲਈ ਖਤਰਾ।

ਜਿਹਦੀ ਪਾਕੀਜ਼ਗੀ, ਨਿਰਲੇਪਤਾ ਵੇਦਾਂ ਬਿਆਨੀ ਹੈ,
ਉਹੀ ਫੁੱਲ ਬਣ ਗਿਐ ਅੱਜ ਆਪਣੇ ਸੰਵਿਧਾਨ ਲਈ ਖਤਰਾ।

•



❑

ਸੁਹਾਣੇ ਸਫ਼ਰ ਦੀ ਸ਼ੁਰੂਆਤ ਵਾਲ਼ੇ।
ਉਹ ਪਲ ਯਾਦ ਪਹਿਲੀ ਮੁਲਾਕਾਤ ਵਾਲ਼ੇ।

ਮੇਰਾ ਹੱਥ ਹਿਲਾਉਣਾ ਤੇਰਾ ਮੁਸਕਰਾਉਣਾ,
ਇਸ਼ਾਰੇ ਹੀ ਸਨ ਬੋਲ ਗੱਲਬਾਤ ਵਾਲ਼ੇ।

ਦੁਪਹਿਰੇ ਸੁਆਰੇਂ ਤੂੰ ਜਦ ਨ੍ਹਾ ਕੇ ਜ਼ੁਲਫ਼ਾਂ,
ਬਣੀ ਜਾਣ ਹਾਲਾਤ ਬਰਸਾਤ ਵਾਲ਼ੇ।

ਤੇਰਾ ਪਿਆਰ ਝਲਕੇ ਉਨ੍ਹਾਂ ਪੈਕਟਾਂ 'ਚੋਂ,
ਜੋ ਸਾਂਭੇ ਨੇ ਮੇਰੀ ਤੂੰ ਸੌਗਾਤ ਵਾਲ਼ੇ।

ਉਹ ਰੁੱਸਣਾ, ਮਨਾਉਣਾ ਤੇ ਸਾਹੀਂ ਸਮਾਉਣਾ,
ਦਿਨੇ ਵੀ ਸਤਾਉਂਦੇ ਨੇ ਪਲ ਰਾਤ ਵਾਲ਼ੇ।

ਇਹ ਸ਼ਤਰੰਜ ਦੀ ਖੇਡ ਨਈਂ ਇਸ਼ਕ ਮੇਰਾ,
ਮੈਂ ਦਾਅ-ਪੇਚ ਸਿੱਖਣੇ ਨਾ ਸ਼ਹਿ-ਮਾਤ ਵਾਲ਼ੇ।

ਵਿਸਾਹਘਾਤ ਕਰਨਾ ਹੈ ਕੀ ਮਜਨੂੰਆਂ ਨੇ,
ਅਸਾਡੇ 'ਚ ਨਹੀਂ ਗੁਣ ਇਹ ਕੁਸ਼ਲਾਤ ਵਾਲ਼ੇ।

ਤੇਰੀ ਰਹਿਨੁਮਾਈ ਜੇ ਕਾਤਲ ਨੇ ਕਰਨੀ,
ਅਸੀਂ ਵੀ ਹਾਂ ਮੀਰਾ ਤੇ ਸੁਕਰਾਤ ਵਾਲ਼ੇ।

ਤੇਰੇ ਮੁੱਖ 'ਤੋਂ ਮਤਲਾ ਮੈਂ ਪੜ੍ਹਿਆ ਗ਼ਜ਼ਲ ਦਾ,
ਇਲ੍ਹਾਮੀ ਉਹ ਪਲ ਸਨ ਕਰਾਮਾਤ ਵਾਲ਼ੇ।

•

❑

ਸੁਰਤ ਸਮਾਈ ਸੁਖਨ-ਸੇਵ ਪਰ ਸੀਮਤ ਸ਼ਬਦ ਸਮਗਰੀ ਹੈ।
ਫਿਰ ਵੀ ਸ਼ਿਅਰ ਨੇ ਡਾਹਡੇ ਮਿੱਠੇ ਮਿਸਰਾ ਮਿਸਰਾ ਮਿਸ਼ਰੀ ਹੈ।

ਸਦੀਆਂ ਤੋਂ ਹੀ ਸ਼ਾਇਰ ਏਸਦਾ ਹਾਰ ਸ਼ਿੰਗਾਰ ਰਹੇ ਕਰਦੇ,
ਤਾਂ ਕਵਿਤਾ ਦੇ ਵਿਹੜੇ ਵਿੱਚ ਅੱਜ ਗ਼ਜ਼ਲ ਸੁੰਦਰੀ ਨਿੱਖਰੀ ਹੈ।

ਤੇਰੀ ਲਾਪਰਵਾਹੀ ਨੂੰ ਵੀ ਬੇਪਰਵਾਹੀ ਮੰਨਿਆ ਮੈਂ,
ਦੱਸ ਫਿਰ ਤੈਨੂੰ ਫਿਕਰੀਂ ਪਾਉਂਦੀ ਕਿਉਂ ਮੇਰੀ ਬੇਫਿਕਰੀ ਹੈ।

ਘੁੱਟ ਸਬਰ ਦਾ ਭਰਨ ਤੋਂ ਪਹਿਲਾਂ ਸਬਰ ਪਿਆਲਾ ਟੁੱਟੇ ਨਾ,
ਮਰ ਜਾਵਾਂ ਨਾ ਮੈਂ ਬੇਸਬਰਾ, ਦਿਲ ਵਿੱਚ ਇਹ ਬੇਸਬਰੀ ਹੈ।

ਜੰਗਲ 'ਚੋਂ ਤਾਂ ਕੱਲਮ-ਕੱਲਾ ਸਹੀ ਸਲਾਮਤ ਮੁੜ ਆਇਓਂ,
ਸਾਵਧਾਨ! ਔਹ ਦੇਖ ਸਾਹਮਣੇ ਆਦਮੀਆਂ ਦੀ ਨਗਰੀ ਹੈ।

ਖ਼ਬਰਦਾਰ! ਉਹਨੂੰ ਖ਼ਬਰ ਜੇ ਕੀਤੀ ਕਿ ਖ਼ਬਰਸਾਰ ਲਈ ਮੈਂ ਆਇਆਂ,
ਕਿਸੇ ਖ਼ਬਰ ਦਾ ਨਾ ਮਿਲਣਾ ਹੀ ਬੇਖ਼ਬਰਾ ਖ਼ੁਸ਼ਖ਼ਬਰੀ ਹੈ।

ਹੀਰੇ, ਮੋਤੀ, ਰਤਨ, ਜਵਾਹਰ, ਮਿਲ਼ ਗਏ ਸ਼ਬਦ ਖ਼ਜ਼ਾਨੇ 'ਚੋਂ,
ਸ਼ਿਅਰ ਸ਼ਿੰਗਾਰ ਸਮੇਂ ਕੀ ਦੱਸਾਂ ਮੇਰੇ 'ਤੇ ਕੀ ਗੁਜ਼ਰੀ ਹੈ।

ਨਾਨਕ, ਬੁੱਲਾ, ਬਾਹੂ, ਵਾਰਿਸ, ਪੂਰਨ, ਸ਼ਿਵ ਤੇ ਪਾਤਰ ਵਾਂਗ,
'ਖਾਵਹਿ ਖਰਚਹਿ ਰਲਿ ਮਿਲਿ ਭਾਈ' ਸ਼ਬਦ ਖਜ਼ਾਨਾ ਪਿਤਰੀ ਹੈ।
•



❑

ਮਹਿਕ ਬਣਕੇ ਘੁਲ਼ ਗਏ ਸਾਹੀਂ ਉਹ ਮੇਰੇ ਦੋਸਤੋ।
ਮਸਤੀਆਂ ਨੇ ਲਾ ਲਏ ਨੇ ਦਿਲ 'ਚ ਡੇਰੇ ਦੋਸਤੋ।

ਜ਼ਿੰਦਗੀ ਵਿੱਚ ਜ਼ਿੰਦਗੀ ਜਦ ਬਣ ਗਈ ਜ਼ਿੰਦਾ-ਦਿਲੀ,
ਹੱਸਦਿਆਂ ਦਿਲ ਸਹਿ ਗਿਆ ਸੰਕਟ ਬਥੇਰੇ ਦੋਸਤੋ।

ਜਦ ਮੁਲੰਮੇ ਲਹਿ ਗਏ ਤਾਂ ਅਸਲ ਧਾਤੂ ਚਮਕਣੀ,
ਬੇਵਜ੍ਹਾ ਕਿਉਂ ਲਾ ਰਹੇ ਚਿਹਰੇ 'ਤੇ ਚਿਹਰੇ ਦੋਸਤੋ।

ਕੁਦਰਤੀ ਚੱਕਰ ਹੈ ਇਹ ਕੋਸੋ ਨਾ ਕਾਲ਼ੀ ਰਾਤ ਨੂੰ,
ਆਸ ਰੱਖੋ ਆਉਣਗੇ ਸੱਜਰੇ ਸਵੇਰੇ ਦੋਸਤੋ।

ਚਾਨਣੀ ਹੋ ਗਈ ਅਚਾਨਕ ਮੱਸਿਆ ਦੀ ਰਾਤ ਵੀ,
ਮੁੱਖ ਉਹਦਾ ਮੈਂ ਦੇਖਿਆ ਜਦ ਮੂੰਹ-ਹਨੇਰੇ ਦੋਸਤੋ।

ਨਾਗ ਖਿਆਲਾਂ ਦੇ ਫੁੰਕਾਰਣ ਦਿਲ ਦੀ ਵਰਮੀ 'ਚੋਂ ਜਦੋਂ,
ਕੀਲਦੇ ਸ਼ਾਇਰ ਇਨ੍ਹਾਂ ਨੂੰ ਬਣ ਸਪੇਰੇ ਦੋਸਤੋ।

ਗੁਣ ਬੜੇ ਪਿੱਤਲ 'ਚ ਫਿਰ ਕਿਉਂ ਝਾਲ ਸੋਨੇ ਦੀ ਚੜ੍ਹੀ,
ਚਿਹਰਿਆਂ 'ਤੋਂ ਲਹਿਣ ਚਿਹਰੇ ਕਰਕੇ ਜੇਰੇ ਦੋਸਤੋ।

ਵੱਤਰੀ ਜਦ ਧਰਤ ਸਾਰੇ ਬੀਜ ਪੁੰਗਰ ਪੈਣਗੇ,
ਸੁਰਤ ਦੇ ਸਿਆੜਾਂ 'ਚ ਜੋ ਮੈਂ ਹਰਫ਼ ਕੇਰੇ ਦੋਸਤੋ।
•

❑

ਤਾਰਿਆਂ ਨੂੰ ਚਮਕ ਬਖਸ਼ੀ ਕਾਲਖਾਂ ਦਾ ਸ਼ੁਕਰੀਆ।
ਸ਼ੁਕਰੀਆ ਬਦਨਾਮੀਆਂ ਲਈ ਦੋਸਤਾਂ ਦਾ ਸ਼ੁਕਰੀਆ।

ਖਾਬ ਤਿੜਕੇ ਜੋ ਮੇਰੇ ਅੱਜ ਵੀ ਉਹ ਪੂਰੇ ਚਮਕਦੇ,
ਦਿਲ ਮੇਰੇ ਦੀ ਰਾਹਦਸੇਰੀ ਕਹਿਕਸ਼ਾਂ ਦਾ ਸ਼ੁਕਰੀਆ।

ਮਾਰੂਥਲ ਦੀ ਪਿਆਸ ਜੋ ਅੱਖੋਂ ਪਰੋਖੇ ਕਰ ਗਏ,
ਰੇਤ ਕਰਦੀ ਕਿੰਝ ਓਹਨਾਂ, ਬੱਦਲਾਂ ਦਾ ਸ਼ੁਕਰੀਆ।



ਰਾਜਕਰਤਾ ਤੇ ਵਿਰੋਧੀ ਲੋਕਤੰਤਰ ਸਿਰਜਦੇ,
ਰਲ਼ਕੇ ਬੈਠੇ ਮੋਮਨਾਂ ਤੇ ਕਾਫ਼ਰਾਂ ਦਾ ਸ਼ੁਕਰੀਆ।

ਸ਼ੁਕਰੀਆ ਇੱਕ ਸੁਹਜ ਹੈ, ਆਨੰਦ ਹੈ, ਇਖ਼ਲਾਕ ਹੈ,
ਮੈਂ ਇਸੇ ਖਾਤਰ ਕਰਾਂ ਨਾਸ਼ੁਕਰਿਆਂ ਦਾ ਸ਼ੁਕਰੀਆ।

ਰਹਿਬਰਾਂ ਨੇ ਰਾਹ ਦਿਖਾਇਆ, ਆਮ ਜਿੱਥੇ ਰਾਹਜਨੀ,
ਵਰਜਿਆ ਮੈਨੂੰ ਜਿਨ੍ਹਾਂ, ਸਭ ਰਾਹਜਨਾਂ ਦਾ ਸ਼ੁਕਰੀਆ।

ਕੌਣ ਗੁਰ ਤੇ ਬਾਪ ਮਾਈ ਨਾਨਕਾਇਣ ਦੱਸ ਰਿਹੈ,
ਪੌਣ, ਪਾਣੀ, ਧਰਤ ਸਾਂਭਣ, ਜੰਗਲਾਂ ਦਾ ਸ਼ੁਕਰੀਆ।

ਜੋ ਲਬਾ ਲਬ ਉਛਲਦੇ ਸਨ ਹੋਰ ਵਰਖਾ ਹੋ ਗਈ,
ਸਰਵਰਾਂ ਫਿਰ ਵੀ ਨਾ ਕੀਤਾ ਘਨਹਰਾਂ ਦਾ ਸ਼ੁਕਰੀਆ।

ਸ਼ੁਕਰੀਆ ਜੇ ਰਮਜ਼ ਹੈ ਇੱਕ ਸਮਝ ਹੈ ਤੇ ਰਸਮ ਨਹੀਂ,
ਫੇਰ ਕਿਉਂ ਨਾਸ਼ੁਕਰਿਆਂ ਤੋਂ ਤਿਲਮਿਲਾਂਦਾ ਸ਼ੁਕਰੀਆ।

ਗ਼ਮ, ਉਦਾਸੀ, ਸੋਗ, ਫਿਕਰਾਂ, ਜਕੜਿਆ 'ਗੁਰਮੀਤ' ਸੀ,
ਬੰਦ ਖਲਾਸੀ ਦੇ ਲਈ ਸਭ ਪੁਸਤਕਾਂ ਦਾ ਸ਼ੁਕਰੀਆ।

•

❑

ਚੁੱਪ-ਚੁਪੀਤੇ ਜਦ ਮੇਰੇ ਸਾਹੀਂ ਉਹ ਸ਼ਾਮਿਲ ਹੋ ਗਏ।
ਹੋਰ ਜਲਵੇ ਰੂਪ ਦੇ ਅੱਖਾਂ ਤੋਂ ਓਝਲ ਹੋ ਗਏ।

ਇਸ਼ਕ ਠੋਕਰ ਲਾ ਨਾ ਸਕਿਆ ਦਿਲ ’ਤੇ ਸਾਡੇ ਪਰ ਅਸੀਂ,
ਦਿਲਸਿਤਾਂ ਦੀ ਦਿਲਸਿਤਾਨੀ ਦੇਖ ਬਿਸਮਿਲ ਹੋ ਗਏ।

ਨਾਜ਼, ਨਖਰਾ, ਚੁਲਬੁਲਾਪਣ ਤੇ ਅਦਾ ਮੁਸਕਾਉਣ ਦੀ,
ਛੋਹ ਕੇ ਤੇਰੇ ਜਿਸਮ ਨੂੰ ਸਭ ਖਾਸ ਪਰਮਲ ਹੋ ਗਏ।

ਗ਼ੈਰਹਾਜ਼ਰ ਤੂੰ ਜਦੋਂ ਸੀ ਦਿਲ ਇਹ ਬੀਆਬਾਣ ਸੀ,
ਹਾਜ਼ਰੀ ਤੇਰੀ ’ਚ ਇਸ ਜੰਗਲ ’ਚ ਮੰਗਲ ਹੋ ਗਏ।

ਹੁਣ ਇਨ੍ਹਾਂ ਵਿੱਚ ਉਲਝਿਆ ਬਚਦਾ ਦਿਸੇ ਨਾ ਦਿਲ ਮੇਰਾ,
ਤੇਰੀਆਂ ਜ਼ੁਲਫਾਂ ਦੇ ਕੁੰਡਲ ਹੀ ਨੇ ਗੁੰਝਲ ਹੋ ਗਏ।

ਦਰਦ, ਆਹਾਂ, ਸਿਸਕੀਆਂ ਤੇ ਤਾਂਘ ਤੈਨੂੰ ਮਿਲਣ ਦੀ,
ਕੀ ਗਿਣਾਵਾਂ ਦਰਅਸਲ ਮਸਲੇ ਮੁਸਲਸਲ ਹੋ ਗਏ।

ਇਸ਼ਕ ਮੇਰੇ ਦਾ ਟਿਕਾਣਾ ਹੈ ਇਹ ਵਿਹੜਾ ਹੁਸਨ ਦਾ,
ਜਾਂਗਲੀ ਕਹਿੰਦੇ ਜੋ ਮੈਨੂੰ ਖੁਦ ਉਹ ਜੰਗਲ ਹੋ ਗਏ।

ਪਿਆਰ ਵਿੱਚ ਬਿਹਬਲ, ਵਿਆਕੁਲ ਦਿਲ ਅਸਾਡਾ ਕੂਕਦਾ,
ਹੋ ਗਏ! ਹਾਂ ਹੋ ਗਏ! ਬਿਲਕੁਲ ਹਾਂ ਪਾਗਲ ਹੋ ਗਏ।
•



❑

ਲਫਜ਼ਾਂ ਵਿੱਚ ਪਰੋਅ ਕੇ ਅਪਣੇ ਤੈਨੂੰ ਕੁਝ ਅਹਿਸਾਸ ਦਿਆਂ।
ਫੁੱਲਪੰਖੜੀ ਉੱਤੇ ਲਿਖਿਆ ਨਗ਼ਮਾ ਖਾਸ-ਮ-ਖਾਸ ਦਿਆਂ।

ਤੇਜ਼ ਹਨੇਰੀ ਪੁੱਟ ਕੇ ਸੁੱਟਦੀ ਜੜ੍ਹ ਛੱਡ ਚੁੱਕੇ ਬਿਰਖਾਂ ਨੂੰ,
ਅਪਣੀ ਕੌਮ ਦੇ ਸਿਰ ਵਿੱਚ ਕੀਕਣ ਘੋਲ਼ ਕੇ ਪਾ ਇਤਿਹਾਸ ਦਿਆਂ।

ਕੋਈ ਹੋਰ ਛੁਡਾ ਲਊ ਤੈਨੂੰ ਇਸ ਅਜਗਰ ਦੇ ਕੁੰਡਲ ’ਚੋਂ,
ਐ ਪੰਜਾਬ ਮੇਰੇ ਮੈਂ ਤੈਨੂੰ ਕਿਉਂ ਝੂਠਾ ਧਰਵਾਸ ਦਿਆਂ।

ਮੈਂ ਆਖਾਂ ਤੂੰ ਨਿਕਲ ਕਿਸਾਨਾ ਇਸ ਦੋ-ਫਸਲੀ ਚੱਕਰ ’ਚੋਂ,
ਦੇਸ਼ ਦਾ ਤਾਣਾ-ਬਾਣਾ ਕਹਿੰਦਾ ਤੈਨੂੰ ਲੈ ਸਲਫਾਸ ਦਿਆਂ।

‘ਰਾਜੇ ਸੀਹ ਮੁਕਦਮ ਕੁਤੇ’, ਜੇਕਰ ਦੇਖੇ ਹੁੰਦੇ ਨਾ,
ਸੁਪਨਾ ਵੀ ਨਾ ਆਉਂਦਾ ਕਿ ਮੈਂ ਨਸਲਾਂ ਨੂੰ ਪ੍ਰਵਾਸ ਦਿਆਂ।

ਬਸਤੀ-ਬਸਤੀ ਆਕੀ ਲੇਕਿਨ ਕਾਇਮ ਕਾਇਦਾ ਜੰਗਲ ਦਾ,
ਮੈਨੂੰ ਏਹੀ ਸਬਕ ਸਿਖਾਇਆ ਹੈ ਵਰ੍ਹਿਆਂ ਬਨਵਾਸ ਦਿਆਂ।

ਬੇਜ਼ਮੀਰੇ ਆਦਮੀਆਂ ਲਈ ਜ਼ਿੰਦਗੀ ਦੀ ਤਰਜ਼ੀਹ ਵੱਖਰੀ,
ਤੇਰੇ ਨਾਲ਼ ਕਦੀ ਨਹੀਂ ਖੜ੍ਹਨਾ ਇਹ ਪੁਤਲੇ ਹੱਡ-ਮਾਸ ਦਿਆਂ।

ਕਹਿ ਰੰਗੀਲਾ ਸ਼ਿਅਰ ਨਾ ਜੇਕਰ ਚੇਟਕ ਲਾਈ ਪਾਠਕ ਨੂੰ,
ਸੁਖ਼ਨਵਰੀ ਦੇ ਪਿੰਡੇ ’ਤੇ ਕਿਉਂ ਮੈਂ ਕਾਨੀ ਦੀ ਲਾਸ ਦਿਆਂ।
•

❑

ਅਨੁਭਵ ਜਦੋਂ ਵੀ ਜ਼ਿੰਦਗੀ ਦਾ ਕਲਪਨਾ ਨਾਲ ਖਹਿ ਗਿਆ।
ਸੀਨੇ ’ਚੋਂ ਉੱਠ ਇੱਕ ਵਲਵਲਾ ਕੋਰੇ ਸਫੇ ’ਤੇ ਬਹਿ ਗਿਆ।

ਜੜ੍ਹ ਆਪਣੀ ਨੂੰ ਮਿਲਣ ਦੀ ਕਿੰਨੀ ਇਹ ਤੀਬਰ ਤਾਂਘ ਹੈ,
ਦਰਿਆ ਪਹਾੜੋਂ ਨਿਕਲਕੇ ਸਾਗਰ ਦੇ ਵੱਲ ਨੂੰ ਵਹਿ ਗਿਆ।

‘ਹਮ ਆਦਮੀ ਹਾਂ ਇਕ ਦਮੀ’ ਵਿਸ਼ਵਾਸ ਦੂਜੇ ਦਾ ਨਹੀਂ,
ਉਸ ਦਮ ਨੂੰ ਸਿੱਖ ਤੂੰ ਮਾਣਨਾ, ਇਉਂ ਨਾਨਕਾਇਣ ਕਹਿ ਗਿਆ।

ਚੜ੍ਹਦੀ ਕਲਾ, ਨਿਰਵੈਰਤਾ, ‘ਏਹੋ ਹਮਾਰਾ ਜੀਵਣਾ’,
ਇਉਂ ਜੀਂਦਿਆਂ ਮਨ ’ਚੋਂ ਮੇਰੇ ਸੀ ਮਰਨ ਦਾ ਡਰ ਲਹਿ ਗਿਆ।

ਹਸਤੀ ਗੁਆ ਕੇ ਆਪਣੀ ਉਹ ਬੇਘਰਾ ਹੋਇਆ ਫਿਰੇ,
ਤਾਰੇ ਨੂੰ ਅੰਬਰੋਂ ਝੜਨ ਲਈ ਇਹ ਕੌਣ ਦੇ ਕੇ ਸ਼ਹਿ ਗਿਆ।

ਬੇਮੌਸਮੀ ਬਾਰਿਸ਼ ’ਚ ਕੁਦਰਤ ਕੀ ਇਸ਼ਾਰਾ ਕਰ ਗਈ,
ਬਸਤੀ ਦੇ ਰਾਹ ਸਭ ਹੜ੍ਹ ਗਏ ਜੰਗਲ ਦਾ ਰਸਤਾ ਰਹਿ ਗਿਆ।

ਤਾਸੀਰ ਦਾ ਹੈ ਖਾੜਕੂ ਜਾਂ ਫਿਰ ਸੁਭਾਅ ਦਾ ਲਾਈਲੱਗ,
ਹਰ ਵਾਰ ਕਿਉਂ ਪੰਜਾਬ ਹੀ ਬਲਦੀ ਦੇ ਬੂਥੇ ਡਹਿ ਗਿਆ।

ਬਦਨੀਤ, ਮੰਗਤਾ, ਸੂਮ ਤੇ ਨਿਰਲੱਜ ਵਿਸ਼ੇਸ਼ਣ ਸੀ ਮਿਲੇ,
ਧੀ ਦੇ ਵਸੇਬੇ ਵਾਸਤੇ ਇੱਕ ਬਾਪ ਕੀ ਕੁਝ ਸਹਿ ਗਿਆ।

ਸ਼ਿਅਰਾਂ ’ਚ ਤੇਰੇ ਦਮ ਨਹੀਂ ਸਮਕਾਲੀਆਂ ਦੀ ਟਾਂਚ ਹੈ,
ਸਿੱਖਦਾਂ ਅਜੇ ਦਾਅ-ਪੇਚ ਮੈਂ ਸੋਚੀਂ ਨਾ ‘ਸਿੱਧੂ’ ਢਹਿ ਗਿਆ।

•



❑

ਮੁਸਕਰਾਉਂਦੀ ਚਾਨਣੀ ਤੇ ਗਾਉਂਦੀਆਂ ਵਾਵਾਂ ਨੂੰ ਸੁਣ।
ਇਸ ਇਲਾਹੀ ਰਾਗ ’ਚੋਂ ਦੋ ਆਪਣੇ ਨਾਵਾਂ ਨੂੰ ਸੁਣ।

ਜ਼ਿੰਦਗੀ ਦਾ ਗੀਤ ਸੁਣਨਾ ਹੈ ਤਾਂ ਥੋੜ੍ਹਾ ਸ਼ਾਂਤ ਹੋ,
ਮੇਰੀਆਂ ਤੂੰ ਧੜਕਣਾਂ ਵਿੱਚ ਰੁਮਕਦੇ ਸਾਹਵਾਂ ਨੂੰ ਸੁਣ।

ਤਬਸਰਾ ਤਨਹਾਈਆਂ ’ਤੇ ਫਿਰ ਕਰੀਂ ਪਹਿਲਾਂ ਤੂੰ ਜਾਹ,
ਔਹ ਅਲਾਹੁਣੀ ਪਾਉਂਦੀਆਂ ਜੋ ਰੁੰਡ ਸ਼ਾਖਾਵਾਂ ਨੂੰ ਸੁਣ।

ਇਲ-ਬਲਾਵਾਂ ਆਪ ਲੈ ਮਿੱਠੀ ਇਹ ਲੋਰੀ ਦਿੰਦੀਆਂ,
ਸੌਂ ਰਹੇ ਪੁੱਤਾਂ ਸਿਰ੍ਹਾਣੇ ਬੈਠੀਆਂ ਮਾਵਾਂ ਨੂੰ ਸੁਣ।

ਜਾਣਦੇ ਹੋਇਆਂ ਕਿ ਪੂਰੇ ਹੋਣ ਦੀ ਆਸ਼ਾ ਨਹੀਂ,
ਮੁਫ਼ਲਿਸਾਂ ਦੇ ਚੀਕਦੇ ਤੇ ਚਾਂਭੜੇ ਚਾਵਾਂ ਨੂੰ ਸੁਣ।

ਅੱਜ ਸਬਰ-ਸੰਤੋਖ ਮੇਰਾ ਤੋੜ ਕੇ ਬੰਨ੍ਹ ਔਹ ਗਿਆ,
ਬਹਿਸਬਾਜ਼ੀ ਕਰਦੀਆਂ ਲੋੜਾਂ ਤੇ ਇੱਛਾਵਾਂ ਨੂੰ ਸੁਣ।

ਇਸ ਉਦਾਸੀ ਰੋਗ ਦਾ ਨੁਸਖਾ ਇਹ ਕਾਰਾਗਰ ਬੜਾ,
ਕਰ ਇਕਾਗਰ ਆਪਣਾ ਮਨ ਤੂੰ ਇਹ ਕਵਿਤਾਵਾਂ ਨੂੰ ਸੁਣ।

ਲੈ ਮਜ਼ਾ ਤੂੰ ਬਹਿਰ ਦਾ ਤੇ ਅਰਥ ਸ਼ਬਦਾਂ ਦੇ ਵੀ ਕਰ,
ਸਮਝਣਾ ਜੇ ਸ਼ਿਅਰ ਤਾਂ ਫਿਰ ਅੰਤਰੀ ਭਾਵਾਂ ਨੂੰ ਸੁਣ।

•

❑

ਪੜ੍ਹ-ਪੜ੍ਹ ਭਰਿਆ ਮਨ ਦਾ ਕਾਸਾ, ਲਿਖ-ਲਿਖ ਕੀਤਾ ਖਾਲੀ।
ਸ਼ਬਦਾਂ ਦੀ ਦਰਗਾਹ 'ਤੇ ਸ਼ਾਇਰ, ਹੋਇਆ ਫੇਰ ਸਵਾਲੀ।

ਖੁਸ਼ਕ ਬਸਤੀਆਂ ਵਿੱਚ ਸ਼ਾਇਰ ਦਾ ਕੌਣ ਸਵਾਗਤ ਕਰਦੈ,
ਜੀ ਆਇਆਂ ਨੂੰ ਕਹਿੰਦੀ ਕੇਵਲ ਜੰਗਲ ਦੀ ਹਰਿਆਲੀ।

ਜਿਸ ਦਿਨ ਦੀ ਇਹ ਪੀੜ ਪ੍ਰਾਹੁਣੀ ਦਿਲ ਦਰਵਾਜ਼ੇ ਆਈ,
ਡੀਕ ਲਈ ਮੇਰੇ ਸ਼ਿਅਰਾਂ 'ਚੋਂ, ਉਸਨੇ ਖ਼ਾਮ-ਖ਼ਿਆਲੀ।

ਸਾਰਾ ਅੰਬਰ ਕਵੀਆਂ ਦਾ ਘਰ ਚੰਦਰਮਾ ਹਮਸਾਇਆ,
ਕਵਿਤਾ ਮੰਡਲ ਦੀ ਇਹ ਤਾਰੇ ਕਰਦੇ ਨੇ ਰਖਵਾਲੀ।

ਦੇਸ਼ ਮੇਰੇ ਦੇ ਵੀਰ ਜਵਾਨੋ ਆਪ ਬਣੋ ਹੁਣ ਰਾਖੇ,
ਚੌਂਕੀਦਾਰ ਨੇ ਚੋਰਾਂ ਦੇ ਨਾਲ ਪਾ ਲਈ ਸਾਂਝ ਭਿਆਲੀ।

ਪਤਝੜ ਪੱਤਰ ਝਾੜ ਦਏ ਤਾਂ ਪਰਤਣ ਫੇਰ ਬਹਾਰਾਂ,
ਕਿਵੇਂ ਬਚੇ ਉਹ ਬਿਰਖ ਜਿਹਦੀ ਜੜ੍ਹ ਖੁਦ ਪੁੱਟੇ ਬਨਮਾਲੀ।

ਦੇਹ ਦੇ ਮਲਬੇ ਦੀ ਮੈਂ ਕੀਮਤ ਕੀਤੀ ਨਹੀਂ ਨਿਰਧਾਰਿਤ,
ਕਿਧਰੇ ਜਾਹਰ ਨਾ ਹੋ ਜਾਵੇ ਮੰਡੀ ਦੀ ਮੰਦਹਾਲੀ।

ਜੋ ਜੀਅ ਕਰਦਾ ਪੜ੍ਹਿਓ, ਲਿਖਿਓ, ਸੁਣਿਓ ਅਤੇ ਸੁਣਾਇਓ,
ਕਵਿਤਾ ਦਾ ਹੀ ਰੂਪ ਇਹ ਨਜ਼ਮਾਂ, ਗ਼ਜ਼ਲਾਂ, ਗੀਤ, ਕਵਾਲੀ।

•



❑

ਹਰ ਵਿਸ਼ਾ ਇਸ ਜ਼ਿੰਦਗੀ ਵਿੱਚ ਬਹੁਤ ਮੁਸ਼ਕਲ ਸਮਝਣਾ।
ਇਸ ਤਰ੍ਹਾਂ ਜੋ ਸੋਚਦਾ ਲੋਕਾਂ ਉਹ ਪਾਗਲ ਸਮਝਣਾ।

ਜੋ ਨਿਵਾਰਣ ਵਕਤ ਮਸਲਾ ਹੋਰ ਵੀ ਉਲਝੇ ਉਹਨੂੰ,
ਛੋਹਣ ਤੋਂ ਪਹਿਲਾਂ ਹੀ ਚਾਹੀਦੈ ਮੁਕੰਮਲ ਸਮਝਣਾ।

ਮੇਰੀਆਂ ਅੱਖਾਂ 'ਚੋਂ ਖਾਰਾ ਨੀਰ ਹੀ ਨਹੀਂ ਛਲਕਿਆ,
ਏਸ ਅੰਦਰ ਤੂੰ ਮੇਰਾ ਸੁੱਖ-ਦੁੱਖ ਵੀ ਸ਼ਾਮਲ ਸਮਝਣਾ।

ਖੇਡਦੇ ਰਲ਼-ਮਿਲ਼ ਕਿਤੇ ਇਹ ਤੇ ਕਿਤੇ ਨਿੱਜੀ ਕਿੜਾਂ,
ਭਾਰਤੀ ਤੰਤਰ 'ਚ ਔਖੈ ਚੋਣ-ਦੰਗਲ ਸਮਝਣਾ।

ਮੰਡ, ਪੁਲ਼, ਟੋਭਾ, ਨਦੀ, ਜਿੱਥੇ ਸੀ ਯੋਧੇ ਵਿੱਛੜੇ,
ਯਾਤਰਾ ਲਈ ਤੂੰ ਸਦਾਂ ਤੀਰਥ ਉਹ ਮਕਤਲ ਸਮਝਣਾ।

ਜੇ ਤਜਰਬਾ ਗਿਆਨ ਦੇ ਨਾਲ ਮਿਲ ਗਿਆ ਤੂੰ ਫਿਰ ਨਹੀਂ,
ਮਿਰਗ ਤ੍ਰਿਸ਼ਨਾ ਵਾਂਗ ਕੰਡੇ ਨੂੰ ਕਰੂੰਬਲ ਸਮਝਣਾ।

ਹੀਣਤਾ ਦੀ ਭਾਵਨਾ ਚੜ੍ਹਦੀ ਕਲਾ ਵਿੱਚ ਬਦਲਣੀ,
ਸਿੱਖ ਲਿਆ ਪਾਤਾਲ਼ ਵੀ ਜਿਸ ਦਿਨ ਧਰਾਤਲ ਸਮਝਣਾ।

ਸ਼ਬਦ-ਸਾਗਰ ਰਿੜਕ ਭਾਵੇਂ ਰਤਨ ਹਾਸਿਲ ਕਰ ਲਏ,
ਪਾਠਕਾਂ ਅੰਦਾਜ਼ ਤੋਂ ਅੰਮ੍ਰਿਤ, ਹਲਾਹਲ ਸਮਝਣਾ।

•

❑

ਬੀਤੇ ਕੱਲ੍ਹ ਦਾ ਅੱਜ 'ਤੇ ਸਾਇਆ ਅੱਜ ਤੋਂ ਕੱਲ੍ਹ ਪ੍ਰਭਾਵਤ ਹੋਣੈ।
ਕਾਲ਼-ਚੱਕਰ ਵਿੱਚ ਇੱਕ-ਇੱਕ ਪਲ ਤੋਂ ਯੁੱਗੜਿਆਂ ਵਿਸਥਾਰਿਤ ਹੋਣੈ।

ਫ਼ਰਸ਼ੋਂ ਅਰਸ਼ ਤੇ ਅਰਸ਼ੋਂ ਫ਼ਰਸ਼ੀਂ ਕਾਲ਼-ਚਰਿੱਤਰ! ਅਜਬ ਤਮਾਸ਼ਾ,
ਵਸਣਾ ਕਈ ਸ਼ਰਨਾਰਥੀਆਂ ਨੇ ਕੋਈ ਵਸਦਾ ਸ਼ਰਨਾਗਤ ਹੋਣੈ।

ਬੀਤੇ ਕੱਲ੍ਹ ਤੋਂ ਸਬਕ ਲਵੀਂ ਤੂੰ ਆਉਣ ਵਾਲੇ ਦਾ ਕਰੀਂ ਨਾ ਝੋਰਾ,
ਵਰਤਮਾਨ ਵਿੱਚ ਜੀ ਲੈ ਕਿਸ ਤੋਂ ਮੁਸਤਕਬਿਲ ਅਨੁਮਾਨਿਤ ਹੋਣੈ।



ਰਕਤਬੀਜ ਦੇ ਰਕਤਪਾਤ ਨੇ ਉਸਦਾ ਰਕਤਚਰਿੱਤਰ ਦੱਸਿਆ,
ਕਰਮ-ਕਸੌਟੀ 'ਤੇ ਹੀ ਸੂਖਮ ਕਰਮਬੀਜ ਪ੍ਰਮਾਣਿਤ ਹੋਣੈ।

ਬਰਬਾਦ ਗੁਲਿਸਤਾਂ ਕਰਕੇ ਜਿਸਨੇ ਚਿੱਕੜ ਕੀਤਾ ਕਮਲ ਉਗਾਏ,
ਧਰੁਵੀਕਰਨ ਵੋਟਾਂ ਦਾ ਕਰਕੇ, ਉਹ ਹੀ ਫਿਰ ਨਿਰਵਾਚਿਤ ਹੋਣੈ।

ਤੇਰੇ ਰਾਸ ਨਹੀਂ ਉਹਦੀ ਤਬੀਅਤ ਮੇਰੀ ਵੀ ਮਜਬੂਰੀ ਸਮਝੀਂ,
ਜਿਸਨੂੰ ਤੂੰ ਅਪਮਾਨਿਤ ਕਰਦੈਂ ਉਸ ਤੋਂ ਮੈਂ ਸਨਮਾਨਿਤ ਹੋਣੈ।

ਮੇਰੀ ਤੇਰੇ ਨਾਲ ਨਹੀਂ ਬਣਦੀ ਮੈਂ ਵੀ ਤੇਰੀ ਅੱਖ 'ਚ ਰੜਕਾਂ,
ਜੇ ਆਪਾਂ ਨਫਰਤ ਨਾ ਛੱਡੀ ਰੂਹਾਂ ਨੇ ਪ੍ਰਤਾੜਿਤ ਹੋਣੈ।

ਕਵੀਆਂ ਦੀ ਹਸਤੀ ਕਵਿਤਾਵਾਂ ਲਿਸ਼ਕ ਇਨ੍ਹਾਂ ਦੀ ਕਾਇਮ ਰੱਖਿਓ,
ਅੱਗ ਦੇ ਗੋਲ਼ੇ ਸੂਰਜ ਨੇ ਵੀ ਕਿਰਨਾਂ ਤੋਂ ਪਰਿਭਾਸ਼ਿਤ ਹੋਣੈ।

ਇਹ ਸਨਮਾਨਾਂ ਦੇ ਵਿਓਪਾਰੀ ਚਾਹਵਾਨਾਂ ਨੂੰ ਅਕਸਰ ਕਹਿੰਦੇ,
ਪ੍ਰਮਾਣ-ਪੱਤਰ ਲੈ ਜਾਵੋ ਹਾਲੇ, ਨਗਦ-ਨਾਵਾਂ ਨਿਰਧਾਰਿਤ ਹੋਣੈ।

ਪ੍ਰਕਾਸ਼ਕ, ਛਾਪਕ, ਵਿਕਰੇਤਾ, 'ਇੱਕ ਥਾਲ਼ੀ ਦੇ ਚੱਟੇ-ਵੱਟੇ',
ਬਸ ਕਰ, ਬਸ ਕਰ, ਚੁੱਪ ਕਰ 'ਸਿੱਧੂ' ਹਾਲੇ ਤੂੰ ਪ੍ਰਕਾਸ਼ਿਤ ਹੋਣੈ।

•

❑

ਰਾਜਨੀਤੀ ਦੀ ਫ਼ਿਜ਼ਾ ਇਸ ਕਦਰ ਹੈ ਗੰਧਲ ਗਈ।
ਲੋਕਤੰਤਰ ਗਲ਼ ਗਿਐ ਪੌਣਾਂ 'ਚ ਬਦਬੂ ਰਲ਼ ਗਈ।

ਕੋਸਦੇ ਹਾਂ ਰਾਤ ਦਿਨ ਅਕਸਰ ਅਸੀਂ ਜੋ ਫਲਸਫਾ,
ਸੋਚ ਸਾਡੀ ਦਰਅਸਲ ਸ਼ੀਸ਼ੇ 'ਚ ਉਸਦੇ ਢਲ਼ ਗਈ।

ਸ਼ਬਦ ਹੋ ਬੇਅਰਥ ਵਿਲਕੇ ਜਦ ਕਿਤੇ ਕੋਈ ਕਿਤਾਬ,
ਪਾਠਕਾਂ ਲਈ ਤਰਸਦੀ ਰਖਨੇ 'ਚ ਰੱਖੀ ਗਲ਼ ਗਈ।

ਬਾਲਪਨ ਭਾਵੇਂ ਤੂੰ ਲੁੱਟਿਐ ਹੁਣ ਉਹ ਨਹੀਂ ਹੋਣੀ ਗੁਲਾਮ,
ਜੋ ਜਵਾਨੀ ਖ਼ੁਦ-ਬ-ਖ਼ੁਦ ਗੁਰਬਤ ਹੰਢਾਉਂਦੀ ਪਲ਼ ਗਈ।

ਕੇਸਰੀ, ਭਗਵਾਂ, ਹਰਾ ਉਹ ਬਦਲਦੇ ਮੌਕਾ ਵਿਚਾਰ,
ਰਾਜਨੀਤਕ ਗਿਰਗਿਟਾਂ ਦੀ ਫੌਜ ਸਾਨੂੰ ਛਲ਼ ਗਈ।

ਪੀੜ ਸਹਿ ਕਿਲਕਾਰੀਆਂ ਵੰਡਦੀ ਇਹ ਮਾਂ ਨੂੰ ਕੀ ਪਤੈ,
ਕਿਸਦੇ ਆਖੇ ਬਾਲੜੀ ਦੀ ਰਗ ਹੈ ਦਾਈ ਮਲ਼ ਗਈ।

ਇਸਤਰੀ ਦੇ ਦਿਵਸ 'ਤੇ ਸੀ ਨਗਨ ਨਾਰੀ ਥਿਰਕਦੀ,
ਔਰਤਾਂ ਦਾ ਝੱਲ ਜਾਂ ਮਰਦਾਨਗੀ ਚਾਮ੍ਹਲ ਗਈ।

ਦੀਪ ਤੇਰੀ ਰੌਸ਼ਨੀ ਵੱਲ ਜਦ ਪਤੰਗੇ ਉੱਡ ਪਏ,
ਲਾਟ ਮੱਚਦੀ ਤੋਂ ਹਕੂਮਤ ਨ੍ਹੇਰ ਦੀ ਬੌਂਦਲ਼ ਗਈ।

ਮੈਂ ਸਮਾਜਿਕ ਖੇਤ ਵਿੱਚ ਦੋ ਬੀਜ ਬੀਜੇ ਇੱਕ ਸਮੇਂ,
ਪੁੰਗਰਿਆ ਨਾ ਸੱਚ ਦਾਣਾ ਕੂੜ ਖੇਤੀ ਫਲ਼ ਗਈ।
•



❑

ਉਹ ਮੈਨੂੰ ਮਿਲਕੇ ਮੇਰੇ ਸ਼ਹਿਰ ਵਿੱਚ ਬਦਨਾਮ ਹੋਇਆ ਹੈ।
ਇਸੇ ਕਰਕੇ ਮੇਰਾ ਗੁਮਨਾਮ ਦਾ ਵੀ ਨਾਮ ਹੋਇਆ ਹੈ।

ਇਰਾਦੇ ਗ਼ੈਰ ਦੇ ਕੁਝ ਨੇਕ ਨਹੀਂ ਤਾਂ ਹੀ ਉਹਦਾ ਤੇਰੇ,
ਘਰੇ ਹਰ ਖਾਸ ਮੌਕੇ ਪਹੁੰਚ ਜਾਣਾ ਆਮ ਹੋਇਆ ਹੈ।

ਰਹੀਂ ਬਚਕੇ ਸਦਾਂ ਐ ਹੁਸਨ ਝੱਲੇ ਇਸ਼ਕ ਦੇ ਕੋਲ਼ੋਂ,
ਜਨੂੰਨੀ ਹੋਰ ਵੀ ਹੋਵੇ ਇਹ ਜਦ ਨਾਕਾਮ ਹੋਇਆ ਹੈ।

ਭੁਲੇਖਾ ਖਾ ਨਾ ਜਾਵੀਂ ਤੂੰ ਸਮਾਧੀ ਦੇਖ ਕੇ ਉਸਦੀ,
ਉਹ ਨਾਟਕਬਾਜ਼ ਹੈ ਪੂਰਾ ਨਹੀਂ ਉਪਰਾਮ ਹੋਇਆ ਹੈ।

ਇਹ ਕਾਰੋਬਾਰ ਵੋਟਾਂ ਦੇ 'ਚ ਘਟਗਿਣਤੀ ਨੂੰ ਹੀ ਮਿਲੀਆਂ,
ਖ਼ੁਆਰੀ ਤੇ ਸਜ਼ਾਵਾਂ ਸਭ, ਜਿਹਦਾ ਕਤਲਾਮ ਹੋਇਆ ਹੈ।

ਇਹ ਰੁੱਖ ਤੇ ਆਲ੍ਹਣੇ ਬੋਟਾਂ ਸਣੇ ਸੜਦੇ ਨੇ ਹਰ ਪਾਸੇ,
ਭਲਾ ਅੱਗਬਾਣੀਆਂ ਦਾ ਹੋਰ ਕੀ ਅੰਜਾਮ ਹੋਇਆ ਹੈ।

ਇਹ ਰੌਲ਼ਾ ਗਿਆਨਵਾਪੀ ਦਾ ਹੈ ਸਭ ਅਗਿਆਨਤਾ ਕਰਕੇ,
ਨਿਲੱਜੀ ਰਾਜਨੀਤੀ ਵਿੱਚ ਖਿਡਾਉਣਾ ਰਾਮ ਹੋਇਆ ਹੈ।

ਕੋਈ ਖ਼ਾਮੀ ਨਾ ਰਹਿ ਜਾਵੇ, ਬੜਾ ਮੈਂ ਸੋਚ ਕੇ ਲਿਖਿਆ,
ਮੁਆਫ਼ੀ ਖ਼ਾਮ-ਖਿਆਲੀ ਦੀ, ਕਿਹੜਾ ਇਲਹਾਮ ਹੋਇਆ ਹੈ।
•

❑

ਉਲਫਤ ਦੀ ਰਾਹੇ ਤੁਰ ਪਏ ਅੰਜਾਮ ਦੀ ਪਰਵਾਹ ਨਹੀਂ।
ਬਦਨਾਮੀਆਂ ਮਨਜ਼ੂਰ ਸਾਨੂੰ ਨਾਮ ਦੀ ਪਰਵਾਹ ਨਹੀਂ।

ਸਾਕੀ ਬੜਾ ਦਿਲਦਾਰ ਹੈ ਦਿਨ ਮੈਕਸ਼ੀ ਵਿੱਚ ਬੀਤਿਆ,
ਚੰਨ ਚੌਧਵੀਂ ਦਾ ਕੋਲ਼ ਹੈ ਹੁਣ ਸ਼ਾਮ ਦੀ ਪਰਵਾਹ ਨਹੀਂ।

ਜੇ ਦੋਸ਼ ਕਾਫ਼ਰ ਹੋਣ ਦਾ ਲੱਗਦੈ ਤਾਂ ਲੱਗਦਾ ਰਹਿਣ ਦੇ,
ਦੇ ਜਾਮ ਭਰਕੇ ਸਾਕੀਆ ਇਲਜ਼ਾਮ ਦੀ ਪਰਵਾਹ ਨਹੀਂ।

ਪਰਵਾਨਿਆਂ ਦਾ ਧਰਮ ਹੈ ਬਲ਼ਦੀ ਸ਼ਮਾਂ ਵੱਲ ਲਪਕਣਾ,
ਇਸ ਇਸ਼ਕ ਨੂੰ ਚੰਗੇ ਬੁਰੇ ਪਰਿਣਾਮ ਦੀ ਪਰਵਾਹ ਨਹੀਂ।

ਸਮਝੌਤਿਆਂ ਕਰਕੇ ਕਿਸੇ ਦੇ ਨਹੀਂ ਕਸੀਦੇ ਉਚਰਨੇ,
ਬੇਸ਼ਕ ਮਿਲ਼ੇ ਜਾਂ ਨਾ ਮਿਲ਼ੇ ਈਨਾਮ ਦੀ ਪਰਵਾਹ ਨਹੀਂ।

ਜਜ਼ਬਾਤ ਵਹਿੰਦੇ ਰਹਿਣ ਦੇ ਮੈਂ ਸੋਚ ਕਾਬੂ ਕਰ ਲਊਂ,
ਦਿਲ ਨੂੰ ਸ਼ਫ਼ਾ ਦੇ ਐ ਖ਼ੁਦਾ ਸਰਸਾਮ ਦੀ ਪਰਵਾਹ ਨਹੀਂ।

ਹਰ ਆਦਮੀ ਵਿੱਚ ਕਾਮਨਾਵਾਂ ਦਾ ਅਜਬ ਇੱਕ ਸ਼ੋਰ ਹੈ,
ਦੀਵਾਨਿਆਂ ਨੂੰ ਮਨ ਦੇ ਇਸ ਕੋਹਰਾਮ ਦੀ ਪਰਵਾਹ ਨਹੀਂ।

ਗੁਮਨਾਮ ਹਾਂ ਬੇਨਾਮ ਨਹੀਂ ਅਸ਼ਕੇ ਮੇਰੀ ਆਵਾਰਗੀ,
ਹਮਰਾਜ਼ ਨੂੰ ਸਜਦਾ ਕਰਾਂ ਹਮਨਾਮ ਦੀ ਪਰਵਾਹ ਨਹੀਂ।

•



❑

ਚਾਹਤਾਂ, ਰੀਝਾਂ, ਅਧੂਰੇ ਸੁਫ਼ਨਿਆਂ ਦੇ ਹਾਦਸੇ।
ਜ਼ਿੰਦਗੀ ਵਿੱਚ ਰਹਿਣ ਹੁੰਦੇ ਜਜ਼ਬਿਆਂ ਦੇ ਹਾਦਸੇ।

ਵੀਹ, ਬਤਾਲੀ, ਸੱਠ, ਬਹੱਤਰ, ਉਮਰ ਕਿੰਨੀ ਵੀ ਤੇਰੀ,
ਦਿਲ ਜਵਾਂ ਰੱਖ ਗਿਣਤੀਆਂ ਤਾਂ ਹਿੰਦਸਿਆਂ ਦੇ ਹਾਦਸੇ।

ਹੁਣ ਜਮ੍ਹਾਖੋਰੀ ਪਰਿੰਦੇ ਕਰ ਰਹੇ ਨੇ ਚੋਗ ਦੀ,
ਜੰਗਲਾਂ ਵਿੱਚ ਆਣ ਪਹੁੰਚੇ ਕਸਬਿਆਂ ਦੇ ਹਾਦਸੇ।

ਜਗਹਸਾਈ ਦੇ ਬਿਨਾ ਕੁਝ ਹੋਰ ਪੱਲੇ ਨਾ ਪਊ,
ਜੇ ਚੁਰਾਹੇ ਵਿੱਚ ਲਿਆਂਦੇ ਕਮਰਿਆਂ ਦੇ ਹਾਦਸੇ।

ਖ਼ੌਫ਼, ਠੋਕਰ, ਪਿਆਸ, ਭਟਕਣ ਤੇ ਰੁਕਾਵਟ ਵਾਟ ਦੀ,
ਰਹਿਣਗੇ ਰਸਤਾ ਦਿਖਾਉਂਦੇ ਰਸਤਿਆਂ ਦੇ ਹਾਦਸੇ।

ਸਪਤਸਿੰਧੂ, ਪੰਚਨਦ, ਫਿਰ ਪੂਰਬੀ ਤੇ ਪੱਛਮੀ,
ਪਾਣੀਆਂ ਦੇਖੇ ਨੇ ਕਿੰਨੇ ਨਕਸ਼ਿਆਂ ਦੇ ਹਾਦਸੇ।

ਪਾਤਸ਼ਾਹੀ ਦਾਵ੍ਹਿਓਂ ਮੁਨਕਰ ਤੁਸੀਂ ਪੰਜਾਬੀਓ,
ਤਾਂ ਹੀ ਨਿਕਲੇ ਧੌਂਸਿਆਂ ’ਚੋਂ ਧਰਨਿਆਂ ਦੇ ਹਾਦਸੇ।

ਫੇਸਬੁੱਕ, ਇੰਸਟਾ, ਟਵਿਟਰ ਖਾ ਗਏ ਨੇ ਪੁਸਤਕਾਂ,
ਸ਼ਬਦ ਵਿਲਕਣ ਦੇਖ ਕੋਰੇ ਵਰਕਿਆਂ ਦੇ ਹਾਦਸੇ।

ਇੱਕ ਧਰਾਤਲ ’ਤੇ ਵਿਚਰ ਤੇ ਫਿਰ ਮੁਕਾਬਲ ਹੋ ਜਰਾ,
ਉਡਦਿਆਂ ਦੇ ਲਈ ਤਮਾਸ਼ਾ ਤੁਰਦਿਆਂ ਦੇ ਹਾਦਸੇ।

•

❑

ਲਟਾ-ਲਟ ਬਲ਼ ਰਹੇ ਅੱਖਰ ਜੋ ਏਨ੍ਹਾਂ ਪੁਸਤਕਾਂ ਅੰਦਰ।
ਜਗਾਉਂਦੇ ਗਿਆਨ ਦਾ ਦੀਵਾ ਮਨਾਂ ਅੰਦਰ, ਸਿਰਾਂ ਅੰਦਰ।

ਅਸੀਂ ਮਰਨੋਂ ਨਹੀਂ ਡਰਦੇ ਤੇ ਕੰਬਣ ਹੱਥ ਓਹਨਾ ਦੇ,
ਅਸਾਡੇ ਸਿਦਕ ਦਾ ਹੈ ਖ਼ੌਫ਼ ਕਿੰਨਾ ਕਾਤਲਾਂ ਅੰਦਰ।

ਤੂੰ ਦੂਰੋਂ ਸ਼ੋਰ ਸੁਣਕੇ ਹੀ ਡਰਾਕਲ਼ ਸਮਝਿਆ ਸਾਨੂੰ,
ਉਹ ਚੀਕਾਂ ਨਈਂ, ਅਸਾਡੇ ਕਹਿਕਹੇ ਸਨ ਮਕਤਲਾਂ ਅੰਦਰ।

ਕਿਸੇ ਦੀ ਧੀ ਬਣੀ ਜਦ ਹੀਰ ਬਾਹਰ ਆ ਕਹਾਣੀ 'ਚੋਂ,
ਮਚੀ ਇੱਕ ਖਲਬਲੀ ਜੇਹੀ ਉਹਦੇ ਸਭ ਘਰਦਿਆਂ ਅੰਦਰ।

ਇਹ ਪਰਦਾਦਾਰੀਆਂ ਵਿੱਚ ਕੌਣ ਪਹਿਲਾ ਕੌਣ ਹੈ ਦੂਜਾ,
ਇਹ ਕੇਹੀ ਬਹਿਸ ਛਿੜ ਪਈ ਖਿੜਕੀਆਂ ਤੇ ਪਰਦਿਆਂ ਅੰਦਰ।

ਅਸੀਂ ਜੇਤੂ ਹਾਂ ਜੰਗਾਂ ਦੇ ਇਹ ਦਾਅਵਾ ਤਾਂ ਨਹੀਂ ਕਰਦੇ,
ਕਦੀ ਪਰ ਜ਼ਖ਼ਮ ਵੀ ਪਿੱਠ 'ਤੇ ਨਹੀਂ ਖਾਧੇ ਰਣਾਂ ਅੰਦਰ।

ਮਕਾਨਾਂ ਨੂੰ ਬਚਾਇਆ ਜੇਸ ਥਾਂ 'ਤੇ ਨੌਕਰੀ ਕਰਕੇ,
ਉਨ੍ਹਾਂ ਹੀ ਦਫ਼ਤਰਾਂ ਕੀਤਾ ਟਿਕਾਣਾ ਆ ਘਰਾਂ ਅੰਦਰ।

ਉਹ ਬਚਪਨ, ਚੁਲਬਲਾਪਨ, ਮਸਤਮੌਲ਼ੀ ਅਉਧ ਮੁੜ ਆਵੇ,
ਚਲੋ ਅੱਜ ਦੇਖੀਏ ਭਿੱਜਕੇ, ਅਸੀਂ ਵੀ ਬਾਰਿਸ਼ਾਂ ਅੰਦਰ।

ਸੁਨਹਿਰੀ ਪਿੰਜਰਿਆਂ ਵਿੱਚ ਚੋਗ ਹੈ ਐਪਰ ਅਜ਼ਾਦੀ ਨਈਂ,
ਪਰਿੰਦੇ ਦੀ ਉਡਾਰੀ ਤੜਫਦੀ ਮਰ ਗਈ ਪਰਾਂ ਅੰਦਰ।

•



❑

ਜੰਗਲ ਦੇ ਵਿੱਚ ਮੰਗਲ ਲੱਗੇ ਕੀ ਕਰਨੇ।
ਪੱਤੇ ਰੁੱਖ ਦਾ ਅੰਸ਼ ਹੋਣ ਤੋਂ ਮੁਨਕਰ ਨੇ।

ਮੇਰਾ ਕੁਣਬਾ ਹੀ ਅੱਜ ਮੈਨੂੰ ਫੂਕ ਰਿਹੈ,
ਰਾਮ ਦੁਹਾਈ ਪਾਈ ਸੜਦੇ ਦਹਿਸਰ ਨੇ।

ਅੱਜ-ਕੱਲ੍ਹ ਚਰਚੇ ਉਸਦੀ ਸੂਰਮਤਾਈ ਦੇ,
ਤਿਤਲੀ ਜ਼ਖਮੀ ਕੀਤੀ ਜਿਸਦੇ ਖੰਜਰ ਨੇ।

ਰੱਖਿਆ-ਕਵਚ ਨੇ ਤੇਰੀ ਰੱਖਿਆ ਕੀ ਕਰਨੀ,
ਰੂਹ ਨੂੰ ਖੋਰਾ ਲਾਇਆ ਹੈ ਮਨ ਦੇ ਡਰ ਨੇ।

ਕਲ ਕਲ ਵਹਿੰਦੇ ਦਿਲ-ਦਰਿਆਵਾਂ ਸੁੱਕ ਜਾਣਾ,
ਘਰ ਵਿੱਚ ਪੈਰ ਜੇ ਪਾ ਲਿਆ ਕਲਾ-ਕਲੰਦਰ ਨੇ।

ਕਾਇਮ ਰਹਿ ਮੈਂ ਫੇਰ ਦੁਬਾਰਾ ਉੱਭਰਾਂਗਾ,
ਨੀਂਹ ਨੂੰ ਇਹ ਸੂਤਰ ਸਮਝਾਇਆ ਖੰਡਰ ਨੇ।

ਧਾਰ ਲਗਾਉਂਦਾ ਰਹੁ ਤੂੰ ਅਪਣੇ ਖ਼ੰਜਰ ਦੀ,
ਮੇਰੀ ਪਿੱਠ ਦੇ ਫੱਟ ਜਦੋਂ ਤੱਕ ਆਠਰਨੇ।

ਪਿਆਰ-ਪਰਿੰਦਾ ਦਿਲੋਂ ਉਡਾਰੀ ਮਾਰ ਗਿਆ,
ਦੇਖ-ਦੇਖ ਕੇ ਬੇਦਿਲ ਬੰਦਿਆਂ ਦੇ ਡਰਨੇ।

•

❑

ਅੰਦਰੋਂ ਟੁੱਟ ਨਾ ਜਾਣ ਇਹ ਮਾਪੇ ਗੰਢਦੇ-ਗੰਢਦੇ ਘਰ ਨੂੰ।
ਬੋਟ ਉਡਾਰੂ ਹੋ ਕੇ ਉੱਡਣੇ ਆਲ੍ਹਣਿਓਂ ਆਖਰ ਨੂੰ।

ਅਪਣੀ ਚਾਲੇ ਚਲਦਾ ਹਾਂ ਮੈਂ "ਵਡਿਆ ਸਿਉ ਕਿਆ ਰੀਸ",
ਦਰਿਆ ਦੀ ਹਸਤੀ ਮਿਟ ਜਾਵੇ ਮਿਲਦਾ ਜਦ ਸਾਗਰ ਨੂੰ।

ਭਰ ਕੇ ਖਾਲੀ ਹੋਣ ਦੀ ਪੀੜਾ ਤੇਹਾਂ ਤੋਂ ਵੀ ਤਿੱਖੜੀ,
ਬੁਝ ਗਈ ਪਿਆਸ ਮੇਰੀ ਸੀ ਮਿਲਕੇ ਇੱਕ ਸੁੱਕੇ ਸਰਵਰ ਨੂੰ।

ਬੰਜਰ ਧਰਤੀ ਦੇ ਵਿੱਚ ਲੱਗੇ ਫੁੱਲ ਪਿਆਰ ਦੇ ਟਹਿਕਣ,
ਖ਼ੁਸ਼ਦਿਲੀਆਂ ਦਾ ਸਾਰਾ ਸਿਹਰਾ ਜਾਂਦਾ ਹੈ ਦਿਲਬਰ ਨੂੰ।

ਪੀੜਾਂ, ਚੀਸਾਂ, ਗ਼ਮ ਤੇ ਹਾਉਕੇ, ਛੱਲਾਂ ਬਣ-ਬਣ ਆਏ,
ਮਨ ਦੀ ਝੀਲ 'ਚ ਜਦ ਮੈਂ ਸੁੱਟਿਆ ਯਾਦਾਂ ਦੀ ਠੀਕਰ ਨੂੰ।

ਸਫ਼ਰ 'ਚ ਬਚਕੇ ਰਾਹਜ਼ਨੀ ਤੋਂ ਤੇਰੀ ਰਾਹਗੁਜ਼ਰ ਦਾ,
ਨਕਸ਼ਾ ਮੇਰੇ ਸਾਹਵੇਂ ਪੁੱਛਿਆ ਰਾਹਜ਼ਨ ਨੇ ਰਹਿਬਰ ਨੂੰ।

ਗੜ੍ਹੀ, ਦੀਵਾਰ, ਥੜ੍ਹੇ ਤੇ ਬੁੰਗੇ, ਕਾਰਸੇਵਾ ਨੇ ਨਿਗਲੇ,
ਮੱਥੇ ਟੇਕ ਰਹੇ ਸ਼ਰਧਾਲੂ ਮਹਿੰਗੇ ਸੰਗਮਰਮਰ ਨੂੰ।

ਨਸਰ, ਨਜ਼ਮ ਤੇ ਨਗ਼ਮਾ ਸਭ ਦੀ ਆਪੋ-ਅਪਣੀ ਖ਼ੂਬੀ,
ਗ਼ਜ਼ਲ ਦੀ ਜ਼ਿੰਮੇਵਾਰੀ ਭਰਨਾ ਗਾਗਰ ਵਿੱਚ ਸਾਗਰ ਨੂੰ।

•



❑

ਪੈਰੀਂ ਪੁੜਿਆ ਕੰਡਾ ਸਾਨੂੰ ਅਪਣੇ ਹੱਥੀਂ ਕੱਢਣਾ ਪੈਣਾ।
ਮਤਲਬਖੋਰੇ ਹਮਸਫ਼ਰਾਂ ਨੂੰ ਰਸਤੇ ਵਿੱਚ ਹੀ ਛੱਡਣਾ ਪੈਣਾ।

ਜ਼ੋਰਾਵਰ ਦਾ ਇਸ਼ਕ ਦੇਖਿਆ ਮੁੱਢ ਕਦੀਮੋਂ ਹੀ ਇੱਕਤਰਫਾ,
ਨਦੀਏ ਤੈਨੂੰ ਹੀ ਹਰ ਹਾਲਤ ਸਾਗਰ ਵੱਲ ਨੂੰ ਵਗਣਾ ਪੈਣਾ।

ਅਪਣੇ ਨੁਕਸ ਦਾ ਕਾਰਣ ਵੀ ਤੂੰ ਦੂਸਰਿਆਂ ਨੂੰ ਸਮਝੀ ਜਾਵੇਂ,
ਐਵੇਂ ਬਦਲੀ ਜਾਹ ਨਾ ਸ਼ੀਸ਼ੇ ਅਪਣਾ ਕਜ ਹੀ ਕੱਜਣਾ ਪੈਣਾ।

ਅੱਗੇ ਖੂਹ ਤੇ ਪਿੱਛੇ ਖਾਤਾ, ਐਸਾ ਮੋੜ ਕਸੂਤਾ ਆਇਆ,
ਕਦਮ ਵਧਾਅ, ਰਾਹ ਬਣ ਜਾਵੇਗਾ, ਮਰਦੇ ਨੂੰ ਅੱਕ ਚੱਬਣਾ ਪੈਣਾ।

"ਕੋਊ ਕਿਸੀ ਕੋ ਰਾਜ ਨਾ ਦੇਹੈ, ਜੋ ਲੇਹੈ ਨਿਜ ਬਲ ਸੇ ਲੇਹੈ",
ਅਪਣੇ ਘਰ ਚਾਨਣ ਲਈ ਆਪੇ ਮੱਚਣਾ, ਮਘਣਾ, ਜਗਣਾ ਪੈਣਾ।

"ਸਾਵਲ ਸੁੰਦਰ ਰਾਮਈਆ ਮੇਰਾ ਮਨ ਲਾਗਾ ਤੋਹਿ" ਜੇ ਗੌਣਾਂ,
ਮੋਮੋਠਗਣੀ ਆਦਤ ਛੱਡਕੇ ਸੋਹਣੇ ਦਾ ਦਿਲ ਠੱਗਣਾ ਪੈਣਾ।

ਬਹੁਤਾ ਪੜ੍ਹਿਆ-ਲਿਖਿਆ ਨਹੀਂ ਹਾਂ ਮੇਰਾ ਸ਼ਬਦਕੋਸ਼ ਵੀ ਸੀਮਤ,
ਹਾਦਸਿਆਂ ਤੇ ਅਨੁਭਵ 'ਚੋਂ ਹੀ ਗ਼ਜ਼ਲਾਂ ਲਈ ਕੁਝ ਲੱਭਣਾ ਪੈਣਾ।

ਸਾਹਿਤ ਸਭਾਵਾਂ ਦੇ ਅਹੁਦੇ ਲਈ, ਪੁਸਤਕ ਇੱਕ ਛਪਵਾ ਲੈ 'ਸਿੱਧੂ',
ਲਿਖਣਾ ਆਵੇ ਜਾਂ ਨਾ ਆਵੇ, ਕਲਮਕਾਰ ਜਿਹਾ ਲੱਗਣਾ ਪੈਣਾ।

•

❑
ਦਿਲ ਜਜ਼ੀਰਾ ਬਦਨ ਸਮੁੰਦਰ ਹੈ।
ਖ਼ੂਬਸੂਰਤ ਅਨੂਪ ਮੰਜ਼ਰ ਹੈ।

ਛਾਣ ਵਣ ਤ੍ਰਿਣ ਭਲਾ ਮਿਲੂ ਦੱਸ ਕੀ,
ਸਭ ਖ਼ੁਦਾਈ ਤੇਰੇ ਹੀ ਅੰਦਰ ਹੈ।

ਭੌਰ-ਭੌਰਾ, ਅਡੋਲ ਨਾ ਕੁਸਕੇ,
ਡਰ 'ਚ ਗੁੰਮ-ਸੁੰਮ, ਅਜੇ ਵੀ ਖੰਡਰ ਹੈ।



ਲੋਕਤੰਤਰ 'ਚ ਸਿਰ ਗਿਣੇ ਹਾਕਮ,
ਹੋਰ ਕੀ ਹੈ? ਨਿਰ੍ਹਾ ਅਡੰਬਰ ਹੈ।

ਰਾਮ-ਰੌਲ਼ੇ 'ਚ ਰਾਮ ਜੀ ਕਿੱਥੇ?
ਧਾਮ, ਗਿਰਜਾ, ਮਸੀਤ ਮੰਦਰ ਹੈ।

ਹਰਫ਼ ਪੂਜਾ, ਤੇ ਹਰਫ਼ ਹੀ ਤੀਰਥ,
ਹਰਫ਼ ਹੀ ਪੀਰ, ਗੁਰ, ਪਗੰਬਰ ਹੈ।

ਮੁਸਕਰਾਉਂਦਾ, ਜੋ ਮੌਤ ਦੀ ਛਾਂਵੇਂ,
ਹਾਂ! ਮੁਕੱਦਰ ਦਾ ਉਹ ਸਿਕੰਦਰ ਹੈ।

ਭਟਕਣਾ ਛੱਡ, ਨਿਵਾਸ ਰੱਖ ਹਿਰਦੇ,
ਮਨ ਹੈ ਮੰਦਰ, ਬਦਨ ਕਲੰਦਰ ਹੈ।

ਦਿਨ-ਬ-ਦਿਨ ਸੋਚ ਹੋ ਰਹੀ ਜ਼ਹਿਰੀ,
ਜੀਭ ਨਾਗਣ, ਨਿਗ੍ਹਾ ਵੀ ਖ਼ੰਜਰ ਹੈ।

ਖੋਜ ਬ੍ਰਹਿਮੰਡ, ਪਰ ਤੇਰਾ ਜੀਵਨ,
ਪੌਣ, ਪਾਣੀ, ਜ਼ਮੀਨ, ਅੰਬਰ ਹੈ।

ਨਾਮ 'ਗੁਰਮੀਤ' ਗੋਤ ਹੈ 'ਸਿੱਧੂ',
ਘਰ ਦੁਆਬਾ, ਜ਼ਿਲ੍ਹਾ ਜਲੰਧਰ ਹੈ।
•

❑

ਦੀਵਿਆਂ ਵਾਂਗ ਹੀ ਜਗਮਗਾ ਸ਼ਾਇਰਾ,
ਲਾਟ ਹੇਠਾਂ ਹਨੇਰੇ ਲੁਕੇ ਰਹਿਣਗੇ।
ਸ਼ਬਦ ਬਾਲ਼ੀਂ ਜ਼ਮਾਨਾ ਤੂੰ ਰੌਸ਼ਨ ਕਰੀਂ,
ਕਾਣ ਕੱਢਦੇ ਤੇਰੇ ਵਿੱਚ ਬੜੇ ਰਹਿਣਗੇ।

ਢੀਠ ਹਾਕਮ ਦੇ ਲਾਰੇ ਨੇ ਬੁੱਲ੍ਹ ਊਠ ਦਾ,
ਝਾਕ ਵਿੱਚ ਨਾ ਗੁਆ ਲਈਂ ਸਮਾਂ ਆਪਣਾ,
ਧਰ ਕੇ ਹੱਥਾਂ ’ਤੇ ਹੱਥ ਨੇ ਜਿਹੜੇ ਬੈਠ ਗਏ,
ਹੱਥ ਉਨ੍ਹਾਂ ਦੇ ’ਚ ਠੂਠੇ ਫੜ੍ਹੇ ਰਹਿਣਗੇ।

ਸਿਰ ਉਠਾ ਕਿਰਤੀਆ ਖੋਹ ਲੈ ਹੱਕ ਰਾਠ ਤੋਂ,
ਤੂੰ ਗੁਲਾਮੀ ’ਚ ਝੁਕਿਆ ਖੜ੍ਹਾ ਕਾਸ ਤੋਂ,
ਜੀਂਦਿਆਂ ਮਰ ਗਏ ਮੁੜ ਨਾ ਉੱਠਣੇ ਕਦੀ,
ਹੀਣਤਾ ਵਿੱਚ ਇਹ ਸਿਰ ਜੋ ਝੁਕੇ ਰਹਿਣਗੇ।



ਵਡ-ਵਡੇਰੇ ਅਸਾਡੇ ਬਿਮਲ ਬਿਰਖ ਨੇ,
ਆਰ-ਪਰਿਵਾਰ, ਫੁੱਲ, ਫਲ਼ ਉਸੇ ਬਿਰਖ ਦੇ,
ਟਾਹਣੀਆਂ, ਪੱਤੀਆਂ ਵੀ ਸਲਾਮਤ ਤਦੇ,
ਜੇ ਹਰੇ ਓਹ ਜੜ੍ਹਾਂ ਤੇ ਤਣੇ ਰਹਿਣਗੇ।

ਇਸ਼ਕ ਦੀ ਰਾਹ ਬਿਰਹੋਂ ਦੇ ਕੰਡਿਆਂ ਭਰੀ,
ਤੁਰ ਪਿਆਂ ਜਾਨ ਅਪਣੀ ਮੈਂ ਧਰ ਕੇ ਤਲੀ,
ਜਾਣਦਾ ਹਾਂ ਕਿ ਬਿਖੜੇ ਮੇਰੇ ਰਾਹ ’ਤੇ,
ਦਿਲ ਜਿਗਰ ਵਿੱਚ ਇਹ ਕੰਡੇ ਪੁੜੇ ਰਹਿਣਗੇ।

ਬੀਤ ਉਮਰਾ ਗਈ ਪਰ ਨਾ ਤਿਗੜਮ ਲੜੀ,
ਤੇ ਨਾ ਲਾਉਣੀ ਬੁਝਾਉਣੀ ਹੀ ਆਈ ਕਦੀ,
ਗੀਤ ਮੇਰੇ ਅਵਾਜੋਂ ਬਿਨਾਂ ਦਿਲ ਦੀਆਂ,
ਕਾਪੀਆਂ ’ਤੇ ਹੀ ਲੱਗਦਾ ਲਿਖੇ ਰਹਿਣਗੇ।

ਸ਼ੋਰ ਦੂਸ਼ਿਤ ਕਰੇਗਾ ਤੇਰੀ ਜ਼ਿੰਦਗੀ,
ਸੁਰਸਤੀ ਜੇ ਸੁਰਾਂ ਦੀ ਨਾ ਦੇਵੀ ਰਹੀ,
ਲੱਛਮੀ ਆਸਰੇ ਗੀਤ ਸੰਗੀਤ ਨੂੰ,
ਲੇਂਝ ਬਣ ਚੰਬੜੇ ਬੇਸੁਰੇ ਰਹਿਣਗੇ।

ਆਪਣੀ ਧੁਨ ’ਚ ਹੀ ਮਸਤ ‘ਸਿੱਧੂ’ ਰਹੀਂ,
ਵਾਜ ਦਿਲ ਦੀ ਸੁਣੀਂ, ਬਾਤ ਦਿਲ ਦੀ ਕਹੀਂ,
ਕਿਉਂ ਲਿਖੇਂ ਅਹੁ ਅਤੇ ਕਿਉਂ ਨਾ ਆਹ ਤੂੰ ਲਿਖੇਂ ?
ਸਵਾਲ ਹੁੰਦੇ ਇਹ ਕਈ ਬੇਤੁਕੇ ਰਹਿਣਗੇ।

•

❑

ਹਰਫ਼ਾਂ ਦਾ ਇੱਕ ਜਗਦਾ ਦੀਵਾ, ਮਨ ਮੰਦਰ ਵਿੱਚ ਧਰ ਜਾਣਾ ਹੈ।
ਅੰਦਰਲਾ ਚਾਨਣ ਮੈਂ ਆਪਣੇ ਆਪ, ਉਜਾਗਰ ਕਰ ਜਾਣਾ ਹੈ।

ਗੁਲਸ਼ਨ ਨੂੰ ਬੇਦਾਵਾ ਦੇ ਕੇ, ਫੁੱਲ ਬਾਜ਼ਾਰੀਂ ਵਿਕਣ ਤੁਰੇ ਤੇ,
ਫ਼ਿਕਰ ਵੀ ਹੈ ਕਿ ਫੁੱਲਵਾੜੀ ਨੇ, ਕੰਡਿਆਂ ਦੇ ਨਾਲ਼ ਭਰ ਜਾਣਾ ਹੈ।

ਵਸਲੀ ਪਲ 'ਚੋਂ ਉਮਰ ਚੁਰਾ ਕੇ ਜ਼ਿੰਦਗੀ ਜੀ ਲੈ, ਨਹੀਂ ਤਾਂ ਆਪਾਂ,
ਸਾਰੀ ਜ਼ਿੰਦਗੀ, ਜ਼ਿੰਦਗੀ ਵਿੱਚੋਂ, ਜ਼ਿੰਦਗੀ ਲੱਭਦਿਆਂ ਮਰ ਜਾਣਾ ਹੈ।

ਭਵਸਾਗਰ ਵਿੱਚ ਗ਼ਰਕ ਜਾਣ ਦੇ, ਮੈਨੂੰ ਨਾ ਤੂੰ ਦਈਂ ਡਰਾਵੇ,
ਪਿਆਰ 'ਚ ਨੱਕੋ-ਨੱਕ ਡੁੱਬ ਕੇ ਮੈਂ, ਇਹ ਸਾਗਰ ਵੀ ਤਰ ਜਾਣਾ ਹੈ।

"ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥"
ਇਸ ਬੂਟੇ ਦੀਆਂ ਲਗਰਾਂ 'ਚੋਂ, ਇੱਕ ਜੰਗਲ ਫੈਲਰ ਜਾਣਾ ਹੈ।

ਮਾਂ ਨੂੰ ਘਰ ਵਿੱਚ ਕੱਲੀ ਛੱਡ ਕੇ, ਤੁਰ ਗਏ ਬੱਚਿਓ ਚੇਤੇ ਰੱਖਿਓ!
ਫੁੱਲਾਂ 'ਤੋਂ ਵਿੱਛੜ ਕੇ ਸੁੰਨੀ ਟਹਿਣੀ ਨੇ ਓਦਰ ਜਾਣਾ ਹੈ।

ਇਸ਼ਕ ਮਿਜ਼ਾਜੀ ਦੇ ਵਿੱਚ ਜੇਕਰ ਹਵਸ ਹਰਾਰਤ ਨਾ ਹੋਈ ਤਾਂ,
ਚਾਵਾਂ ਤੋਂ ਚਾਮ੍ਹਲ ਨਹੀਂ ਹੋਣਾ ਤੇ ਜੁੱਸਿਆਂ ਨੇ ਠਰ ਜਾਣਾ ਹੈ।
•



❑

ਧਰਤੀ ਕੰਬੀ, ਅੰਬਰ ਫਟਿਆ, ਭੁੱਬਾਂ ਮਾਰਨ ਤਾਰੇ।
ਬਸਤੀ ਵਾਲੇ ਜੰਗਲ ਵੱਲ ਨੂੰ ਤੁਰ ਪਏ ਲੈ ਕੇ ਆਰੇ।

ਕੌਣ ਕਰੇ ਫੁੱਲਾਂ ਦੀ ਰਾਖੀ ਚਾਰੇ ਪਾਸੇ ਅੱਗਾਂ,
ਮਾਲੀ ਹੀ ਹੁਣ ਬੀਜ ਰਹੇ ਨੇ ਗੁਲਸ਼ਨ ਵਿੱਚ ਅੰਗਿਆਰੇ।

ਭਵਸਾਗਰ ਵਿੱਚ ਠਿੱਲ੍ਹਣੋਂ ਪਹਿਲਾਂ ਸੋਚ ਕਿਹਦਾ ਲੜ ਫੜਨਾ,
ਪੱਥਰ ਡੋਬੇ, ਐਪਰ ਅੱਖਰ, ਡੁੱਬਦਾ ਪਾਰ ਉਤਾਰੇ।

ਝੂਠੇ ਜਗ-ਦਿਖਾਵੇ ਖਾਤਰ, ਹਰ ਇੱਕ ਪੰਛੀ ਤਾਈਂ,
ਰੁੰਡ-ਮਰੁੰਡੇ ਬਿਰਖਾਂ ਲਾਏ, ਆਲ੍ਹਣਿਆਂ ਦੇ ਲਾਰੇ।

ਬਲ਼ਦੀ ਬਰਫ਼, ਪਿਘਲਦੇ ਪੱਥਰ, ਪੌਣਾਂ ਦਾ ਦਮ ਘੁਟਿਆ,
ਹੋਰ ਕਿਆਮਤ ਲਈ ਹੁਣ ਕੁਦਰਤ ਕਿੰਨੇ ਕਰੇ ਇਸ਼ਾਰੇ।

ਸਾਡੀ ਮਿੱਟੀ ਵਿੱਚ ਬਗ਼ਾਵਤ, ਤੇਰਾ ਕੁਣਬਾ ਜ਼ਾਲਿਮ,
ਤਾਂ ਹੀ ਅਪਣੀ ਆਪਸ ਦੇ ਵਿੱਚ ਬਣਦੀ ਨਹੀਂ ਸਰਕਾਰੇ।

ਬਹਿ ਪਰਦੇਸੀਂ ਸੋਚ ਰਿਹਾਂ ਕਿ ਸੁੰਨਾ ਘਰ ਪਿੰਡ ਵਾਲਾ,
ਖ਼ਸਤਾ ਹਾਲਤ ਵਿੱਚ ਉਹ ਸ਼ਾਇਦ ਹੀ ਬਰਸਾਤ ਸਹਾਰੇ।
•••